New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ • ਮਨੀ ਬੈਕ ਟਰਮ ਇੰਸ਼ੋਰੈਂਸ • ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 | 21 February, 2025 | C | ੧੦ ਫੱਗਣ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
icc.accounting@yahoo.ca
8740 - 140A St., Surrey, BC V3W 0M4

# ਸਰੀ 'ਚ ਦੋ ਐਲਿਮੈਂਟਰੀ ਸਕੂਲ ਖਚਾ-ਖਚ ਭਰੇ, 2025-26 ਲਈ ਨਵੀਂ ਰਜਿਸਟ੍ਰੇਸ਼ਨ ਕੀਤੀ ਬੰਦ



**ਸਰੀ, (ਸਿਮਰਨਜੀਤ ਸਿੰਘ):** ਫੋਰਸਾਇਥ ਰੋਡ, ਬੇਰਿਜ ਐਲਿਮੈਂਟਰੀ 2025-26 ਸੈਸ਼ਨ ਲਈ ਨਵੇਂ ਵਿਦਿਆਰਥੀਆਂ ਨੂੰ ਨਹੀਂ ਦੇਣਗੇ ਦਾਖ਼ਲਾ

ਸਰੀ: ਸ਼ਹਿਰ ਵਿੱਚ ਦੋ ਐਲਿਮੈਂਟਰੀ ਸਕੂਲ ਅਗਲੇ ਸੈਸ਼ਨ 2025-26 ਲਈ ਨਵੀਆਂ ਰਜਿਸਟ੍ਰੇਸ਼ਨਾਂ ਲੈਣ 'ਚ ਅਸਮਰੱਥ ਹੋ ਗਏ ਹਨ, ਕਿਉਂਕਿ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਵਧ ਗਈ ਹੈ।

12 ਫਰਵਰੀ ਨੂੰ ਹੋਈ ਸਰੀ ਸਕੂਲ ਬੋਰਡ ਮੀਟਿੰਗ ਵਿੱਚ ਡਿਪਟੀ ਸੁਪਰਿੰਟੈਂਡੈਂਟ ਐਂਡਰੂ ਹੌਲੈਂਡ ਨੇ ਦੱਸਿਆ ਕਿ 1 ਅਕਤੂਬਰ 2024 ਤੋਂ 10 ਫਰਵਰੀ 2025 ਤੱਕ, ਸਰੀ ਵਿੱਚ ਕੇ-12 ਵਿਦਿਆਰਥੀਆਂ ਦੀ ਗਿਣਤੀ 'ਚ 386 ਵਿਦਿਆਰਥੀਆਂ ਦਾ ਵਾਧਾ ਹੋਇਆ ਹੈ।

ਹੁਣ ਸਰੀ ਜ਼ਿਲ੍ਹੇ ਦੇ ਸਕੂਲਾਂ ਵਿੱਚ ਕੁੱਲ 82,243 ਵਿਦਿਆਰਥੀ ਹਨ, ਜਿਨ੍ਹਾਂ ਵਿੱਚ 79,414 ਕੇ-12 ਦੀ ਪੜ੍ਹਾਈ ਕਰ ਰਹੇ ਹਨ।

ਹੌਲੈਂਡ ਨੇ ਦੱਸਿਆ, "ਸਰੀ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਸਕੂਲਾਂ ਉੱਤੇ ਦਬਾਅ ਪੈ ਰਿਹਾ ਹੈ। ਦੋ ਸਕੂਲ, ਬੇਰਿਜ ਐਲਿਮੈਂਟਰੀ ਤੇ ਫੋਰਸਾਇਥ ਰੋਡ ਐਲਿਮੈਂਟਰੀ ਹੁਣ 2025-26 ਲਈ ਕਿਸੇ ਵੀ ਨਵੇਂ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਨਹੀਂ ਕਰ ਸਕਣਗੇ, ਕਿਉਂਕਿ ਇਹ ਪੂਰੀ ਤਰ੍ਹਾਂ ਭਰ ਚੁੱਕੇ ਹਨ।"

ਇਸ ਵਧ ਰਹੀ ਭੀੜ ਕਰਕੇ ਇਨ-ਕੈਚਮੈਂਟ ਉਨ੍ਹਾਂ ਇਲਾਕਿਆਂ ਦੇ ਵਿਦਿਆਰਥੀਆਂ ਨੂੰ ਹੋਰ ਨੇੜਲੇ ਸਕੂਲਾਂ 'ਚ ਭੇਜਣ ਦੀ ਯੋਜਨਾ ਬਣਾਈ ਗਈ ਹੈ।

ਉਧਰ ਫੋਰਸਾਇਥ ਰੋਡ ਐਲਿਮੈਂਟਰੀ ਦੀ ਭੀੜ ਘਟਾਉਣ ਲਈ

☛ ਬਾਕੀ ਸਫ਼ਾ 3 'ਤੇ

# ਸਰੀ ਸਕੂਲ ਦੀ ਵਿਦਿਆਰਥਣ ਬੀ.ਸੀ. ਮਹਿਲਾ ਐਥਲੀਟ ਐਵਾਰਡ ਲਈ ਨਾਮਜ਼ਦ

## 6 ਮਾਰਚ ਨੂੰ ਬੀ.ਸੀ. ਸਪੋਰਟਸ ਐਵਾਰਡ ਦਾ ਕੀਤਾ ਜਾਵੇਗਾ ਆਯੋਜਿਤ



**ਸਰੀ, (ਸਿਮਰਨਜੀਤ ਸਿੰਘ):** 16 ਸਾਲ ਦੀ ਤਾਲੀਆ ਫੰਗੂਰਾ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਨਾਲ ਰਿਕਾਰਡ ਤੋੜ ਰਹੀ ਹੈ ਅਤੇ ਤਮਗ਼ੇ ਜਿੱਤ ਰਹੀ ਹੈ, ਉਸ ਨੂੰ ਇਹ ਉਮੀਦ ਹੈ ਕਿ ਇਹ ਸਫਲਤਾਵਾਂ ਉਸ ਨੂੰ ਅਮਰੀਕੀ ਯੂਨੀਵਰਸਿਟੀ ਵਿੱਚ ਸਕਾਲਰਸ਼ਿਪ ਦਿਵਾਏਗੀ।

ਤਾਲੀਆ ਬੀ.ਸੀ. ਦੇ 2025 'ਐਥਲੀਟ ਆਫ਼ ਦ ਈਅਰ' ਐਵਾਰਡ ਲਈ ਨਾਮਜ਼ਦ ਕੀਤੀ ਗਈ ਹੈ। ਉਸ ਨੇ ਸ਼ਾਟ ਪੁੱਟ, ਹੈਮਰ ਅਤੇ ਡਿਸਕਸ ਥ੍ਰੋ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਹ ਨੌਰਥ ਸਰੀ ਸਕੈਂਡਰੀ ਸਕੂਲ ਦੀ ਟੀਮ ਅਤੇ ਡਾਈਨਾਮੋ ਥ੍ਰੋਜ਼ ਕਲੱਬ ਲਈ ਖੇਡਦੀ ਹੈ। ਉਨ੍ਹਾਂ ਨੇ ਸੂਬਾਈ ਅਤੇ ਰਾਸ਼ਟਰੀ ਪੱਧਰ 'ਤੇ ਕਈ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਬੀ.ਸੀ. ਵਿੱਚ 6 ਮਾਰਚ ਨੂੰ ਬੀ.ਸੀ. ਸਪੋਰਟ ਐਵਾਰਡ ਹੋਣ ਜਾ ਰਹੇ ਹਨ। ਤਾਲੀਆ ਇਸ ਸਮੇਂ ਆਉਣ ਵਾਲੇ ਆਊਟਡੋਰ ਸੀਜ਼ਨ ਦੀ ਤਿਆਰੀ ਕਰ ਰਹੀ ਹੈ। ਉਹ ਹਫ਼ਤੇ 'ਚ ਚਾਰ ਵਾਰ ਨੌਰਥ ਸਰੀ ਤੇ ਮੈਪਲ ਰਿਜ਼ ਵਿੱਚ ਅਭਿਆਸ ਕਰਦੀ ਹੈ।

ਉਸ ਦੇ ਕੋਚ ਬਰੈਡ ਗ੍ਰਾਹਮ ਨੇ ਦੱਸਿਆ ਕਿ, "ਅਸੀਂ ਹਾਲ ਹੀ ਵਿੱਚ ਅਭਿਆਸ ਲਈ ਰਿੰਗ 'ਚੋਂ ਬਰਫ਼ ਹਟਾਈ ਹੈ, ਹੁਣ ਜਲਦੀ ਹੀ ਅਭਿਆਸ ਸ਼ੁਰੂ ਕਰਾਂਗੇ।"

ਜ਼ਿਕਰਯੋਗ ਹੈ ਕਿ ਤਾਲੀਆ ਨੇ 8 ਸਾਲ ਦੀ ਉਮਰ 'ਚ ਐਥਲੈਟਿਕਸ ਖੇਡਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ ਸੀ। ਉਸ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ "ਮੈਂ ਆਪਣੇ ਸਕੂਲ ਡਿਸਟ੍ਰਿਕਟ ਖੇਡ ਮੁਕਾਬਲੇ ਲਈ ਯੋਗਤਾ ਹਾਸਲ ਕੀਤੀ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਮੇਰੀ

☛ ਬਾਕੀ ਸਫ਼ਾ 3 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

Satya Asha FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm | SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
Gagan Chahal R.D.
Registered Denturist
Book Your Appointment
778-600-0811 6834 King George Blvd Surrey BC | 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Pest Control
RESIDENTIAL & COMMERCIALS
SAFE EFFECTIVE SOLUTIONS
Rats, Mice | Ant, Fire Brats | House Flies | Termites | Spider | Fleas | Bed Bugs | Cockroaches | Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਸਿੱਖ ਜਥੇਬੰਦੀਆਂ ਵੱਲੋਂ ਭਾਈ ਨਿੱਝਰ ਕਤਲ ਮਾਮਲੇ ਲਈ ਇਨਸਾਫ਼ ਦੀ ਮੰਗ

### ਵੈਨਕੂਵਰ ਸਥਿੱਤ ਭਾਰਤੀ ਦੂਤਾਵਾਸ ਦੇ ਬਾਹਰ ਸਿੱਖ ਜਥੇਬੰਦੀਆਂ ਵਲੋਂ ਵਿਰੋਧ-ਪ੍ਰਦਰਸ਼ਨ



**ਵੈਨਕੂਵਰ :** ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ 600 ਦਿਨ ਹੋਣ 'ਤੇ ਸਿੱਖ ਜਥੇਬੰਦੀਆਂ ਵਲੋਂ ਵੈਨਕੂਵਰ 'ਚ ਭਾਰਤੀ ਦੂਤਾਵਾਸ ਬਾਹਰ ਵਿਰੋਧ-ਪ੍ਰਦਰਸ਼ਨ ਕੀਤਾ ਗਿਆ।

ਬੀਤੇ ਦਿਨੀਂ ਸਟਰੀਟ 325 ਤੇ ਸਥਿਤ ਭਾਰਤੀ ਦੂਤਾਵਾਸ ਬਾਹਰ ਸਿੱਖ ਜਥੇਬੰਦੀਆਂ ਵਲੋਂ ਭਾਈ ਨਿੱਝਰ ਦੀ ਹਤਿਆ 'ਚ ਭਾਰਤ ਸਰਕਾਰ ਦੀ ਸੰਭਾਵਿਤ ਭੂਮਿਕਾ 'ਤੇ ਨਿਆਂ ਦੀ ਮੰਗ ਕੀਤੀ ਗਈ।

ਜ਼ਿਕਰਯੋਗ ਹੈ ਕਿ 45 ਸਾਲਾ ਹਰਦੀਪ ਸਿੰਘ ਨਿੱਝਰ ਨੂੰ 18 ਜੂਨ, 2023 ਨੂੰ ਸਰੀ 'ਚ 7000-ਬਲਾਕ ਸਕੌਟ ਰੋਡ 'ਤੇ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਲਾਟ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਸਿੱਖ ਜਥੇਬੰਦੀਆਂ ਦਾ ਦਾਅਵਾ ਹੈ ਕਿ ਭਾਰਤ ਸਰਕਾਰ ਨੇ ਉਨ੍ਹਾਂ ਦੀ ਹੱਤਿਆ ਕਰਵਾਈ।

ਇਸ ਮਾਮਲੇ 'ਚ ਅਮਨਦੀਪ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ 'ਤੇ ਪਹਿਲੀ ਦਰਜੇ ਦੀ ਹੱਤਿਆ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਅਗਲੀ ਅਦਾਲਤੀ ਸੁਣਵਾਈ ਅਪਰੈਲ ਵਿੱਚ ਨਿਊ ਵੈਸਟਮਿੰਸਟਰ ਸੁਪਰੀਮ ਕੋਰਟ 'ਚ ਹੋਣੀ ਹੈ। ਦੂਤਾਵਾਸ ਦੇ ਬਾਹਰ ਫੈਡਰਲ ਸਰਕਾਰ ਦੀ ਨਾਕਾਮੀ 'ਤੇ ਨਾਰਾਜ਼ਗੀ ਜਤਾਈ ਗਈ। ਉਹਨਾਂ ਭਾਰਤ ਦੇ ਰਾਸ਼ਟਰੀ ਝੰਡੇ ਨੂੰ ਅੱਗ ਲਗਾ ਕੇ ਆਪਣਾ ਵਿਰੋਧ ਜਤਾਇਆ।

ਮੰਗਲਵਾਰ ਨੂੰ ਜਾਰੀ ਕੀਤੀ ਗਈ ਪ੍ਰੈੱਸ ਰਿਲੀਜ਼ 'ਚ ਕਿਹਾ ਕਿ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ "ਮੁੱਖ ਭਾਰਤੀ ਕੂਟਨੀਤਿਕ ਅਧਿਕਾਰੀ" ਹਾਲੇ ਵੀ ਨਿਆਂ ਤੋਂ ਬਚੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਇੱਕ "ਰਾਜ-ਪੱਖੀ ਹੱਤਿਆ" (State-sponsored Assasisnaiton) ਹੈ, ਜਿਸ ਵਿੱਚ ਭਾਰਤੀ ਸਰਕਾਰ ਦਾ ਹੱਥ ਹੈ।

# ਫ੍ਰੇਜ਼ਰ ਹੈਲਥ ਦੀ ਸੀ.ਈ.ਓ. ਡਾ. ਵਿਕਟੋਰੀਆ ਲੀ ਨੇ ਦਿੱਤਾ ਅਸਤੀਫ਼ਾ

### ਡਾ. ਲਿਨ ਸਟੀਵਨਸਨ ਅੰਤਰਿਮ ਸੀ.ਈ.ਓ ਨਿਯੁਕਤ



ਸਰੀ (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਸਭ ਤੋਂ ਵੱਡੀ ਸਿਹਤ ਅਥਾਰਟੀ ਫ੍ਰੇਜ਼ਰ ਹੈਲਥ ਵਿੱਚ ਨੇਤ੍ਰਿਤਵ ਬਦਲਾਅ ਕੀਤਾ ਗਿਆ ਹੈ। ਡਾ. ਵਿਕਟੋਰੀਆ ਲੀ ਨੇ ਆਪਣੇ ਸੀ.ਈ.ਓ. ਦੇ ਅਹੁੱਦੇ ਤੋਂ ਹੱਟਣ ਦਾ ਐਲਾਨ ਕਰ ਦਿੱਤਾ ਹੈ, ਅਤੇ ਡਾ. ਲਿਨ ਸਟੀਵਨਸਨ, ਨੂੰ ਅੰਤਰਿਮ ਸੀ.ਈ.ਓ. ਤੇ ਬਣਾਇਆ ਗਿਆ ਹੈ।

ਮੰਗਲਵਾਰ ਨੂੰ, ਫ੍ਰੇਜ਼ਰ ਹੈਲਥ ਨੇ ਘੋਸ਼ਣਾ ਕੀਤੀ ਕਿ ਬੋਰਡ ਅਤੇ ਡਾ. ਵਿਕਟੋਰੀਆ ਲੀ ਨੇ ਆਪਸੀ ਸਹਿਮਤੀ ਨਾਲ ਇਹ ਫੈਸਲਾ ਲਿਆ ਹੈ, ਤਾਂ ਜੋ ਉਹ ਹੋਰ ਮੌਕਿਆਂ ਦੀ ਪੜਚੋਲ ਕਰ ਸਕਣ।

ਡਾ. ਲੀ ਨੇ ਆਪਣੇ ਅਸਤੀਫ਼ੇ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ: "ਜਿਵੇਂ ਜਿਵੇਂ ਮੈਂ ਆਪਣੇ ਕਰੀਅਰ ਦੇ ਨਵੇਂ ਅਧਿਆਇ ਵਲ ਵਧ ਰਹੀ ਹਾਂ, ਮੈਂ ਅਤੀਤ ਦੀਆਂ ਸਫ਼ਲਤਾਵਾਂ ਉੱਤੇ ਗੌਰਵ ਮਹਿਸੂਸ ਕਰ ਰਹੀ ਹਾਂ। ਪਿਛਲੇ 15 ਸਾਲਾਂ ਦੌਰਾਨ, ਫ੍ਰੇਜ਼ਰ ਹੈਲਥ ਵਿੱਚ ਇਨੋਵੇਸ਼ਨ ਅਤੇ ਸਮੁੱਚੀ ਸਿਹਤ ਸੰਭਾਲ ਦੀ ਤਰੀਕੇ ਨੂੰ ਹੋਰ ਬਿਹਤਰ ਬਣਾਉਣ ਲਈ ਜੋ ਯਤਨ ਕੀਤੇ, ਉਹ ਵਿਸ਼ੇਸ਼ ਰਹੇ।"

ਫ੍ਰੇਜ਼ਰ ਹੈਲਥ ਬੋਰਡ ਦੇ ਚੇਅਰਮੈਨ ਜਿਮ ਸਿੰਕਲੇਅ ਨੇ ਡਾ. ਲੀ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਕੋਵੀਡ-19 ਮਹਾਂਮਾਰੀ ਦੌਰਾਨ ਫ੍ਰੇਜ਼ਰ ਹੈਲਥ ਨੂੰ ਬਹੁਤ ਹੀ ਸੰਭਲ ਕੇ ਅਗੇ ਵਧਾਇਆ।

ਫ੍ਰੇਜ਼ਰ ਹੈਲਥ ਬੋਰਡ ਨੇ ਐਲਾਨ ਕੀਤਾ ਕਿ ਹੁਣ ਡਾ. ਲਿਨ ਸਟੀਵਨਸਨ, ਨੂੰ ਅੰਤਰਿਮ ਸੀ.ਈ.ਓ. ਤੇ ਪ੍ਰਧਾਨ ਬਣਾਇਆ ਗਿਆ ਹੈ।

ਉਨ੍ਹਾਂ ਨੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਬ੍ਰਿਟਿਸ਼ ਕੋਲੰਬੀਆ ਦੀ ਸਿਹਤ ਪ੍ਰਣਾਲੀ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਨਰਸਿੰਗ ਦੀ ਤਕਨੀਕੀ ਵਿਦਿਆ ਹਾਸਲ ਕੀਤੀ ਹੋਈ ਹੈ ਅਤੇ ਉਨ੍ਹਾਂ ਦੀ ਪੀ.ਐਚ.ਡੀ. ਆਯੋਜਨਾਤਮਕ ਤਬਦੀਲੀ (orgainzaitonal change) ਤੇ ਹੈ। ਉਹ ਯੂਬੀਸੀ ਵਿੱਚ ਸਿਹਤ ਪ੍ਰਸ਼ਾਸਨ ਦੀ ਪ੍ਰੋਫੈਸਰ ਵੀ ਰਹੀ ਹਨ। ਉਹ ਬੀਤੇ ਸਮੇਂ ਵਿੱਚ ਸਿਹਤ ਅਥਾਰਟੀ 'ਚ ਉੱਚ ਪੱਧਰੀ ਪ੍ਰਸ਼ਾਸਨਕ ਅਹੁਦੇ ਸੰਭਾਲ ਚੁੱਕੀਆਂ ਹਨ, ਜਿਸ ਵਿੱਚ ਆਈਲੈਂਡ ਹੈਲਥ, ਬੀ.ਸੀ. ਕੈਂਸਰ ਅਤੇ ਫ੍ਰੇਜ਼ਰ ਹੈਲਥ ਵੀ ਸ਼ਾਮਲ ਹਨ। ਉਹ ਪਹਿਲਾਂ ਬੀ.ਸੀ. ਦੇ ਸਿਹਤ ਵਿਭਾਗ ਵਿੱਚ ਐਸੋਸੀਏਟ ਡਿਪਟੀ ਮੰਤਰੀ ਦੇ ਤੌਰ 'ਤੇ ਵੀ ਕੰਮ ਕਰ ਚੁੱਕੀ ਹਨ। This report was written by Simranjit Singh as part of the Local Journalism Initiative.

# ਯੂਕਰੇਨ ਦੀ ਸੁਰੱਖਿਆ 'ਤੇ ਗੱਲਬਾਤ ਲਈ ਕੈਨੇਡਾ ਵੀ ਸ਼ਾਮਲ ਹੋਏ : ਜੋਲੀ

**ਔਟਵਾ (ਸਿਮਰਨਜੀਤ ਸਿੰਘ):** ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਹੈ ਕਿ ਰੂਸ-ਯੂਕਰੇਨ ਯੁੱਧ ਦੇ ਖਤਮ ਹੋਣ ਮਗਰੋਂ, ਕੈਨੇਡਾ ਨੂੰ ਯੂਕਰੇਨ ਦੀ ਸੁਰੱਖਿਆ ਨਾਲ ਸੰਬੰਧਿਤ ਗੱਲਬਾਤ ਦਾ ਹਿੱਸਾ ਬਣਨਾ ਚਾਹੀਦਾ ਹੈ।



ਉਨ੍ਹਾਂ ਨੇ ਇੱਕ ਵਿਰਚੁਅਲ ਪ੍ਰੈਸ ਕਾਨਫਰੰਸ ਦੌਰਾਨ ਕਿਹਾ, "ਅਸੀਂ ਇਨ੍ਹਾਂ ਗੱਲਬਾਤਾਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਾਂ, ਜੋ ਯੂਕਰੇਨ ਲਈ ਸੁਰੱਖਿਆ ਗਾਰੰਟੀਆਂ ਨਾਲ ਜੁੜੀਆਂ ਹੋਣ।"

ਉਨ੍ਹਾਂ ਨੇ ਇਹ ਵੀ ਕਿਹਾ ਕਿ ਕੈਨੇਡਾ ਹੋਰ ਜ਼ਿਆਦਾ ਤੌਰ 'ਤੇ ਯੂਕਰੇਨ ਦੀ ਰੱਖਿਆ ਅਤੇ ਸੁਰੱਖਿਆ ਲਈ ਭੂਮਿਕਾ ਨਿਭਾਉਣ ਲਈ ਤਿਆਰ ਹੈ।

ਫਰਾਂਸ, ਜਰਮਨੀ ਅਤੇ ਬੈਲਜੀਅਮ ਦੀ ਆਪਣੀ ਤਾਜ਼ਾ ਯਾਤਰਾ ਦੌਰਾਨ, ਜੋਲੀ ਨੇ ਕਿਹਾ ਕਿ ਉਨ੍ਹਾਂ ਨੇ ਕੈਨੇਡਾ ਦੀ ਰਾਸ਼ਟਰੀ ਸੁਰੱਖਿਆ, ਆਰਥਿਕ ਹਿੱਤ ਅਤੇ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਲਈ ਯੂਰਪੀ ਨੇਤਾਵਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਦੇ ਦੌਰੇ ਦੀ ਇੱਕ ਮੁੱਖ ਵਜ੍ਹਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਪੇਸ਼ ਕੀਤੀਆਂ ਚੁਣੌਤੀਆਂ ਸਨ। ਟਰੰਪ ਨੇ ਯੂਕਰੇਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਨੀਤੀਆਂ ਅਤੇ ਕੈਨੇਡਾ ਉੱਤੇ ਵਪਾਰਿਕ ਪਾਬੰਦੀਆਂ ਦੀ ਚਿਤਾਵਨੀ ਦਿੱਤੀ ਹੈ।

ਉਨ੍ਹਾਂ ਨੇ ਯੂਰਪੀ ਨੇਤਾਵਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਟਰੰਪ ਦੀਆਂ ਨੀਤੀਆਂ ਕਨੇਡਾ ਲਈ ਕਿੰਨੀਆਂ ਖ਼ਤਰਨਾਕ ਹੋ ਸਕਦੀਆਂ ਹਨ।

ਯੂਕਰੇਨ ਵਿੱਚ ਸ਼ਾਂਤੀ ਬਹਾਲ ਹੋਣ ਮਗਰੋਂ, ਕੀ ਕੈਨੇਡਾ ਨਵੀਆਂ ਸੁਰੱਖਿਆ ਜ਼ਿੰਮੇਵਾਰੀਆਂ ਸੰਭਾਲੇਗਾ? ਇਸ ਸੰਬੰਧ ਵਿੱਚ ਯੂ.ਐਸ. ਵਲੋਂ ਦੱਸਿਆ ਗਿਆ ਕਿ ਯੂਕਰੇਨ ਨੂੰ ਕੁਝ ਇਲਾਕੇ ਗੁਆਉਣੇ ਪੈ ਸਕਦੇ ਹਨ ਅਤੇ ਉਹ ਨਾਟੋ ਦਾ ਹਿੱਸਾ ਨਹੀਂ ਬਣ ਸਕੇਗਾ।

ਜੋਲੀ ਨੇ ਕਿਹਾ, "ਅਸੀਂ ਅਮਰੀਕਾ ਨਾਲ ਸਮਝੌਤੇ 'ਚ ਯੂਕਰੇਨੀ ਅਧਿਕਾਰੀਆਂ ਨੂੰ ਵੀ ਸ਼ਾਮਲ ਕਰਨ ਦੀ ਮੰਗ ਕਰ ਰਹੇ ਹਾਂ, ਤਾਂ ਜੋ ਉਹ ਆਪਣੇ ਭਵਿੱਖ ਬਾਰੇ ਖੁਦ ਨਿਰਣੈ ਲੈ ਸਕਣ।"

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ "ਜੇਕਰ ਯੂਕਰੇਨ-ਰੂਸ ਯੁੱਧ ਨੂੰ ਰੂਸ ਦੀਆਂ ਸ਼ਰਤਾਂ 'ਤੇ ਖਤਮ ਕੀਤਾ ਜਾਂਦਾ ਹੈ, ਤਾਂ ਇਹ ਪੂਰੇ ਯੂਰਪ ਵਿੱਚ ਅਸਥਿਰਤਾ ਪੈਦਾ ਕਰ ਸਕਦਾ ਹੈ।"

ਕੈਨੇਡਾ ਦਾ ਮਤਲਬ ਸਿਰਫ਼ ਯੂਕਰੇਨ ਦੀ ਮਦਦ ਕਰਨਾ ਨਹੀਂ, ਬਲਕਿ ਯੂਰਪ ਵਿੱਚ ਰੂਸ ਦੀ ਅਗ੍ਰੈਸ਼ਨ ਰੋਕਣ ਲਈ ਹਿੱਸਾ ਪਾਉਣਾ ਵੀ ਹੈ। This report was written by Simranjit Singh as part of the Local Journalism Initiative.

GURTAJ SAMRA
PERSONAL REAL ESTATE CORPORATION
ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

RESIDENTIAL
COMMERCIAL
SALES & LEASING
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

# ਮਾਰਕ ਕਾਰਨੀ ਕੀਤਾ $1.9 ਮਿਲੀਅਨ ਫੰਡ ਇਕੱਠਾ

### ਰੂਬੀ ਢੱਲਾ ਸਭ ਤੋਂ ਪਿੱਛੇ, ਜੋ ਸਿਰਫ $115,000 ਇਕੱਤਰ ਕਰ ਸਕੀ



**ਔਟਵਾ (ਸਿਮਰਨਜੀਤ ਸਿੰਘ):** ਲਿਬਰਲ ਪਾਰਟੀ ਦੇ ਆਗੂ ਬਣਨ ਦੀ ਦੌੜ ਵਿੱਚ ਸ਼ਾਮਲ ਉਮੀਦਵਾਰ ਮਾਰਕ ਕਾਰਨੀ ਨੇ ਫੰਡ ਇਕੱਤਰ ਕਰਨ ਦੇ ਮਾਮਲੇ ਵਿੱਚ ਆਪਣੇ ਵਿਰੋਧੀ ਉਮੀਦਵਾਰਾਂ ਤੋਂ ਕਿਤੇ ਅੱਗੇ ਨਿਕਲ ਗਏ ਹਨ। ਇਲੈਕਸ਼ਨਜ਼ ਕੈਨੇਡਾ ਵੱਲੋਂ ਜਾਰੀ ਕੀਤੇ ਆਰਥਿਕ ਅੰਕੜਿਆਂ ਅਨੁਸਾਰ, ਕਾਰਨੀ ਨੇ 3,289 ਦਾਨੀਆਂ ਤੋਂ $1.9 ਮਿਲੀਅਨ ਇਕੱਤਰ ਕੀਤੇ ਹਨ।

ਕਾਰਨੀ ਦੇ ਮੁਕਾਬਲੇ ਵਿੱਚ, ਸਾਬਕਾ ਲਿਬਰਲ ਹਾਊਸ ਲੀਡਰ ਕਰੀਨਾ ਗੁਲਡ ਨੇ 600 ਤੋਂ ਵੱਧ ਦਾਨੀਆਂ ਤੋਂ $236,000 ਇਕੱਤਰ ਕੀਤੇ।

ਮੌਂਟਰੀਅਲ ਦੇ ਵਪਾਰੀ ਫ੍ਰੈਂਕ ਬੇਲਿਸ ਨੇ $227,000 ਹਾਸਲ ਕੀਤੇ, ਪਰ ਉਨ੍ਹਾਂ ਦੇ ਸਿਰਫ 59 ਦਾਨੀ ਸੱਜਣ ਹੀ ਰਹੇ।

ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫ਼ਰੀਲੈਂਡ, ਜੋ ਮਾਰਕ ਕਾਰਨੀ ਦੀ ਮੁੱਖ ਮੁਕਾਬਲੇਬਾਜ਼ ਮੰਨੀ ਜਾ ਰਹੀ ਹੈ, ਨੇ 300 ਦਾਨੀ ਸੱਜਣਾਂ ਤੋਂ ਲਗਭਗ $227,000 ਇਕੱਤਰ ਕੀਤੇ।

ਇਸ ਦੌੜ ਵਿੱਚ ਰੂਬੀ ਢੱਲਾ ਸਭ ਤੋਂ ਪਿੱਛੇ ਰਹੀ, ਜੋ ਸਿਰਫ $115,000 ਇਕੱਤਰ ਕਰ ਸਕੀ।

ਫ਼ਰੀਲੈਂਡ ਦੀ ਟੀਮ ਨੇ ਦਾਅਵਾ ਕੀਤਾ ਕਿ ਇਲੈਕਸ਼ਨਜ਼ ਕੈਨੇਡਾ ਵਲੋਂ ਜਾਰੀ ਕੀਤੇ ਅੰਕੜੇ ਅਧੂਰੇ ਹਨ।

ਇਕ ਮੁਹਿੰਮ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਕੋਲ 2,000 ਦਾਨੀ ਸੱਜਣ ਹਨ ਅਤੇ ਉਹ ਹੁਣ ਤਕ ਲਗਭਗ $600,000 ਇਕੱਤਰ ਕਰ ਚੁੱਕੇ ਹਨ।

ਉਨ੍ਹਾਂ ਨੇ ਦਲੀਲ ਦਿੱਤੀ ਕਿ ਲਿਬਰਲ ਪਾਰਟੀ ਨੇ ਹਾਲੇ ਵੀ ਉਹਨਾਂ ਦੇ ਕੁਝ ਦਾਨ-ਰਾਸ਼ੀਆਂ ਨਹੀਂ ਭੇਜੀਆਂ, ਜੋ ਕਿ ਹਜਾਰਾਂ ਡਾਲਰ ਹੋ ਸਕਦੇ ਹਨ, ਜੋ ਇਸ ਅੰਕੜਿਆਂ ਵਿੱਚ ਨਹੀਂ ਹਨ।

ਇਹ ਡਾਟਾ ਮੁਕਾਬਲੇ ਦੇ ਪਹਿਲੇ ਦਿਨ ਤੋਂ ਲੈ ਕੇ, ਪਾਰਟੀ ਵੋਟਿੰਗ ਦਿਨ (9 ਮਾਰਚ) ਤੋਂ ਚਾਰ ਹਫ਼ਤੇ ਪਹਿਲਾਂ ਤੱਕ ਦੇ ਫੰਡਾਂ ਨੂੰ ਦਰਸਾਉਂਦਾ ਹੈ।

ਮਾਰਕ ਕਾਰਨੀ ਦੀ ਅਗਵਾਈ ਦੇ ਨਾਲ, ਇਹ ਸਾਫ਼ ਦਿਸ ਰਿਹਾ ਹੈ ਕਿ ਉਹ ਲਿਬਰਲ ਆਗੂ ਬਣਨ ਦੀ ਦੌੜ ਵਿੱਚ ਸਭ ਤੋਂ ਅੱਗੇ ਹਨ। ਹਾਲਾਂਕਿ, ਫ਼ਰੀਲੈਂਡ ਅਤੇ ਹੋਰ ਉਮੀਦਵਾਰ ਵੀ ਅੰਤਿਮ ਪੜਾਅ ਵਿੱਚ ਨਤੀਜੇ ਬਦਲ ਸਕਦੇ ਹਨ। ਮੁਕਾਬਲਾ ਤਿੱਖਾ ਹੈ, ਪਰ ਫ਼ਰੀਲੈਂਡ ਵੱਲੋਂ ਪੂਰੇ ਫੰਡ ਡਿਸਕਲੋਜ਼ ਕਰਨ ਮਗਰੋਂ ਹੀ ਅਸਲ ਤਸਵੀਰ ਸਾਹਮਣੇ ਆਵੇਗੀ। This report was written by Simranjit Singh as part of the Local Journalism Initiative.

ਸਫ਼ਾ 1 ਦਾ ਬਾਕੀ

## ਸਰੀ ਸਕੂਲ ਦੀ ਵਿਦਿਆਰਥਣ ...

ਮਾਂ ਨੇ ਮੈਨੂੰ ਇਹ ਖੇਡ ਅਪਣਾਉਣ ਲਈ ਪ੍ਰੇਰਿਤ ਕੀਤਾ ਸੀ, ਕਿਉਂਕਿ ਉਹ ਵੀ ਨੌਜਵਾਨੀ 'ਚ ਟਰੈਕ ਐਂਡ ਫੀਲਡ 'ਚ ਹਿੱਸਾ ਲੈਂਦੀ ਸੀ।"

ਉਸ ਦੇ ਪਿਤਾ ਪਾਰਮ ਫੰਗੂਰਾ ਇੱਕ ਮਸ਼ਹੂਰ ਪਹਿਲਵਾਨ ਖਿਡਾਰੀ ਰਹੇ ਹਨ, ਜਿਨ੍ਹਾਂ ਨੇ 2010 ਕਾਮਨਵੈਲਥ ਗੇਮਜ਼ 'ਚ ਭਾਰਤ ਦੀ ਨੁਮਾਇੰਦਗੀ ਕੀਤੀ ਸੀ। ਉੱਥੇ ਉਨ੍ਹਾਂ ਦੀ ਮੁਲਾਕਾਤ ਡਿਲਨ ਆਰਮਸਟ੍ਰੌਂਗ (ਕਨੇਡੀਅਨ ਸ਼ਾਟ ਪੁੱਟ ਓਲੰਪਿਕ ਖਿਡਾਰੀ) ਨਾਲ ਹੋਈ, ਜੋ ਤਲੀਆ ਦੇ ਕੋਚ ਬਰੈਡ ਗ੍ਰਾਹਮ ਦੇ ਪੁਰਾਣੇ ਦੋਸਤ ਹਨ। ਇਨ੍ਹਾਂ ਹੀ ਸੰਪਰਕਾਂ ਰਾਹੀਂ ਤਲੀਆ ਨੂੰ ਗ੍ਰਾਹਮ ਨਾਲ ਜੁੜਨ ਦਾ ਮੌਕਾ ਮਿਲਿਆ।

ਜੂਨ 2024 ਵਿੱਚ, ਗਰੇਡ 10 'ਚ ਹੋਣ ਦੇ ਬਾਵਜੂਦ ਬੀ.ਸੀ. ਹਾਈ ਸਕੂਲ ਟਰੈਕ ਐਂਡ ਫੀਲਡ ਚੈਂਪੀਅਨਸ਼ਿਪਸ 'ਚ ਤਾਲੀਆ ਨੇ ਸ਼ਾਟ ਪੁੱਟ (ਤੀਜੀ ਵਾਰ), ਡਿਸਕਸ (ਦੂਜੀ ਵਾਰ) ਅਤੇ ਹੈਮਰ ਥ੍ਰੋ 'ਚ ਪਹਿਲਾ ਸਥਾਨ ਹਾਸਲ ਕੀਤਾ।

ਉਸ ਨੇ ਇਹ ਤਿੰਨ ਟਾਈਟਲ ਇਕੋ ਸਮੇਂ ਜਿੱਤ ਕੇ ਇਤਿਹਾਸ ਰਚਿਆ, ਕਿਉਂਕਿ ਇਸ ਤੋਂ ਪਹਿਲਾਂ ਕਿਸੇ ਵੀ ਬੀ.ਸੀ. ਥ੍ਰੋਅਰ ਨੇ 'ਟ੍ਰਿਪਲ ਕ੍ਰਾਊਨ' ਨਹੀਂ ਜਿੱਤੀ ਸੀ। ਇਸ ਤੋਂ ਇਲਾਵਾ, ਉਹ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਵੀ ਸ਼ਾਟ ਪੁੱਟ ਦੀ ਰਾਸ਼ਟਰੀ ਵਿਜੇਤਾ ਰਹੀ। ਤਾਲੀਆ ਨੇ 2025 ਵਿੱਚ ਪਹਿਲੀ ਵਾਰ ਹੈਰੀ ਜੇਰੋਮ ਇੰਡੋਰ ਗੇਮਜ਼ (ਰਿਚਮੰਡ) ਵਿੱਚ ਹਿੱਸਾ ਲਿਆ। ਉਸ ਦੇ ਕੋਚ ਗ੍ਰਾਹਮ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਤਾਲੀਆ ਬੀ.ਸੀ. ਦੀ ਅੰਡਰ-18 ਸ਼ਾਟ ਪੁੱਟ ਰਿਕਾਰਡ ਤੋੜੇ। ਉਹ ਪਿਛਲੇ ਸਾਲ ਸਿਰਫ਼ 30 ਸੈਂਟੀਮੀਟਰ ਪਿੱਛੇ ਰਹੀ ਸੀ, ਪਰ ਮਾਰਚ ਦੇ ਆਊਟਡੋਰ ਮੁਕਾਬਲਿਆਂ 'ਚ ਇਹ ਸੰਭਵ ਹੋ ਸਕਦਾ ਹੈ।" This report was written by Simranjit Singh as part of the Local Journalism Initiative.

## ਸਰੀ 'ਚ ਦੋ ਐਲਿਮੈਂਟਰੀ ਸਕੂਲ ...

ਇਕ ਹੋਰ ਇਮਾਰਤ ਉਸਾਰਨ ਦੀ ਯੋਜਨਾ ਬਣਾਈ ਗਈ ਹੈ, ਪਰ ਇਹ 2028 ਤੱਕ ਪੂਰੀ ਨਹੀਂ ਹੋਵੇਗੀ। ਬੇਰਿਜ ਐਲਿਮੈਂਟਰੀ ਨੂੰ ਪਹਿਲਾਂ ਹੀ ਮਾਰਚ 2024 ਵਿੱਚ ਇਨ-ਕੈਚਮੈਂਟ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਬੰਦ ਕਰਨੀ ਪਈ ਸੀ।

ਮਾਰਚ 2024 ਦੀ ਬੋਰਡ ਮੀਟਿੰਗ ਦੌਰਾਨ, ਟਰੱਸਟੀ ਲੌਰੀ ਲਾਰਸਨ ਨੇ ਮਾਪਿਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਸੀ, "ਮਾਪਿਆਂ ਨੂੰ ਹੁਣ ਤਿਆਰ ਹੋਣਾ ਪਵੇਗਾ ਕਿ ਸਕੂਲ ਉਨ੍ਹਾਂ ਦੇ ਬੱਚਿਆਂ ਨੂੰ ਦਾਖਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ।" ਸਰੀ ਵਿੱਚ ਤੇਜ਼ੀ ਨਾਲ ਵੱਧ ਰਹੀ ਆਬਾਦੀ ਅਤੇ ਵਿਦਿਆਰਥੀਆਂ ਦੀ ਲਗਾਤਾਰ ਵਧ ਰਹੀ ਗਿਣਤੀ ਸਕੂਲ ਪ੍ਰਬੰਧਨ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਸਰੀ ਜ਼ਿਲ੍ਹੇ 'ਚ ਹਰ ਸਾਲ 1,000 ਤੋਂ ਵੱਧ ਵਿਦਿਆਰਥੀ ਵਧ ਰਹੇ ਹਨ, ਪਰ ਨਵੇਂ ਸਕੂਲਾਂ ਦੀ ਨਿਰਮਾਣ ਗਤੀ ਬਹੁਤ ਹੌਲੀ ਹੈ ਅਤੇ ਇਸ ਸਮੱਸਿਆ ਦੇ ਹੱਲ ਕਈ ਕੋਈ ਉਪਰਾਲੇ ਵੀ ਨਹੀਂ ਕੀਤੇ ਜਾ ਰਹੇ।

ਬਹੁਤ ਸਾਰੇ ਸਕੂਲਾਂ ਵਿੱਚ ਪੋਰਟੇਬਲ ਕਲਾਸਰੂਮ ਲਾਏ ਜਾ ਰਹੇ ਹਨ, ਪਰ ਇਹ ਲੰਬੇ ਸਮੇਂ ਲਈ ਇੱਕ ਅਸਥਾਈ ਸਮਾਧਾਨ ਹੀ ਹੈ।

ਸਕੂਲ ਬੋਰਡ ਤੇ ਸਥਾਨਕ ਪ੍ਰਸ਼ਾਸਨ ਸਰੀ ਵਿੱਚ ਨਵੇਂ ਸਕੂਲਾਂ ਦੀ ਲੋੜ 'ਤੇ ਸਰਕਾਰ ਨੂੰ ਦਬਾਅ ਪਾਉਣ ਦੀ ਯੋਜਨਾ ਬਣਾ ਰਹੇ ਹਨ। ਸਕੂਲ ਬੋਰਡ ਨੇ ਸੂਬੇ ਦੀ ਸਰਕਾਰ ਕੋਲੋਂ ਵਾਧੂ ਫੰਡ ਅਤੇ ਨਵੇਂ ਸਕੂਲਾਂ ਦੀ ਮੰਗ ਕੀਤੀ ਹੈ। ਸਰੀ ਵਿੱਚ ਆਉਣ ਵਾਲੇ ਸਮਿਆਂ ਵਿੱਚ ਨਵੀਆਂ ਇਮਾਰਤਾਂ, ਵਾਧੂ ਕਲਾਸਰੂਮ ਅਤੇ ਨਵੇਂ ਸਕੂਲ ਖੋਲ੍ਹਣ ਬਾਰੇ ਨਤੀਜੇ ਆਉਣ ਦੀ ਉਮੀਦ ਹੈ, ਪਰ ਉਦੋਂ ਤੱਕ ਮਾਪਿਆਂ ਅਤੇ ਵਿਦਿਆਰਥੀਆਂ ਲਈ ਚੁਣੌਤੀਆਂ ਜਿਉਂ ਦੀ ਤਿਉਂ ਬਣੀਆਂ ਰਹਿ ਸਕਦੀਆਂ ਹਨ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST



ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ
604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਕੈਨੇਡਾ ਸਰਕਾਰ ਅਪਰਾਧਿਕ ਗੈਂਗਾਂ ਨੂੰ ਅੱਤਵਾਦੀ ਸਮੂਹ ਵਜੋਂ ਸੂਚੀਬੱਧ ਕਰੇਗੀ : ਮੈਕਗਿੰਟੀ



ਟੋਰਾਂਟੋ (ਸਿਮਰਨਜੀਤ ਸਿੰਘ): ਕੈਨੇਡਾ ਦੀ ਸਰਕਾਰ ਅਪਰਾਧਿਕ ਗੈਂਗਾਂ ਨੂੰ ''ਅੱਤਵਾਦੀ ਸਮੂਹ'' ਵਜੋਂ ਘੋਸ਼ਿਤ ਕਰਨ ਦੀ ਤਿਆਰੀ ਕਰ ਰਹੀ ਹੈ। ਇਹ ਐਲਾਨ ਬੁਧਵਾਰ ਨੂੰ ਸਰਕਾਰੀ ਸੁਰੱਖਿਆ ਮੰਤਰੀ ਡੇਵਿਡ ਮੈਕਗਿੰਟੀ (Daivd McGiunty) ਵਲੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਕੀਤਾ ਗਿਆ।

ਮੈਕਗਿੰਟੀ ਨੇ ਕਿਹਾ ਕਿ ਕੈਨੇਡਾ ਦੀ ਨਵੀਂ ''ਫੈਂਟੇਨਲ ਜ਼ਾਰ'' (Fentanyl Czar) ਦੀ ਨਿਯੁਕਤੀ ਤੋਂ ਬਾਅਦ ਹੁਣ ਨਸ਼ਿਆਂ ਨਾਲ ਜੁੜੇ ਗੈਂਗਾਂ ਨੂੰ ਅੱਤਵਾਦੀ ਗਠਜੋੜ ਵਜੋਂ ਐਲਾਨ ਕਰਨਾ ਸਰਕਾਰ ਦੀ ਤਵੱਜੋ ਹੈ।

ਇਸ ਨਵੇਂ ਕਾਨੂੰਨੀ ਤਰੀਕੇ ਨਾਲ, ਆਰ.ਸੀ.ਐੱਮ.ਪੀ. (RCMP) ਅਤੇ ਹੋਰ ਪੁਲਿਸ ਏਜੰਸੀਆਂ ਨੂੰ ਅਪਰਾਧਿਕ ਗੈਂਗਾਂ ਦੀ ਮਨੀ ਲਾਂਡਰਿੰਗ ਦੀ ਜਾਂਚ ਕਰਨ ਲਈ ਵਧੇਰੇ ਅਧਿਕਾਰ ਮਿਲਣਗੇ।

ਮੈਕਗਿੰਟੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਕਨੇਡਾ ਦੇ ਛੇ ਵੱਡੇ ਬੈਂਕ ਸੁਰੱਖਿਆ ਵਿਭਾਗ, ਫਾਈਨੈਂਸ ਕਨੇਡਾ ਅਤੇ ਆਰ.ਸੀ.ਐੱਮ.ਪੀ. ਨਾਲ ਮਿਲ ਕੇ ਨਵੀਂ ''ਮਨੀ ਲਾਂਡਰਿੰਗ ਖ਼ੁਫ਼ੀਆ ਭਾਗੀਦਾਰੀ'' ਸ਼ੁਰੂ ਕਰ ਰਹੇ ਹਨ।

ਇਸ ਦੇ ਜ਼ਰੀਏ ਨਸ਼ਿਆਂ ਦੇ ਵਪਾਰ ਨਾਲ ਜੁੜੇ ਆਰਥਿਕ ਲੈਣ-ਦੇਣ ਦੀ ਜਾਂਚ ਕਰਕੇ ਕਰਤੂਤਾਂ ਨੂੰ ਬੇਨਕਾਬ ਕੀਤਾ ਜਾਵੇਗਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਗੁਪਤ-ਨੀਤੀ ਨੂੰ ਅੱਗੇ ਵਧਾਉਂਦੇ ਹੋਏ, ਗੈਂਗਾਂ ਦੇ ਨਸ਼ਿਆਂ ਦੇ ਵਪਾਰ 'ਤੇ ਨਕਲ ਲਗਾਉਣ ਲਈ $200 ਮਿਲੀਅਨ ਦੀ ਰਕਮ ਰਾਖਵੀਂ ਰੱਖੀ ਹੈ।

ਇਸ ਨੀਤੀ ਤਹਿਤ, ਨਵੇਂ ਨਿਯਮ ਬਣਾਏ ਜਾਣਗੇ ਜਿਨ੍ਹਾਂ ਨਾਲ ਗੈਂਗਾਂ ਦੀ ਕਾਰਵਾਈ ਨੂੰ ਨਜਿੱਠਿਆ ਜਾ ਸਕੇ। ਇਸੇ ਦੌਰਾਨ, ਅਮਰੀਕਾ ਨੇ ਵੀ ਬੁਧਵਾਰ ਨੂੰ ਅੱਠ ਲਾਤੀਨੀ ਅਪਰਾਧਿਕ ਗੈਂਗਾਂ ਨੂੰ ''ਵਿਦੇਸ਼ੀ ਅੱਤਵਾਦੀ ਗਠਜੋੜ'' (Foriegn Terroirst Orgainzaitons) ਵਜੋਂ ਘੋਸ਼ਿਤ ਕੀਤਾ।

ਇਸ 'ਚ ਵੇਨੇਜ਼ੁਏਲਾ ਦਾ "Tren de Aragua", ਐਲ ਸਲਵਾਡੋਰ ਦਾ "MS-13" ਅਤੇ ਛੇ ਮੈਕਸੀਕਨ ਗੈਂਗ ਸ਼ਾਮਲ ਹਨ, ਜਿਨ੍ਹਾਂ ਵਿੱਚ ਮੈਕਸੀਕੋ ਦਾ ਸਭ ਤੋਂ ਪੁਰਾਣਾ ਗੈਂਗ "Sinaloa Cartel" ਵੀ ਸ਼ਾਮਲ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਜਾਰੀ ਕੀਤੇ ਇੱਕ ਐਗਜ਼ੈਕਟਿਵ ਆਰਡਰ ਤਹਿਤ ਇਹ ਐਲਾਨ ਕੀਤਾ ਸੀ। ਅਮਰੀਕਾ ਨੇ ਦਾਅਵਾ ਕੀਤਾ ਕਿ ਇਹ ਗੈਂਗ ਨਸ਼ਿਆਂ ਅਤੇ ਇਨਸਾਨੀ ਤਸਕਰੀ ਦੇ ਰਾਹੀਂ ਸੰਸਾਰ ਭਰ 'ਚ ਵੱਡੀਆਂ ਸਰਗਰਮੀਆਂ ਵਿੱਚ ਸ਼ਾਮਲ ਹਨ।

This report was written by Simranjit Singh as part of the Local Journalism Initiative.

idea immigration
Super Visas
PNPs
iccrc crcic
EXPRESS ENTRY
Canada's Express Entry immigration

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com



ਕੈਨੇਡਾ ਵਿੱਚ ਨਵੇਂ ਹੋ?

ਕੈਨੇਡਾ ਵਿੱਚ ਜੀਵਨ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ। ਭਾਵੇਂ ਤੁਸੀਂ ਕੁਝ ਮਹੀਨਿਆਂ ਤੋਂ ਜਾਂ ਕੁਝ ਸਾਲਾਂ ਤੋਂ ਇੱਥੇ ਰਹਿ ਰਹੇ ਹੋ, ਕੈਨੇਡਾ ਵਿੱਚ ਸਫਲ ਜੀਵਨ ਬਣਾਉਣ ਦੇ ਦੌਰਾਨ ਦੋਸਤਾਨਾ ਅਤੇ ਤਜਰਬੇਕਾਰ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ।

ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ

- ਨੌਕਰੀ ਲੱਭਣ ਵਿੱਚ
- ਤੁਹਾਡੀ ਅੰਗਰੇਜ਼ੀ ਜਾਂ ਫ੍ਰੈਂਚ ਨੂੰ ਬਿਹਤਰ ਬਣਾਉਣ ਲਈ ਭਾਸ਼ਾ ਦੀ ਸਿਖਲਾਈ ਪ੍ਰਾਪਤ ਕਰਨ ਵਿੱਚ
- ਲੋਕਾਂ ਨੂੰ ਮਿਲਣ ਅਤੇ ਆਪਣੇ ਸਥਾਨਕ ਭਾਈਚਾਰੇ ਨਾਲ ਜੁੜਨ ਵਿੱਚ
- ਸੈਟਲਮੈਂਟ ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਇਲਡ ਕੇਅਰ ਅਤੇ ਆਵਾਜਾਈ ਦਾ ਪਤਾ ਲਗਾਉਣ ਵਿੱਚ

IRCC 3959



ਆਪਣੇ ਨੇੜੇ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਲੱਭਣ ਲਈ **Canada.ca/newcomer-Punjabi** 'ਤੇ ਜਾਓ।

Immigration, Refugees and Citizenship Canada | Immigration, Réfugiés et Citoyenneté Canada
Canada

# ਬੀ.ਸੀ. ਸਰਕਾਰ ਵਲੋਂ ਅਮਰੀਕੀ ਟੈਰਿਫ਼ ਵਿਰੁੱਧ ਜਵਾਬੀ ਕਾਰਵਾਈ ਕਰਨ ਦਾ ਐਲਾਨ

### ਐਨ.ਡੀ.ਪੀ. ਨੇ ਪਰਿਵਾਰਾਂ ਨੂੰ $1,000 ਦੀ ਸਹਾਇਤਾ ਰਕਮ ਦੇਣ ਦਾ ਚੋਣ ਵਾਅਦਾ ਟੈਰਿਫ਼ ਸੰਕਟ 'ਤੇ ਚਲਦੇ ਕੀਤਾ ਰੱਦ, ਮਾਰਚ 4 ਨੂੰ ਹੋਵੇਗਾ ਬਜਟ ਪੇਸ਼

**ਵਿਕਟੋਰੀਆ (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ 2025 ਦੀ ਸਿੰਘਾਸਨੀ ਭਾਸ਼ਣ ਦੌਰਾਨ ਅਮਰੀਕਾ ਵੱਲੋਂ ਲਾਏ ਜਾ ਰਹੇ 25% ਟੈਰਿਫ ਖ਼ਤਰੇ ਨੂੰ "ਦੂਜੀ ਵਿਸ਼ਵ ਯੁੱਧ ਤੋਂ ਬਾਅਦ ਪ੍ਰਾਂਤ ਲਈ ਸਭ ਤੋਂ ਗੰਭੀਰ ਸਮਾਂ" ਕਰਾਰ ਦਿੰਦਿਆਂ ਸਖ਼ਤ ਰਵੱਈਆ ਅਪਣਾਉਣ ਦੀ ਘੋਸ਼ਣਾ ਕੀਤੀ।

ਬੀ.ਸੀ. ਦੀ ਨਵੀਂ ਉਪ-ਰਾਜਪਾਲ ਵਿੰਡੀ ਕੋਚੀਆ ਨੇ ਸੰਸਦ ਦੀ ਨਵੀਂ ਮੀਟਿੰਗ ਦੇ ਆਰੰਭ 'ਚ ਸਰਕਾਰੀ ਭਾਸ਼ਣ ਪੜ੍ਹਦੇ ਹੋਏ ਕਿਹਾ ਕਿ "ਇਸ ਨਾਜਾਇਜ਼ ਖ਼ਤਰੇ ਦੇ ਸਾਹਮਣੇ, ਬ੍ਰਿਟਿਸ਼ ਕੋਲੰਬੀਆ ਦੇ ਲੋਕ ਕੈਨੇਡਾ ਦੇ ਨਾਲ ਮਿਲ ਕੇ ਪਿੱਛੇ ਨਹੀਂ ਹਟਣਗੇ। ਅਸੀਂ ਇਕਜੁੱਟ ਹੋ ਕੇ ਕਹਿ ਰਹੇ ਹਾਂ: ਅਸੀਂ ਕਦੇ ਵੀ 51ਵੀਂ ਰਾਜ ਨਹੀਂ ਬਣਾਂਗੇ।



ਬੀ.ਸੀ. 'ਚ ਅਕਤੂਬਰ 2024 ਦੀਆਂ ਚੋਣਾਂ 'ਚ ਐਨ.ਡੀ.ਪੀ. ਨੇ 47 ਸੀਟਾਂ ਹਾਸਲ ਕਰਕੇ ਮੁਸ਼ਕਿਲ ਨਾਲ ਸੱਤਾ ਬਚਾਈ, ਜਦਕਿ ਬੀ.ਸੀ. ਕੰਜ਼ਰਵੇਟਿਵ ਪਾਰਟੀ ਨੇ 44 ਸੀਟਾਂ ਜਿੱਤੀਆਂ ਸਨ ਅਤੇ ਇਨ੍ਹਾਂ ਚੋਣਾਂ ਦੌਰਾਨ ਐਨ.ਡੀ.ਪੀ. ਨੇ ਸਭ ਤੋਂ ਜੋ ਚੋਣ ਵਾਅਦਾ ਕੀਤਾ ਸੀ ਉਸ ਨੂੰ ਰੱਦ ਕਰ ਦਿੱਤਾ ਹੈ। ਇਨ੍ਹਾਂ ਚੋਣਾਂ ਦੌਰਾਨ, ਐਨ.ਡੀ.ਪੀ. ਨੇ ਪਰਿਵਾਰਾਂ ਨੂੰ $1,000 ਦੀ ਸਹਾਇਤਾ ਰਕਮ ਦੇਣ ਦਾ ਵਾਅਦਾ ਕੀਤਾ ਸੀ, ਪਰ ਹੁਣ ਇਹ ਪ੍ਰਸਤਾਵ ਟੈਰਿਫ ਸੰਕਟ ਕਰਕੇ ਰੱਦ ਕਰ ਦਿੱਤਾ ਗਿਆ ਹੈ।

ਬੀ.ਸੀ. ਸਰਕਾਰ ਨੇ ਦੱਸਿਆ ਕਿ 25% ਦੀਆਂ ਨਵੀਆਂ ਟੈਕਸ ਦਰਾਂ (ਟੈਰਿਫ਼) ਕਰਕੇ ਬੀ.ਸੀ. ਤੋਂ ਅਮਰੀਕਾ ਭੇਜੇ ਜਾਂਦੇ ਤਕਰੀਬਨ ਸਾਰੇ ਉਤਪਾਦ ਪ੍ਰਭਾਵਿਤ ਹੋਣਗੇ। ਉਪ-ਰਾਜਪਾਲ ਨੇ ਕਿਹਾ ਕਿ "ਸਾਨੂੰ ਆਪਣਾ ਭਰੋਸਾ ਬਾਹਰੀ ਤਾਕਤਾਂ 'ਤੇ ਛੱਡਣ ਦੀ ਬਜਾਏ, ਖ਼ੁਦ 'ਤੇ ਕਰਨਾ ਚਾਹੀਦਾ ਹੈ।

ਬੀ.ਸੀ. ਸਰਕਾਰ ਨੇ ਟੈਕਸ ਖ਼ਤਰੇ ਦਾ ਜਵਾਬ ਦੇਣ ਲਈ ਤਿੰਨ ਹਿੱਸਿਆਂ ਵਾਲੀ ਰਣਨੀਤੀ ਬਣਾਈ ਹੈ: ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣਾ ਅਤੇ ਵਪਾਰਕ ਸੰਬੰਧ ਹੋਰ ਦੇਸ਼ਾਂ ਨਾਲ ਵਧਾਉਣਾ, ਲੋੜ ਪੈਣ 'ਤੇ ਸਖ਼ਤ ਅਤੇ ਫ਼ੌਰੀ ਕਾਰਵਾਈ ਕਰਨੀ, ਵਪਾਰ, ਉਦਯੋਗ ਅਤੇ ਨੌਕਰੀਆਂ ਲਈ ਕੀਤੇ ਜਾਣਗੇ ਨਵੇਂ ਐਲਾਨ। $20 ਅਰਬ ਦੀ ਨਿਵੇਸ਼ ਯੋਜਨਾ ਤਹਿਤ 18 ਨਵੇਂ ਵੱਡੇ ਪ੍ਰਾਜੈਕਟ ਜਲਦੀ ਸ਼ੁਰੂ ਕੀਤੇ ਜਾਣਗੇ। ਇਨ੍ਹਾਂ ਵਿੱਚ ਕੁਦਰਤੀ ਗੈਸ, ਹਰੀ ਊਰਜਾ, ਖਣਿਜ ਅਤੇ ਮਾਈਨਿੰਗ ਪ੍ਰਾਜੈਕਟ ਸ਼ਾਮਲ ਹੋਣਗੇ। 2025 ਦੇ ਬਜਟ 'ਚ ਫਿਲਮ ਅਤੇ ਟੀ.ਵੀ. ਉਦਯੋਗ ਲਈ ਵਧੇਰੇ ਕਰ ਛੋਟ ਦੇਣ ਦਾ ਐਲਾਨ ਕੀਤਾ ਗਿਆ ਹੈ, ਜਿਸ ਕਾਰਨ ਨਵੇਂ ਉਤਪਾਦਨ ਨਵੇਂ ਸਮਝੌਤੇ ਹੋ ਰਹੇ ਹਨ। ਮਾਰਚ 4 ਨੂੰ ਬੀ.ਸੀ. ਸਰਕਾਰ ਆਪਣਾ 2025 ਦਾ ਬਜਟ ਪੇਸ਼ ਕਰੇਗੀ, ਜੋ ਕਿ ਅਮਰੀਕੀ ਟੈਕਸ ਲਾਗੂ ਹੋਣ ਤੋਂ ਇਕ ਦਿਨ ਪਹਿਲਾਂ ਆਉਂਦਾ ਹੈ। This report was written by Simranjit Singh as part of the Local Journalism Initiative.

# ਸਰੀ 'ਚ ਕ੍ਰੈਸੈਂਟ ਰੋਡ 'ਤੇ ਨਵੇਂ ਚੌਕ ਲਈ ਨਿਰਮਾਣ ਕੰਟ੍ਰੈਕਟ ਨੂੰ ਮਨਜ਼ੂਰੀ




**ਸਰੀ, (ਸਿਮਰਨਜੀਤ ਸਿੰਘ):** ਦੱਖਣੀ ਸਰੀ ਦੇ ਕ੍ਰੈਸੈਂਟ ਰੋਡ ਅਤੇ 128 ਸਟਰੀਟ 'ਤੇ ਨਵੇਂ ਚੌਕ (ਰਾਊਂਡਅਬਾਊਟ) ਦੀ ਤਿਆਰੀ ਹੁਣ ਇੱਕ ਹੋਰ ਪੜਾਅ ਪਾਰ ਕਰ ਚੁੱਕੀ ਹੈ।

10 ਫਰਵਰੀ ਨੂੰ ਹੋਈ ਸਰੀ ਸਿਟੀ ਕੌਂਸਲ ਦੀ ਮੀਟਿੰਗ ਦੌਰਾਨ ਨਵੇਂ ਚੌਕ ਦੀ ਸੜਕ ਦੀ ਮੁਰੰਮਤ ਅਤੇ ਵਿਕਾਸ ਲਈ ਇੱਕ ਮਹੱਤਵਪੂਰਨ ਮੋਸ਼ਨ ਪਾਸ ਕੀਤਾ ਗਿਆ। ਇਸ ਨਵੇਂ ਇਨਫਰਾਸਟ੍ਰਕਚਰ ਪ੍ਰੋਜੈਕਟ ਲਈ ਬੀ.ਏ. ਬਲੈਕਟੌਪ ਨੂੰ ਪੇਵਿੰਗ ਕੰਟ੍ਰੈਕਟ ਸੌਂਪਿਆ ਗਿਆ ਹੈ। ਇਹ ਨਿਰਮਾਣ $2,421,123.44 ਦੀ ਲਾਗਤ ਨਾਲ ਪੂਰਾ ਹੋਵੇਗਾ, ਜਦਕਿ ਇੰਜੀਨੀਅਰਿੰਗ ਵਿਭਾਗ ਦੀ ਸਿਫ਼ਾਰਸ਼ 'ਤੇ ਵਿਦੇਸ਼ੀ ਖ਼ਰਚ ਦੀ ਸੀਮਾ $2,664,000 ਰੱਖੀ ਗਈ ਹੈ।

ਇਹ ਚੌਕ ਦਾ ਨਿਰਮਾਣ ਸ਼ਹਿਰ ਦੀ ਯਾਤਰੀ ਪ੍ਰਾਜ਼ਕਟ ਸੂਚੀ ਦਾ ਹਿੱਸਾ ਹੈ।

ਇਸ ਦਾ ਨਿਰਮਾਣ ਅਗਲੇ ਕੁਝ ਮਹੀਨਿਆਂ 'ਚ ਸ਼ੁਰੂ ਹੋ ਕੇ, ਆਉਣ ਵਾਲੀਆਂ ਗਰਮੀਆਂ ਤੱਕ ਪੂਰਾ ਹੋਣ ਦੀ ਉਮੀਦ ਹੈ। ਕੌਂਸਲ ਮੈਂਬਰ ਮਾਈਕ ਬੋਸ ਨੇ ਇਹ ਤਜਵੀਜ਼ ਪਾਸ ਹੋਣ 'ਤੇ ਇੰਜੀਨੀਅਰਿੰਗ ਟੀਮ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ, "ਇਹ ਨਵਾਂ ਗੋਲ ਚੌਕ ਕ੍ਰੈਸੈਂਟ ਬੀਚ ਜਾਣ ਅਤੇ ਉੱਥੋਂ ਨਿਕਲਣ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵੱਡਾ ਕਦਮ ਹੈ। ਇਹ ਇਲਾਕੇ 'ਚ ਟ੍ਰੈਫਿਕ ਪ੍ਰਵਾਹ ਨੂੰ ਅਸਾਨ ਬਣਾਉਣ ਵਿੱਚ ਮਦਦ ਕਰੇਗਾ।"

ਕੌਂਸਲ ਮੈਂਬਰ ਲਿੰਡਾ ਐਨਿਸ ਨੇ ਵੀ ਇੰਜੀਨੀਅਰਿੰਗ ਵਿਭਾਗ ਦਾ ਧੰਨਵਾਦ ਕਰਦੇ ਹੋਏ, ਇਹ ਪ੍ਰਾਜੈਕਟ ਆਮ ਲੋਕਾਂ ਲਈ ਲਾਭਕਾਰੀ ਦੱਸਿਆ।

This report was written by Simranjit Singh as part of the Local Journalism Initiative.

# ਸੈਂਟਰਲ ਓਕਾਨਾਗਨ ਵਿੱਚ ਸਕੂਲ ਬੱਸ ਫੀਸਾਂ ਵਧਣ ਦੀ ਸੰਭਾਵਨਾ

### $75 ਤੋਂ $150 ਤੱਕ ਵਾਧਾ ਕਰਨ ਦਾ ਪ੍ਰਸਤਾਵ ਪੇਸ਼

**ਕੇਲੋਨਾ, (ਸਿਮਰਨਜੀਤ ਸਿੰਘ):** ਸੈਂਟਰਲ ਓਕਾਨਾਗਨ ਵਿੱਚ ਸਕੂਲ ਬੱਸ ਦੀ ਸਵਾਰੀ ਮਹਿੰਗੀ ਹੋ ਸਕਦੀ ਹੈ, ਜਿਵੇਂ ਕਿ ਸਕੂਲ ਡਿਸਟ੍ਰਿਕਟ 23 ਵਲੋਂ ਬੱਸ ਫੀਸਾਂ ਵਿੱਚ ਵਾਧਾ ਕਰਨ ਦੀ ਗੱਲ ਚੱਲ ਰਹੀ ਹੈ।

ਮੌਜੂਦਾ ਸਮੇਂ ਵਿੱਚ ਮਾਪੇ ਹਰ ਵਿਦਿਆਰਥੀ ਦੀ ਬੱਸ ਸੇਵਾ ਲਈ $450 ਸਾਲਾਨਾ ਅਦਾ ਕਰ ਰਹੇ ਹਨ, ਪਰ ਜੇਕਰ ਨਵਾਂ ਪ੍ਰਸਤਾਵ ਮਨਜ਼ੂਰ ਹੋ ਜਾਂਦਾ ਹੈ, ਤਾਂ ਇਹ ਰਕਮ $75 ਤੋਂ $150 ਤੱਕ ਵੱਧ ਸਕਦੀ ਹੈ।

2019 ਵਿੱਚ, ਇਹ ਫੀਸ ਸਿਰਫ਼ $200 ਸਾਲਾਨਾ ਸੀ, ਜੋ ਹੁਣ ਤਕ ਦੁਗਣੀ ਤੋਂ ਵੀ ਵੱਧ ਹੋ ਗਈ ਹੈ।

ਸਕੂਲ ਡਿਸਟ੍ਰਿਕਟ 23 ਪੇਰੈਂਟ ਐਡਵਾਈਜ਼ਰੀ ਕੌਂਸਲ ਦੀ ਪ੍ਰਧਾਨ ਨਿਕੋਲਾ ਬੇਕਰ ਨੇ ਕਿਹਾ, "ਮਹਿੰਗਾਈ, ਗੈਸ ਦੀ ਕੀਮਤਾਂ ਵਿੱਚ ਵਾਧਾ ਅਤੇ ਆਵਾਜਾਈ ਦੀ ਲਾਗਤ ਵਧਣ ਨਾਲ, ਸਕੂਲ ਬੋਰਡ ਨੂੰ ਇਕ ਔਖਾ ਫੈਸਲਾ ਲੈਣਾ ਪੈ ਰਿਹਾ ਹੈ।"

ਸਕੂਲ ਬੋਰਡ ਦੀ ਰਿਪੋਰਟ ਅਨੁਸਾਰ, ਸੂਬਾ ਸਰਕਾਰ ਵੱਲੋਂ ਸਿਰਫ਼ $600,000 ਦਾ ਆਵਾਜਾਈ ਫੰਡ ਮਿਲਦਾ ਹੈ, ਜਿਸ ਕਰਕੇ ਸਕੂਲ ਡਿਸਟ੍ਰਿਕਟ 23 ਨੂੰ ਹਰ ਸਾਲ ਆਪਣੇ ਓਪਰੇਸ਼ਨਲ ਫੰਡ ਵਿੱਚੋਂ ਵਾਧੂ ਰਕਮ ਲੱਗਾਉਣੀ ਪੈਂਦੀ ਹੈ।


ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ

604-512-5001

SHINE PRO CLEANING

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001

Email: jobandfair@gmail.com | Web: jobandfair.ca

12844 - 66B Ave. Surrey, B.C.



ਟਰੱਕ ਡਰਾਇਵਰਾਂ ਦੀ ਲੋੜ

8 ਤੋਂ 10 ਹਜ਼ਾਰ ਡਾਲਰ ਕਮਾਓ

TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖ਼ਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ

778-982-3900 ਜਾਂ 604-751-1408

ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।





# ਸਰੀ ਕੌਂਸਲ ਵੱਲੋਂ ਕ੍ਰੈਸੈਂਟ ਬੀਚ 'ਚ ਰੇਲਵੇ ਲਾਈਨ ਨੇੜੇ ਸੁਰੱਖਿਆ ਵਾੜ ਲਾਉਣ ਨੂੰ ਮਨਜ਼ੂਰੀ, 145 ਪਾਰਕਿੰਗ ਥਾਵਾਂ ਹੋਣਗੀਆਂ ਖ਼ਤਮ




ਸਰੀ (ਸਿਮਰਨਜੀਤ ਸਿੰਘ): ਸਰੀ ਸ਼ਹਿਰ ਦੀ ਕੌਂਸਲ ਨੇ ਕ੍ਰੈਸੈਂਟ ਬੀਚ 'ਚ ਰੇਲਵੇ ਟਰੈਕ ਨਾਲ ਲੱਗਦੀ ਸੁਰੱਖਿਆ ਵਾੜ (fenicng) ਲਗਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ, ਪਰ ਇਸ ਫੈਸਲੇ ਨਾਲ 145 ਪਾਰਕਿੰਗ ਸਥਾਨ ਖਤਮ ਹੋ ਜਾਣਗੇ, ਜਿਸ ਉੱਤੇ ਇਕ ਸਥਾਨਕ ਨਿਵਾਸੀ ਨੇ ਚਿੰਤਾ ਜਤਾਈ ਹੈ।

10 ਫਰਵਰੀ ਨੂੰ ਹੋਈ ਕੌਂਸਲ ਮੀਟਿੰਗ ਦੌਰਾਨ, ਸਰਕਾਰੀ ਰਿਪੋਰਟ ਵਿੱਚ ਕਿਹਾ ਗਿਆ ਕਿ ਇਹ ਪ੍ਰੋਜੈਕਟ $450,000 ਦੇ ਬਜਟ ਤਹਿਤ ਲਾਗੂ ਹੋਵੇਗਾ। ਇਹ ਵੀ ਅੰਦਾਜ਼ਾ ਲਗਾਇਆ ਗਿਆ ਕਿ ਬੇਵਿਊ ਸਟ੍ਰੀਟ 'ਤੇ 50-60 ਅਤੇ ਮੈਪਲ ਸਟ੍ਰੀਟ 'ਤੇ 7-15 ਪਾਰਕਿੰਗ ਸਥਾਨ ਘਟ ਜਾਣਗੇ।

ਕ੍ਰੈਸੈਂਟ ਬੀਚ ਦੇ ਰਹਿਣ ਵਾਲੇ ਡੌਨ ਪਿਟਕਰਨ ਨੇ ਕੌਂਸਲ ਦੇ ਇਸ ਦਾਅਵੇ ਨੂੰ ਗਲਤ ਕਰਾਰ ਦਿੰਦਿਆਂ ਕਿਹਾ, "ਇਹ ਹੈਰਾਨੀਜਨਕ ਹੈ। ਜੋ ਪਾਰਕਿੰਗ ਸਥਾਨਾਂ ਦੀ ਗਿਣਤੀ ਦੱਸੀ ਜਾ ਰਹੀ ਹੈ, ਅਸਲ ਵਿੱਚ ਉਸ ਨਾਲੋਂ ਕਿਤੇ ਵੱਧ ਨੁਕਸਾਨ ਹੋਵੇਗਾ।"

ਸਰੀ ਸ਼ਹਿਰ ਪ੍ਰਸ਼ਾਸਨ, ਟਰਾਂਸਪੋਰਟ ਕੈਨੇਡਾ ਅਤੇ ਰੇਲਵੇ, 2008 ਤੋਂ ਇਸ ਮਸਲੇ 'ਤੇ ਚਰਚਾ ਕਰ ਰਹੇ ਹਨ, ਤਾਂ ਜੋ ਬੇਕਾਬੂ ਪੈਦਲ ਯਾਤਰੀਆਂ ਦੀ ਆਵਾਜਾਈ ਰੋਕਣ ਲਈ ਕੜਿਆੜੀ ਵਾੜ ਲਾਈ ਜਾਵੇ।

ਸ਼ੁਰੂਆਤੀ ਯੋਜਨਾ ਅਨੁਸਾਰ, ਇਹ ਵਾੜ BNSF ਦੀ ਜ਼ਮੀਨ 'ਤੇ ਲਗਣੀ ਸੀ, ਪਰ 2024 ਤੱਕ ਵੀ ਭੰਸ਼ਫ ਅਤੇ ਸ਼ਹਿਰ ਵਿਚਕਾਰ ਕੋਈ ਸਮਝੌਤਾ ਨਹੀਂ ਹੋ ਸਕਿਆ। BNSF ਨੇ ਸ਼ਹਿਰ ਤੋਂ ਉਹਨਾਂ ਦੀ ਜ਼ਮੀਨ ਉੱਤੇ ਲਿਆਬਿਲਟੀ ਲੈਣ ਅਤੇ ਲੀਜ਼ ਦੀ ਰਕਮ ਭਰਨ ਦੀ ਮੰਗ ਕੀਤੀ, ਜਿਸ ਕਰਕੇ ਸ਼ਹਿਰ ਨੇ ਵਾੜ ਸੜਕ ਦੇ ਕੋਨੇ 'ਤੇ, BNSF ਦੀ ਜ਼ਮੀਨ ਦੇ ਬਿਲਕੁਲ ਲਾਗੇ ਲਗਾਉਣ ਦਾ ਫੈਸਲਾ ਕੀਤਾ। 2023 'ਚ ਹੋਈ ਇੱਕ ਸਰਵੇ ਵਿੱਚ 156 ਲੋਕਾਂ 'ਚੋਂ 45% ਲੋਕ ਵਾੜ ਲਗਾਉਣ ਦੇ ਹੱਕ ਵਿੱਚ ਸਨ, ਜਦਕਿ 55% ਇਸ ਦੇ ਵਿਰੋਧੀ ਸਨ।

ਮਈ-ਜੂਨ 2024 ਵਿੱਚ ਇੱਕ ਹੋਰ ਸਰਵੇ ਕਰਵਾਇਆ ਗਿਆ, ਜਿਸ ਵਿੱਚ 560 ਪਰਿਵਾਰਾਂ ਨੂੰ ਰਾਏ ਦੇਣ ਲਈ ਕਿਹਾ ਗਿਆ। 329 ਲੋਕਾਂ ਨੇ ਇਸ ਵਿੱਚ ਹਿੱਸਾ ਲਿਆ, ਜਿਸ ਵਿੱਚ ਵਾੜ ਲਾਉਣ ਦੇ ਹੱਕ ਵਿੱਚ ਸਮਰਥਨ 61% ਹੋ ਗਿਆ, ਜਦਕਿ 39% ਨੇ ਇਸ ਦਾ ਵਿਰੋਧ ਕੀਤਾ।

ਡੌਨ ਪਿਟਕਰਨ ਨੇ ਕਿਹਾ ਕਿ ਬੇਵਿਊ ਸਟ੍ਰੀਟ 'ਤੇ ਕੁੱਲ 105 ਪਾਰਕਿੰਗ ਸਥਾਨ ਅਤੇ ਮੈਪਲ ਸਟ੍ਰੀਟ 'ਤੇ 40 ਹੋਰ ਸਥਾਨ ਬੰਦ ਹੋ ਜਾਣਗੇ, ਜਿਸ ਕਾਰਨ 145 ਪਾਰਕਿੰਗ ਸਥਾਨ ਖ਼ਤਮ ਕਰ ਦਿੱਤੇ ਜਾਣਗੇ ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਪੁੱਛਿਆ ਕਿ ਇਸ ਲਗਾਈ ਜਾ ਰਹੀ ਵਾੜ ਦੀ ਨਿਗਰਾਨੀ ਕਿਵੇਂ ਹੋਏਗੀ, ਤੇ ਕੀ ਇਹ ਸੜਕ 'ਤੇ ਪੈਦਲ ਯਾਤਰੀਆਂ ਲਈ ਚਲਣ ਦਾ ਰਸਤਾ ਮੁਹੱਈਆ ਕਰੇਗੀ ਜਾਂ ਨਹੀਂ।

ਸ਼ਹਿਰੀ ਅਧਿਕਾਰੀਆਂ ਨੇ ਜਵਾਬ ਦਿੰਦਿਆਂ ਕਿਹਾ, "ਇਹ ਵਾੜ ਬਸੰਤ ਦੇ ਅਖੀਰ ਤੱਕ ਲਗਾਈ ਜਾਵੇਗੀ, ਅਤੇ ਸੰਭਾਵਨਾ ਹੈ ਕਿ ਪੈਦਲ ਯਾਤਰੀਆਂ ਦੇ ਲਈ ਸੜਕ 'ਤੇ ਨਵੀਂ ਯੋਜਨਾ ਅਪਣਾਈ ਜਾਵੇ।"

This report was written by Simranjit Singh as part of the Local Journalism Initiative.




# ਕੈਨੇਡਾ ਨੇ 500,000 ਬਰਡ ਫਲੂ ਵੈਕਸੀਨ ਦੀਆਂ ਖੁਰਾਕਾਂ ਖ਼ਰੀਦੀਆਂ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਨੇ ਬਰਡ ਫਲੂ ਵੈਕਸੀਨ ਦੀਆਂ 500,000 ਖੁਰਾਕਾਂ (ਐਚ5ਐਨ1) ਖਰੀਦਣ ਦੀ ਪੁਸ਼ਟੀ ਕੀਤੀ ਹੈ। ਇਹ ਵੈਕਸੀਨ ਬ੍ਰਿਟਿਸ਼ ਦਵਾਈ ਕੰਪਨੀ ਘਸ਼ਖ ਵੱਲੋਂ ਤਿਆਰ ਕੀਤੀ ਗਈ ਹੈ। ਇਹ ਫੈਸਲਾ ਸਿਹਤ ਵਿਭਾਗ ਵੱਲੋਂ "ਲੋਕਾਂ ਦੀ ਸੁਰੱਖਿਆ ਅਤੇ ਸਾਵਧਾਨੀ " ਵਜੋਂ ਲਿਆ ਗਿਆ ਹੈ, ਤਾਂ ਜੋ ਭਵਿੱਖ ਵਿੱਚ ਜੇਕਰ ਇਸ ਵੈਕਸੀਨ ਦੀ ਲੋੜ ਪਵੇ, ਤਾਂ ਉਹ ਤੁਰੰਤ ਉਪਲੱਬਧ ਕਰਵਾਈ ਜਾ ਸਕੇ।

ਕੈਨੇਡਾ ਦੀ ਪਬਲਿਕ ਹੈਲਥ ਏਜੰਸੀ (PHAC) ਨੇ ਕਿਹਾ ਕਿ ਆਮ ਜਨਤਾ ਲਈ ਹਾਲੇ ਵੀ ਖਤਰਾ ਘੱਟ ਹੈ, ਪਰ ਜੋ ਲੋਕ ਇਸ ਵਾਇਰਸ ਦੇ ਸੰਪਰਕ 'ਚ ਆ ਸਕਦੇ ਹਨ, ਉਨ੍ਹਾਂ ਦੀ ਸੁਰੱਖਿਆ ਕਰਨੀ ਜ਼ਰੂਰੀ ਹੈ। ਉਨ੍ਹਾਂ ਕਿਹਾ, "ਇਹ ਖਰੀਦ ਇਸ ਗੱਲ ਨੂੰ ਯਕੀਨੀ ਬਣਾਉਂਦੀ ਹੈ ਕਿ ਜੇਕਰ ਹਾਲਾਤ ਵਿਗੜਦੇ ਹਨ, ਤਾਂ ਅਸੀਂ ਤੁਰੰਤ ਉੱਚ ਜੋਖਮ ਵਾਲੇ ਲੋਕਾਂ ਦੀ ਰਾਖੀ ਕਰ ਸਕਦੇ ਹਾਂ।"

ਇਹ ਵੈਕਸੀਨ ਖਰੀਦਣ ਦਾ ਫੈਸਲਾ ਉਸ ਵੱਧ ਰਹੀ ਚਿੰਤਾ ਦੇ ਮੱਦੇਨਜ਼ਰ ਲਿਆ ਗਿਆ ਹੈ, ਜਿਸ ਅਨੁਸਾਰ ਬਰਡ ਫਲੂ ਦੇ ਕੇਸ ਵਿਸ਼ਵ ਪੱਧਰ ‘ਤੇ ਵੱਧ ਰਹੇ ਹਨ। ਕੈਨੇਡਾ ‘ਚ ਨਵੰਬਰ 2024 ‘ਚ ਪਹਿਲੀ ਵਾਰ ਕਿਸੇ ਕੈਨੇਡੀਅਨ ਨਾਗਰਿਕ ‘ਚ ਅਜਿਹੇ ਕੇਸ ਦੀ ਪੁਸ਼ਟੀ ਹੋਈ ਸੀ, ਜੋ ਕਿ ਘਰੇਲੂ ਤੌਰ ‘ਤੇ ਸੰਕਰਮਿਤ ਹੋਣ ਵਾਲਾ ਪਹਿਲਾ ਮਾਮਲਾ ਸੀ।



ਸਿਹਤ ਵਿਭਾਗ ਅਤੇ ਵਿਗਿਆਨੀਆਂ ਨੂੰ ਚਿੰਤਾ ਹੈ ਕਿ ਬਸੰਤ ਦੌਰਾਨ ਪੰਛੀਆਂ ਦੀ ਹਿਜ਼ਰਤ (imgraiton) ਕਾਰਨ ਇਹ ਵਾਇਰਸ ਹੋਰ ਵੀ ਫੈਲ ਸਕਦਾ ਹੈ।

ਕੈਨੇਡਾ ਦੇ ਸਿਹਤ ਮੰਤਰੀ ਮਾਰਕ ਹੋਲੈਂਡ ਨੇ ਕਿਹਾ, "ਸਾਡੇ ਲਈ ਲੋਕਾਂ ਦੀ ਸਿਹਤ ਦੀ ਰਾਖੀ ਸਭ ਤੋਂ ਵੱਡੀ ਤਰਜੀਹ ਹੈ। ਅਸੀਂ ਕੋਵਿਡ-19 ਮਹਾਮਾਰੀ ਤੋਂ ਸਿੱਖਿਆ ਲਈ ਹੈ ਕਿ ਅਗੇ ਤੋਂ ਤਿਆਰ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ।"

ਉਨ੍ਹਾਂ ਕਿਹਾ ਕਿ ਇਹ ਵੈਕਸੀਨ ਸਟਾਕ 'ਚ ਰੱਖਣ ਦਾ ਫੈਸਲਾ ਇਸ ਗੱਲ ਨੂੰ ਯਕੀਨੀ ਬਣਾਉਂਦੇ ਹੋਏ ਲਿਆ ਗਿਆ ਹੈ ਕਿ ਕੈਨੇਡਾ ਕਿਸੇ ਵੀ ਸੰਭਾਵੀ ਸਿਹਤ ਸੰਕਟ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਦੇ ਸਮਰੱਥ ਹੈ।

PHAC ਨੇ ਦੱਸਿਆ ਕਿ ਇਹ ਵੈਕਸੀਨ "ਇਕਸਾਫ਼ ਅਤੇ ਜੋਖਮ-ਅਧਾਰਤ ਪਹੁੰਚ" ਅਨੁਸਾਰ ਸੂਬਿਆਂ ਅਤੇ ਖੇਤਰੀ ਸਰਕਾਰਾਂ ਵਿੱਚ ਵੰਡੇ ਜਾਣਗੇ। 60% ਖੁਰਾਕਾਂ ਸੂਬਿਆਂ ਅਤੇ ਖੇਤਰੀ ਸਰਕਾਰਾਂ ਨੂੰ ਦਿੱਤੀਆਂ ਜਾਣਗੀਆਂ। 40% ਕੇਂਦਰੀ ਭੰਡਾਰ ‘ਚ ਸੰਭਾਲੀਆਂ ਜਾਣਗੀਆਂ, ਤਾਂ ਜੋ ਭਵਿੱਖ ਲਈ ਸਟਾਕ ਉਪਲਬਧ ਰਹੇ।

ਇਹ ਤੈਅ ਕਰਨਾ ਕਿ ਕਦੋਂ, ਕਿਵੇਂ ਅਤੇ ਕਿਸ ਗਰੁੱਪ ਨੂੰ ਇਹ ਵੈਕਸੀਨ ਦਿੱਤੀ ਜਾਵੇ, ਇਹ ਸੂਬਿਆਂ ਅਤੇ ਖੇਤਰੀ ਸਰਕਾਰਾਂ ਉੱਤੇ ਨਿਰਭਰ ਕਰੇਗਾ।

ਕੈਨੇਡਾ ਦੀ ਮੁੱਖ ਜਨਤਕ ਸਿਹਤ ਅਧਿਕਾਰੀ ਡਾ. ਥੈਰੇਸਾ ਟੈਮ ਨੇ ਵੀ ਇਹ ਮਾਮਲਾ ਗੰਭੀਰ ਦੱਸਦੇ ਹੋਏ ਕਿਹਾ ਕਿ "ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵੈਕਸੀਨ ਉਨ੍ਹਾਂ ਲੋਕਾਂ ਲਈ ਉਪਲਬਧ ਹੋਵੇ, ਜੋ ਵਧੇਰੇ ਜੋਖਮ ‘ਚ ਹਨ। ਇਹ ਸਾਡੀ ਤਿਆਰੀ ਦੀ ਰਣਨੀਤੀ ਦਾ ਹਿੱਸਾ ਹੈ, ਤਾਂ ਜੋ ਕੈਨੇਡਾ ਕਿਸੇ ਵੀ ਸੰਭਾਵੀ ਸਿਹਤ ਸੰਕਟ ਲਈ ਤਿਆਰ ਹੋਵੇ।"

ਮਾਹਿਰ ਕਹਿੰਦੇ ਹਨ ਕਿ ਹਾਲੇ ਤੱਕ ਇਹ ਵਾਇਰਸ ਮਨੁੱਖਾਂ ‘ਚ ਆਮ ਤੌਰ ‘ਤੇ ਨਹੀਂ ਫੈਲ ਰਿਹਾ, ਪਰ ਜੇਕਰ ਇਹ ਮਿਊਟੇਟ ਹੋਇਆ, ਤਾਂ ਇਹ ਮਹਾਂਮਾਰੀ ਬਣ ਸਕਦਾ ਹੈ।

ਜ਼ਿਕਰਯੋਗ ਹੈ ਕਿ 2003 ਤੋਂ ਲੈ ਕੇ 2023 ਤੱਕ 900 ਤੋਂ ਵੱਧ ਲੋਕ ਬਰਡ ਫਲੂ ਨਾਲ ਸੰਕਰਮਿਤ ਹੋਏ, ਜਿਨ੍ਹਾਂ ਵਿੱਚੋਂ 50% ਤੋਂ ਵੱਧ ਦੀ ਮੌਤ ਹੋ ਗਈ। ਵੈਕਸੀਨ ਖਰੀਦ ਕੇ ਕੈਨੇਡਾ ਨੇ ਇਹ ਪਹਿਲਾ ਸਾਵਧਾਨੀ ਭਰਿਆ ਕਦਮ ਚੁੱਕਿਆ ਹੈ, ਜੋ ਭਵਿੱਖ ਵਿੱਚ ਲੋਕਾਂ ਦੀ ਜਾਨ ਬਚਾਉਣ ਲਈ ਬਹੁਤ ਲਾਭਕਾਰੀ ਸਾਬਤ ਹੋ ਸਕਦਾ ਹੈ।

This report was written by Simranjit Singh as part of the Local Journalism Initiative.

# ਕੈਲਗਰੀ ’ਚ ਕਾਰਬਨ ਮੋਨੋਕਸਾਈਡ ਲੀਕ ਕਾਰਨ ਔਰਤ ਦੀ ਮੌਤ, ਬੱਚਾ ਹਸਪਤਾਲ ’ਚ ਦਾਖ਼ਲ

**ਕੈਲਗਰੀ (ਪਰਮਜੀਤ ਸਿੰਘ):** ਕੈਲਗਰੀ ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਸ਼ਹਿਰ ਦੇ ਦੱਖਣ-ਪੱਛਮੀ ਹਿੱਸੇ ਵਿੱਚ ਇੱਕ ਘਰ ਵਿੱਚ ਕਾਰਬਨ ਮੋਨੋਕਸਾਈਡ ਜਹਿਰੀਲੀ ਗੈਸ ਦੀ ਲੀਕ ਕਾਰਨ ਇੱਕ ਔਰਤ ਦੀ ਮੌਤ ਹੋ ਗਈ, ਜਦਕਿ ਇੱਕ ਬੱਚਾ ਨਾਜ਼ੁਕ ਹਾਲਤ ਵਿੱਚ ਹਸਪਤਾਲ 'ਚ ਦਾਖਲ ਹੈ।

ਕੈਲਗਰੀ ਪੁਲਿਸ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ 12 ਵਜੇ 100 ਬਲਾਕ ਸ਼ਾਮੀਡੋਜ਼ ਕਰੈਸੈਂਟ 'ਤੇ ਮੌਜੂਦ ਇੱਕ ਘਰ ਵਿੱਚ ਵੈਲਫੇਅਰ ਚੈੱਕ ਕਰਨ ਪਹੁੰਚੀ। ਜਦ ਪੁਲਿਸ ਅਧਿਕਾਰੀਆਂ ਨੇ ਘਰ ਦੇ ਅੰਦਰ ਜਾਂਚ ਕੀਤੀ, ਉਹਨਾਂ ਨੇ ਇੱਕ ਔਰਤ ਅਤੇ ਬੱਚੇ ਨੂੰ ਬੇਹੋਸ਼ ਹਾਲਤ ਵਿੱਚ ਪਾਇਆ।

ਪੁਲਿਸ ਨੇ ਕਿਹਾ ਕਿ ਉਸ ਔਰਤ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਉੱਥੇ ਪਹੁੰਚਣ ਤੋਂ ਬਾਅਦ ਉਸ ਦੀ ਮੌਤ ਹੋ ਗਈ।

ਕੈਲਗਰੀ ਅੱਗ ਭੁਝਾਊ ਵਿਭਾਗ (ਛਢਧ) ਦੇ ਅਧਿਕਾਰੀ ਨੇ ਕਿਹਾ ਕਿ ਘਰ ਦੇ ਅੰਦਰ ਕਾਰਬਨ ਮੋਨੋਕਸਾਈਡ ਦੀ ਮਾਤਰਾ ਬਹੁਤ ਵੱਧ ਗਈ ਸੀ, ਜਿਸ ਦਾ ਕਾਰਣ ਫਰਨੇਸ ਵਿੱਚ ਹੋਈ ਲੀਕ ਦੱਸਿਆ ਜਾ ਰਿਹਾ ਹੈ।

ਕੈਲਗਰੀ ਅੱਗ ਭੁਝਾਊ ਵਿਭਾਗ ਦੇ ਬੁਲਾਰੇ ਕੈਰੋਲ ਹੈਨਕੇ ਨੇ ਮਾਮਲੇ 'ਤੇ ਚਿੰਤਾ ਜਤਾਈ ਤੇ ਕਿਹਾ,"ਇਹ ਇੱਕ ਦਰਦਨਾਕ ਘਟਨਾ ਹੈ। ਅਜੇਹੀਆਂ ਮੌਤਾਂ ਤੋਂ ਬਚਣ ਲਈ, ਹਰ ਘਰ ਵਿੱਚ ਕਾਰਬਨ ਮੋਨੋਕਸਾਈਡ ਅਲਾਰਮ ਹੋਣਾ ਲਾਜ਼ਮੀ ਹੈ, ਕਿਉਂਕਿ ਇਹ ਗੈਸ ਦਿੱਖਣ, ਸੁਣਨ ਜਾਂ ਸੂੰਘਣ ਵਿੱਚ ਨਹੀਂ ਆਉਂਦੀ।"

ਹੈਨਕੇ ਨੇ ਦੱਸਿਆ ਕਿ ਇਹ ਇਕੱਲੀ ਐਸੀ ਘਟਨਾ ਨਹੀਂ, ਸਗੋਂ ਪਿਛਲੇ ਹਫ਼ਤੇ ਵੀ ਇੱਕ ਵਿਅਕਤੀ ਅਤੇ ਇੱਕ ਬੱਚਾ ਹਸਪਤਾਲ ਪਹੁੰਚੇ ਸੀ, ਜਦ ਉਹਨਾਂ ਦੇ ਘਰ ਦੇ ਗੈਰੇਜ ਵਿੱਚ ਗੱਡੀ ਚੱਲਦੀ ਰਹਿ ਗਈ ਸੀ।

ਉਨ੍ਹਾਂ ਕਿਹਾ ਕਿ ਠੰਡ ਦੇ ਦਿਨਾਂ 'ਚ ਹੀਟਰ ਤੇ ਗੱਡੀਆਂ ਦੀ ਵਰਤੋਂ ਵੱਧ ਹੁੰਦੀ ਹੈ, ਇਸ ਲਈ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਪੁਲਿਸ ਨੇ ਦੱਸਿਆ ਕਿ ਮੌਕੇ 'ਤੇ ਮਿਲੇ ਬੱਚੇ ਨੂੰ ਅਲਬਰਟਾ ਦੇ ਬੱਚਿਆਂ ਦੇ ਐਮਰਰਜੈਂਸੀ ਵਿੱਖੇ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਹਾਲਤ ਨਾਜ਼ੁਕ, ਪਰ ਸਥਿਰ ਦੱਸੀ ਜਾ ਰਹੀ ਹੈ। ਡਾਕਟਰਾਂ ਨੇ ਉਮੀਦ ਜਤਾਈ ਕਿ ਬੱਚਾ ਜਲਦੀ ਠੀਕ ਹੋ ਜਾਵੇਗਾ।




NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।

ਮੁਫ਼ਤ ਸਲਾਹ

“Over 20 years experience as Denturist”

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL

R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747

Surrey #211-8334-128 St. Surrey BC V3W 4G2

(Second floor Khalsa Business Centre)

A TO Z DRIVING SCHOOL




ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

AIR BRAKE CLASS

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲ਼ੱਕੀ ਸੇਖੋਂ 604 614 5365

DHESI MEAT SHOP

SERVING THE COMMUNITY FOR OVER 16 YEARS.



FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.

NOW SERVING IN 3 LOCATIONS

King George Blvd (Bear Creek) 106-13588-88 Avenue Surrey, BC V3W 3K8, 604-501-2277

Fleetwood Location : 104-15933 Fraser Hwy, Surrey, BC V4N 0Y3, 604-593-5222

Sullivan Heights : #102 - 14330 - 64 Ave Surrey, BC, 604-503-2880

ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
604-751-1113
- Karamjit Singh Buttar
Journalist
- Simranjit Singh
Journalist
- Dr. Puran Singh
Writer
- Gora Sandhu Khurd
News Reporter (Punjab)
- Paramjit Singh
Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Website :
**www.thepunjabtimes.ca**
E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਵਿਸ਼ਵ ਲਈ ਖਿੱਚ ਦਾ ਕੇਂਦਰ ਉੱਤਰੀ ਅਮਰੀਕਾ

*"ਅਮਰੀਕਾ ਦੇ ਨਿਊਯਾਰਕ ਰਾਜ ਤੋਂ ਨਿਕਲਦਾ ਜਗਤ ਪ੍ਰਸਿੱਧ ਨਿਆਗਰਾ ਝਰਨਾ ਕੈਨੇਡਾ ਦੇ ਓਂਟਾਰੀਓ ਇਲਾਕੇ ਵਿੱਚ ਦਾਖ਼ਲ ਹੁੰਦਾ ਹੈ। ਰਕਬੇ ਪੱਖੋਂ ਕੈਨੇਡਾ ਸੰਸਾਰ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ ਜਿੱਥੇ ਸੰਸਾਰ ਦੀਆਂ ਸਭ ਤੋਂ ਵੱਧ ਤਾਜ਼ੇ ਪਾਣੀ ਦੀਆਂ ਝੀਲਾਂ ਹਨ। ਦਸ ਪ੍ਰਦੇਸ਼ਾਂ ਅਤੇ ਤਿੰਨ ਹੋਰ ਖੇਤਰਾਂ ਵਿੱਚ ਵੰਡੇ ਹੋਏ ਕੈਨੇਡਾ ਦੀ ਕੁੱਲ ਆਬਾਦੀ 3.80 ਕਰੋੜ ਹੈ ਜੋ ਕਿ ਵਿਸ਼ਵ ਦੀ ਕੁੱਲ ਵੱਸੋਂ ਦੇ ਅੱਧਾ ਫ਼ੀਸਦ ਤੋਂ ਵੀ ਘੱਟ ਹੈ। ਕੈਨੇਡਾ ਦੇ ਓਂਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਇਲਾਕਿਆਂ ਵਿੱਚ ਪੰਜਾਬੀਆਂ ਦੀ ਵੱਡੀ ਗਿਣਤੀ ਵੱਸਦੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਖੇ ਪੰਜਾਬੀਆਂ ਦੀ ਸਭ ਤੋਂ ਜ਼ਿਆਦਾ ਗਿਣਤੀ ਹੈ।"*

**ਲੇਖਕ : ਅਸ਼ਵਨੀ ਚਤਰਥ**
**ਸੰਪਰਕ: 62842-20595**



ਵਿਸ਼ਵ ਦੇ ਸੱਤ ਮਹਾਂਦੀਪਾਂ ਵਿੱਚੋਂ ਉੱਤਰੀ ਅਮਰੀਕਾ ਤੀਜਾ ਸਭ ਤੋਂ ਵੱਡਾ ਮਹਾਂਦੀਪ ਹੈ। ਇਹ ਉਨ੍ਹਾਂ ਤਿੰਨ ਮਹਾਂਦੀਪਾਂ ਵਿੱਚੋਂ ਇੱਕ ਹੈ (ਬਾਕੀ ਦੋ ਹਨ ਦੱਖਣੀ ਅਮਰੀਕਾ ਅਤੇ ਓਸ਼ੀਐਨੀਆ) ਜਿਨ੍ਹਾਂ ਨੂੰ ਨਵਾਂ ਵਿਸ਼ਵ ਦਾ ਨਾਂ ਦਿੱਤਾ ਜਾਂਦਾ ਹੈ। ਤਕਰੀਬਨ 25 ਮਿਲੀਅਨ ਵਰਗ ਕਿਲੋਮੀਟਰ ਵਿੱਚ ਫੈਲਿਆ ਇਹ ਇਲਾਕਾ ਉੱਤਰ ਵਾਲੇ ਪਾਸਿਓਂ ਆਰਕਟਿਕ ਮਹਾਂਸਾਗਰ, ਪੂਰਬ ਵੱਲੋਂ ਅੰਧ ਮਹਾਂਸਾਗਰ, ਦੱਖਣ ਵੱਲੋਂ ਦੱਖਣੀ ਅਮਰੀਕਾ ਅਤੇ ਪੱਛਮ ਵੱਲੋਂ ਪ੍ਰਸ਼ਾਂਤ ਮਹਾਂਸਾਗਰ ਨਾਲ ਘਿਰਿਆ ਹੋਇਆ ਹੈ। ਸੰਸਾਰ ਦੇ ਸਭ ਤੋਂ ਵੱਡੇ ਟਾਪੂ ਗਰੀਨਲੈਂਡ ਨੂੰ ਉੱਤਰੀ ਅਮਰੀਕੀ ਟੈਕਟੋਨਿਕ ਪਲੇਟ ਉੱਤੇ ਸਥਿਤ ਹੋਣ ਕਰਕੇ ਉੱਤਰੀ ਅਮਰੀਕਾ ਮਹਾਂਦੀਪ ਦਾ ਹਿੱਸਾ ਹੀ ਗਿਣਿਆ ਜਾਂਦਾ ਹੈ। ਆਬਾਦੀ ਪੱਖੋਂ ਚੌਥੇ ਸਭ ਤੋਂ ਵੱਡੇ ਇਸ ਮਹਾਂਦੀਪ ਦੀ ਜਨਸੰਖਿਆ 59.70 ਕਰੋੜ ਦੇ ਕਰੀਬ ਹੈ। ਇਸ ਦੀ ਤਿੰਨ ਚੌਥਾਈ ਆਬਾਦੀ ਇਸਾਈ ਧਰਮ ਨਾਲ ਸਬੰਧਿਤ ਹੈ। ਜ਼ਿਕਰਯੋਗ ਹੈ ਕਿ ਉੱਤਰੀ ਅਮਰੀਕਾ ਮਹਾਂਦੀਪ ਦੀ ਕੁੱਲ ਆਬਾਦੀ ਦਾ ਪੰਜਵਾਂ ਹਿੱਸਾ ਕਿਸੇ ਵੀ ਧਰਮ ਨਾਲ ਸਬੰਧ ਨਹੀਂ ਰੱਖਦਾ।

ਇਟਲੀ ਦੇ ਮਹਾਨ ਖੋਜੀ ਕ੍ਰਿਸਟੋਫਰ ਕੋਲੰਬਸ ਨੇ ਸੰਨ 1492 ਤੋਂ 1504 ਦੇ ਦਰਮਿਆਨ ਸਪੇਨ (ਯੂਰਪ) ਤੋਂ ਅਮਰੀਕਾ ਕੀਤੀਆਂ ਗਈਆਂ ਚਾਰ ਖੋਜੀ ਯਾਤਰਾਵਾਂ ਦੌਰਾਨ ਯੂਰਪ ਅਤੇ ਅਮਰੀਕਾ ਵਿੱਚ ਸਬੰਧ ਸਥਾਪਿਤ ਕੀਤੇ। ਇੱਕ ਹੋਰ ਘਟਨਾ 7 ਜੂਨ 1494 ਦੀ ਹੈ ਜਦੋਂ ਯੂਰਪ ਦੀਆਂ ਉਸ ਸਮੇਂ ਦੀਆਂ ਦੋ ਸ਼ਕਤੀਆਂ ਸਪੇਨ ਅਤੇ ਪੁਰਤਗਾਲ ਵਿਚਾਲੇ ਹੋਈ ਇੱਕ ਸੰਧੀ ਤਹਿਤ ਉਨ੍ਹਾਂ ਨੇ 'ਨਵੇਂ ਵਿਸ਼ਵ' ਭਾਵ ਅਮਰੀਕਾ ਦੀ ਜ਼ਮੀਨ ਅਤੇ ਉੱਥੋਂ ਦੇ ਸਾਧਨਾਂ ਨੂੰ ਆਪਸ ਵਿੱਚ ਵੰਡ ਲਿਆ ਸੀ। ਇਸ ਦਾ ਸਬੂਤ ਅਮਰੀਕਾ ਦੇ ਅਨੇਕਾਂ ਹਿੱਸਿਆਂ ਵਿੱਚ ਬੋਲੀਆਂ ਜਾਂਦੀਆਂ ਸਪੈਨਿਸ਼ ਅਤੇ ਪੁਰਤਗਾਲੀ ਭਾਸ਼ਾਵਾਂ ਹਨ। ਦੋ ਯੂਰਪੀ ਸ਼ਕਤੀਆਂ ਦਰਮਿਆਨ ਹੋਏ ਇਸ ਸਮਝੌਤੇ ਤੋਂ ਬਾਅਦ ਇਨ੍ਹਾਂ ਵੱਲੋਂ ਲੱਖਾਂ ਦੀ ਗਿਣਤੀ ਵਿੱਚ ਅਫ਼ਰੀਕੀ ਗ਼ੁਲਾਮਾਂ ਨੂੰ ਅਮਰੀਕਾ ਵਿੱਚ ਲਿਆਂਦਾ ਗਿਆ ਸੀ। ਉਕਤ ਸਮਝੌਤੇ ਤੋਂ ਬਾਅਦ ਤਾਂ ਸੰਨ 1500 ਅਤੇ 1600 ਦੇ ਦਰਮਿਆਨ ਬਰਤਾਨੀਆ ਅਤੇ ਫਰਾਂਸ ਸਮੇਤ ਅਨੇਕਾਂ ਯੂਰਪੀ ਦੇਸ਼ਾਂ ਨੇ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਵਿੱਚ ਆਪਣੀਆਂ ਬਸਤੀਆਂ ਸਥਾਪਿਤ ਕੀਤੀਆਂ।

ਭੂਗੋਲਿਕ ਪੱਖੋਂ ਪਨਾਮਾ ਥਲਡਮਰੂ ਉੱਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਮਹਾਂਦੀਪਾਂ ਨੂੰ ਆਪਸ ਵਿੱਚ ਜੋੜਦਾ ਹੈ। ਉੱਤਰੀ ਅਮਰੀਕਾ ਮਹਾਂਦੀਪ ਵਿੱਚ 23 ਦੇਸ਼ ਹਨ ਜਿਨ੍ਹਾਂ ਵਿੱਚੋਂ ਦਸ ਮਹਾਂਦੀਪ ਦੀ ਮੁੱਖ ਭੂਮੀ ਉੱਤੇ ਸਥਿਤ ਹਨ ਅਤੇ ਬਾਕੀ 13 ਟਾਪੂਆਂ ਦਾ ਇੱਕ ਸਮੂਹ ਹੈ ਜਿਸ ਨੂੰ ਕੈਰੀਬਿਆਈ ਦੇਸ਼ ਆਖਦੇ ਹਨ। ਇਹ 13 ਦੇਸ਼ ਹਨ ਬਾਹਮਾਸ, ਬਾਰਬਾਡੋਸ, ਕਿਊਬਾ, ਐਂਟੀਗੁਆ, ਡੋਮਾਨੀਕਾ, ਹੈਤੀ, ਸੇਂਟ ਕਿੱਟਸ, ਜਮਾਇਕਾ, ਸੇਂਟ ਲੂਸੀਆ, ਸੇਂਟ ਵਿਨਸੈਂਟ, ਗਰੀਨੇਡਾ, ਡੋਮਿਨੀਕਨ ਰਿਪਬਲਿਕ ਅਤੇ ਟ੍ਰਿਨੀਡਾਡ ਤੇ ਟੋਬੈਗੋ। ਇਸ ਮਹਾਂਦੀਪ ਦੇ ਤਿੰਨ ਵੱਡੇ ਦੇਸ਼ ਹਨ: ਯੂ.ਐੱਸ.ਏ. ਭਾਵ ਅਮਰੀਕਾ, ਕੈਨੇਡਾ ਅਤੇ ਮੈਕਸਿਕੋ।

ਅਮਰੀਕਾ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਉਹ ਦੇਸ਼ ਹੈ ਜਿਸ ਦੇ ਪੰਜਾਹ ਸੂਬੇ ਹਨ। ਉੱਤਰ ਵੱਲੋਂ ਇਸ ਦੀ ਹੱਦ ਕੈਨੇਡਾ ਅਤੇ ਦੱਖਣ ਵੱਲੋਂ ਮੈਕਸਿਕੋ ਨਾਲ ਲੱਗਦੀ ਹੈ। ਇਸ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਹੈ। ਅਜੋਕੇ ਸਮੇਂ ਵਿੱਚ ਵਿਗਿਆਨ, ਆਰਥਿਕ ਤਰੱਕੀ, ਉਦਯੋਗ ਅਤੇ ਪੁਲਾੜ ਵਿਗਿਆਨ ਪੱਖੋਂ ਬੇਹੱਦ ਵਿਕਸਿਤ ਇਸ ਦੇਸ਼ ਨੇ ਆਪਣੇ ਆਪ ਨੂੰ ਵਿਸ਼ਵ ਸ਼ਕਤੀ ਦੇ ਰੂਪ ਵਿੱਚ ਸਥਾਪਿਤ ਕੀਤਾ ਹੋਇਆ ਹੈ। ਵਿਸ਼ਵ ਦੀ ਕੁੱਲ ਆਬਾਦੀ ਦੀ ਮਹਿਜ਼ ਚਾਰ ਫ਼ੀਸਦ ਵਸੋਂ ਵਾਲੇ ਇਸ ਦੇਸ਼ ਕੋਲ ਸੰਸਾਰ ਦੇ ਕੁੱਲ ਸਰਮਾਏ ਦਾ 30 ਫ਼ੀਸਦੀ ਹਿੱਸਾ ਮੌਜੂਦ ਹੈ। ਇਸ ਦਾ ਵੱਡਾ ਕਾਰਨ ਪਿਛਲੇ ਤਕਰੀਬਨ ਸੌ ਸਾਲਾਂ ਵਿੱਚ ਇਸ ਦਾ ਤੇਜ਼ੀ ਨਾਲ ਵਿਕਾਸ ਕਰਨਾ ਹੈ। ਇਸ ਦੇ ਨਿਊਯਾਰਕ ਸ਼ਹਿਰ ਵਿੱਚ ਸਥਾਪਿਤ ਕੀਤਾ ਤਾਂਬੇ ਦਾ ਬਣਿਆ 'ਸਟੈਚੂ ਆਫ ਲਿਬਰਟੀ' ਬੁੱਤ ਫਰਾਂਸ ਵੱਲੋਂ ਤੋਹਫ਼ੇ ਦੇ ਰੂਪ ਵਿੱਚ ਦਿੱਤਾ ਗਿਆ ਸੀ। ਫਰਾਂਸ ਦੀ ਮੂਰਤੀਕਾਰ ਫਰੈਡਰਿਕ ਆਗਸਤ ਬਾਰਥੋਲਡੀ ਵੱਲੋਂ ਡਿਜ਼ਾਈਨ ਕੀਤੇ 93 ਮੀਟਰ (ਜ਼ਮੀਨ ਤੋਂ ਮਸ਼ਾਲ ਦੇ ਸਿਖਰ ਤੱਕ) ਉਚਾਈ ਵਾਲੀ ਯੂਨੈਸਕੋ ਦੀ ਇਸ ਵਿਰਾਸਤ ਨੂੰ 28 ਅਕਤੂਬਰ 1886 ਨੂੰ ਅਮਰੀਕਾ ਦੇ ਲੋਕਾਂ ਨੂੰ ਰਸਮੀ ਤੌਰ 'ਤੇ ਸਮਰਪਿਤ ਕੀਤਾ ਗਿਆ ਸੀ।

ਅਮਰੀਕਾ ਦੀਆਂ ਮੈਸਾਚੂਸੈਟਸ ਤਕਨਾਲੋਜੀ ਸੰਸਥਾ, ਸਟੈਨਫਰਡ ਯੂਨੀਵਰਸਿਟੀ, ਹਾਰਵਰਡ ਯੂਨੀਵਰਸਿਟੀ ਅਤੇ ਕੋਲੰਬੀਆ ਯੂਨੀਵਰਸਿਟੀ ਜਿਹੀਆਂ ਸੰਸਥਾਵਾਂ ਉੱਥੋਂ ਦੀ ਆਧੁਨਿਕ ਸਿੱਖਿਆ ਪ੍ਰਣਾਲੀ ਦਾ ਆਧਾਰ ਹਨ। ਅਮਰੀਕਾ ਦੀਆਂ ਨਾਸਾ ਅਤੇ ਸਪੇਸ-ਐਕਸ ਪੁਲਾੜ ਏਜੰਸੀਆਂ ਨੇ ਪੁਲਾੜ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ, ਜਿਸ ਨੇ ਵਿਸ਼ਵ ਭਰ ਦੇ ਵਿਗਿਆਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਇਨ੍ਹਾਂ ਗੱਲਾਂ ਦੇ ਚੱਲਦਿਆਂ ਇੱਕ ਚੀਜ਼ ਜੋ ਜ਼ਿਕਰਯੋਗ ਹੈ ਉਹ ਹੈ ਕਿ ਸਮੁੱਚੇ ਏਸ਼ੀਆ ਵਿੱਚ ਬੇਰੁਜ਼ਗਾਰੀ ਦੇ ਚੱਲਦਿਆਂ ਅਤੇ ਅਮਰੀਕਾ ਦੀ ਚਮਕ-ਦਮਕ ਨੂੰ ਵੇਖਦੇ ਹੋਏ ਭਾਰਤ ਅਤੇ ਖ਼ਾਸਕਰ ਪੰਜਾਬ ਦੇ ਅਨੇਕਾਂ ਨੌਜਵਾਨ ਲੜਕੇ-ਲੜਕੀਆਂ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵੱਲ ਜਾਣ ਦੀ ਗ਼ਲਤੀ ਕਰ ਬੈਠਦੇ ਹਨ। ਇਸ ਧੰਦੇ ਨਾਲ ਜੁੜੇ ਲੋਕ ਉਨ੍ਹਾਂ ਨੂੰ 'ਡੰਕੀ ਤਰੀਕੇ' ਭਾਵ ਨਾਜਾਇਜ਼ ਤਰੀਕੇ ਨਾਲ ਮੈਕਸਿਕੋ ਅਤੇ ਹੋਰ ਦੇਸ਼ਾਂ ਦੀਆਂ ਸਰਹੱਦਾਂ ਵਿੱਚੋਂ ਲੰਘਾ ਕੇ ਅਮਰੀਕਾ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕਰਦੇ ਹਨ, ਜਿਸ ਦੌਰਾਨ ਬੱਚਿਆਂ ਨੂੰ ਅਨੇਕਾਂ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਮਰੀਕਾ ਦੇ ਪ੍ਰਦੇਸ਼ ਕੈਲੀਫੋਰਨੀਆ ਦੇ ਸਭ ਤੋਂ ਵੱਧ ਵੱਸੋਂ ਵਾਲੇ ਸ਼ਹਿਰ ਲਾਸ ਏਂਜਲਸ ਵਿਖੇ ਹੌਲੀਵੁੱਡ ਫਿਲਮ ਉਦਯੋਗ ਵਿਸ਼ਵ ਪ੍ਰਸਿੱਧ ਹੈ। ਇਹ ਸ਼ਹਿਰ ਜਨਵਰੀ 2025 ਨੂੰ ਉਦੋਂ ਕਾਫ਼ੀ ਸੁਰਖੀਆਂ ਵਿੱਚ ਆਇਆ ਸੀ ਜਦੋਂ ਹੌਲੀਵੁੱਡ ਪਹਾੜਾਂ ਵਿੱਚ ਅੱਗ ਲੱਗਣ ਕਾਰਨ ਇਸ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਦਸ ਹਜ਼ਾਰ ਦੇ ਕਰੀਬ ਘਰ ਅਤੇ ਹੋਰ ਨਾਮੀ ਇਮਾਰਤਾਂ ਸੜ ਕੇ ਸਵਾਹ ਹੋ ਗਈਆਂ ਸਨ। ਇਨ੍ਹਾਂ ਵਿੱਚ ਅਨੇਕਾਂ ਹੌਲੀਵੁੱਡ ਸਿਤਾਰਿਆਂ ਦੇ ਘਰ ਵੀ ਨਸ਼ਟ ਹੋ ਗਏ ਸਨ।

ਅਮਰੀਕਾ ਦੇ ਨਿਊਯਾਰਕ ਰਾਜ ਤੋਂ ਨਿਕਲਦਾ ਜਗਤ ਪ੍ਰਸਿੱਧ ਨਿਆਗਰਾ ਝਰਨਾ ਕੈਨੇਡਾ ਦੇ ਓਂਟਾਰੀਓ ਇਲਾਕੇ ਵਿੱਚ ਦਾਖ਼ਲ ਹੁੰਦਾ ਹੈ।

ਰਕਬੇ ਪੱਖੋਂ ਕੈਨੇਡਾ ਸੰਸਾਰ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ ਜਿੱਥੇ ਸੰਸਾਰ ਦੀਆਂ ਸਭ ਤੋਂ ਵੱਧ ਤਾਜ਼ੇ ਪਾਣੀ ਦੀਆਂ ਝੀਲਾਂ ਹਨ। ਦਸ ਪ੍ਰਦੇਸ਼ਾਂ ਅਤੇ ਤਿੰਨ ਹੋਰ ਖੇਤਰਾਂ ਵਿੱਚ ਵੰਡੇ ਹੋਏ ਕੈਨੇਡਾ ਦੀ ਕੁੱਲ ਆਬਾਦੀ 3.80 ਕਰੋੜ ਹੈ ਜੋ ਕਿ ਵਿਸ਼ਵ ਦੀ ਕੁੱਲ ਵੱਸੋਂ ਦੇ ਅੱਧਾ ਫ਼ੀਸਦ ਤੋਂ ਵੀ ਘੱਟ ਹੈ। ਕੈਨੇਡਾ ਦੇ ਓਂਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਇਲਾਕਿਆਂ ਵਿੱਚ ਪੰਜਾਬੀਆਂ ਦੀ ਵੱਡੀ ਗਿਣਤੀ ਵੱਸਦੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਖੇ ਪੰਜਾਬੀਆਂ ਦੀ ਸਭ ਤੋਂ ਜ਼ਿਆਦਾ ਗਿਣਤੀ ਹੈ।

ਉੱਤਰੀ ਅਮਰੀਕਾ ਮਹਾਂਦੀਪ ਦਾ ਰਕਬਾ ਵੱਡਾ ਹੋਣ ਕਰਕੇ ਇਸ ਵਿੱਚ ਜਲਵਾਯੂ ਪੱਖੋਂ ਵੱਡੀ ਵਿਭਿੰਨਤਾ ਪਾਈ ਜਾਂਦੀ ਹੈ। ਇੱਕ ਪਾਸੇ ਮੈਕਸਿਕੋ ਦੇ ਇਲਾਕਿਆਂ ਵਿੱਚ ਖੁਸ਼ਕ ਅਤੇ ਮਾਰੂਥਲੀ ਖੇਤਰ ਹਨ, ਦੂਜੇ ਪਾਸੇ ਕੈਨੇਡਾ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਬਰਫ਼ ਅਤੇ ਮੀਂਹ ਵੇਖਿਆ ਜਾ ਸਕਦਾ ਹੈ। ਨਸਲੀ ਵਿਭਿੰਨਤਾ ਪੱਖੋਂ ਉੱਤਰੀ ਅਮਰੀਕਾ ਦੀ ਆਬਾਦੀ ਨੂੰ ਤਿੰਨ ਵਰਗਾਂ ਵਿੱਚ ਵੰਡ ਸਕਦੇ ਹਾਂ: ਗੋਰੇ, ਸਿਆਹਫ਼ਾਮ ਅਤੇ ਤੀਜੀ ਨਸਲ ਹੈ ਯੂਰਪੀ ਲੋਕਾਂ ਅਤੇ ਦੇਸੀ ਲੋਕਾਂ ਦੀ ਮਿਸ਼ਰਿਤ ਨਸਲ। ਇਸ ਇਲਾਕੇ ਦੇ ਕੁਝ ਮੈਟਰੋ ਸ਼ਹਿਰ ਹਨ: ਮੈਕਸਿਕੋ ਸ਼ਹਿਰ, ਨਿਊਯਾਰਕ ਸ਼ਹਿਰ, ਸ਼ਿਕਾਗੋ, ਹਿਊਸਟਨ, ਵਾਸ਼ਿੰਗਟਨ, ਟੋਰਾਂਟੋ ਅਤੇ ਮਿਆਮੀ ਆਦਿ ।

ਮਹਾਂਦੀਪ ਦੇ ਕੈਨੇਡਾ ਅਤੇ ਅਮਰੀਕਾ ਦੇਸ਼ਾਂ ਵਿੱਚ ਫੁੱਟਬਾਲ, ਬੇਸਬਾਲ ਅਤੇ ਬਾਸਕਟਬਾਲ ਖੇਡਾਂ ਨੂੰ ਕਾਫ਼ੀ ਪਸੰਦ ਕੀਤਾ ਜਾਂਦਾ ਹੈ ਜਦੋਂਕਿ ਅਮਰੀਕਾ ਵਿੱਚ ਟੈਨਿਸ ਦੀ ਖੇਡ ਬੇਹੱਦ ਹਰਮਨ-ਪਿਆਰੀ ਹੈ। ਟੈਨਿਸ ਦੇ ਚਾਰ ਗਰੈਂਡ ਸਲੈਮ ਮੁਕਾਬਲਿਆਂ ਵਿੱਚੋਂ ਇੱਕ ਅਮਰੀਕਾ ਦਾ ਯੂ.ਐੱਸ. ਓਪਨ ਵਿਸ਼ਵ ਪ੍ਰਸਿੱਧ ਹੈ। ਸੈਰੇਨਾ ਵਿਲੀਅਮਜ਼, ਵੀਨਸ ਵਿਲੀਅਮਜ਼ ਅਤੇ ਕੋਕੋ ਗਾਫ਼ ਜਿਹੀਆਂ ਟੈਨਿਸ ਅਮਰੀਕੀ ਖਿਡਾਰਨਾਂ ਨੇ ਖੇਡ ਪ੍ਰੇਮੀਆਂ ਦੇ ਦਿਲਾਂ ਵਿੱਚ ਆਪਣੀ ਵਿਸ਼ੇਸ਼ ਜਗ੍ਹਾ ਬਣਾਈ ਹੈ।

ਇਸ ਮਹਾਂਦੀਪ ਦੀਆਂ ਪ੍ਰਮੁੱਖ ਭਾਸ਼ਾਵਾਂ ਹਨ: ਅੰਗਰੇਜ਼ੀ, ਸਪੈਨਿਸ਼ ਅਤੇ ਫਰੈਂਚ। ਕੁਝ ਅਮਰੀਕੀ ਸ਼ਖ਼ਸੀਅਤਾਂ ਜਿਵੇਂ ਅਬਰਾਹਮ ਲਿੰਕਨ, ਮਾਰਟਿਨ ਲੂਥਰ, ਜਾਰਜ ਵਾਸ਼ਿੰਗਟਨ, ਬੈਂਜਾਮਿਨ ਫਰੈਂਕਲਿਨ, ਬਿਲ ਗੇਟਸ, ਮੁਹੰਮਦ ਅਲੀ, ਨੀਲ ਆਰਮਸਟਰਾਂਗ ਅਤੇ ਐਲਨ ਮਸਕ ਆਦਿ ਵਿਸ਼ਵ ਪ੍ਰਸਿੱਧ ਹਸਤੀਆਂ ਹਨ।

# ਅਮਰੀਕਾ ਵਿੱਚ ਪੱਕੇ ਹੋਣ ਲਈ ਪਨਾਹ ਲੈਣ ਵਾਲੇ ਦੀ ਗਿਣਤੀ 'ਚ ਹੋਇਆ ਅਥਾਹ ਵਾਧਾ

**ਖਾਸ ਰਿਪੋਰਟ**

## ਅਮਰੀਕਾ ਵਿੱਚ 7.5 ਲੱਖ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀ

ਇੱਕ ਅਧਿਐਨ ਅਨੁਸਾਰ ਇਸ ਸਮੇਂ 7.5 ਲੱਖ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀ ਅਮਰੀਕਾ ਵਿੱਚ ਰਹਿ ਰਹੇ ਹਨ। ਅੰਦਾਜ਼ੇ ਮੁਤਾਬਕ ਪਰਵਾਸੀ ਭਾਰਤੀ ਮੈਕਸੀਕੋ ਅਤੇ ਐੱਲ ਸੈਲਵਾਡੋਰ ਤੋਂ ਬਾਅਦ ਤੀਜਾ ਸਭ ਜ਼ਿਆਦਾ ਗਿਣਤੀ ਭਾਰਤੀ ਭਾਈਚਾਰੇ ਦੀ ਹੈ। ਕੁਝ ਸਰਵੇਖਣਾਂ ਅਨੁਸਾਰ ਗੈਰ-ਕਾਨੂੰਨੀ ਭਾਰਤੀਆਂ ਦੀ ਗਿਣਤੀ 375,000 ਦੇ ਕਰੀਬ ਦੱਸੀ ਗਈ ਹੈ, ਜੋ ਕਿ ਭਾਰਤੀ ਪਰਵਾਸੀਆਂ ਦੀ ਗਿਣਤੀ ਨੂੰ ਪੰਜਵੇਂ ਸਥਾਨ 'ਤੇ ਰੱਖਦਾ ਹੈ। ਅਮਰੀਕਾ ਦੀ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀਐੱਚਐੱਸ) ਦੇ ਅਧਿਕਾਰਤ ਸਰਕਾਰੀ ਏਜੰਸੀ ਮੁਤਾਬਕ ਅਮਰੀਕਾ ਵਿੱਚ 2022 ਤੱਕ 220,000 ਗ਼ੈਰ-ਕਾਨੂੰਨੀ ਭਾਰਤੀ ਰਹਿ ਰਹੇ ਸਨ। ਅਧਿਐਨ ਦੇ ਅਨੁਸਾਰ, ਅਨੁਮਾਨਾਂ ਵਿੱਚ ਵੱਡੇ ਫਰਕ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਦੀ ਗਿਣਤੀ ਬਾਰੇ ਸ਼ਸ਼ੋਪੰਜ ਨੂੰ ਦਰਸਾਉਂਦੇ ਹਨ। ਅਮਰੀਕਾ ਵਿੱਚ ਕੁੱਲ ਗੈਰ-ਕਾਨੂੰਨੀ ਪਰਵਾਸੀਆਂ ਦੀ ਆਬਾਦੀ ਦਾ ਛੋਟਾ ਹਿੱਸਾ ਭਾਰਤੀ ਪਰਵਾਸੀਆਂ ਦਾ ਹੈ। ਅਮਰੀਕਾ ਵਿੱਚ ਲਗਭਗ ਚਾਰ ਵਿੱਚੋਂ ਇੱਕ ਭਾਰਤੀ ਪਰਵਾਸੀ ਗੈਰ-ਕਾਨੂੰਨੀ ਹੈ। ਭਾਰਤ ਵਿੱਚ ਵਧਦੀ ਬੇਰੁਜ਼ਗਾਰੀ ਕਾਰਨ ਪਰਵਾਸ ਦੇ ਰੁਝਾਨ ਨੂੰ ਦੇਖਦੇ ਹੋਏ ਇਹ ਗਿਣਤੀ ਸਹੀ ਤਰੀਕੇ ਨਾਲ ਅੰਦਾਜ਼ਾ ਲਗਾਉਣਾ ਅਸੰਭਵ ਜਾਪਦਾ ਹੈ।

ਭਾਰਤੀ ਪਰਵਾਸੀ ਅਮਰੀਕਾ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਇੱਕ ਹਨ। ਜੋ 1990 ਵਿੱਚ 6 ਲੱਖ ਤੋਂ ਵਧ ਕੇ 2022 ਵਿੱਚ 32 ਲੱਖ ਦੇ ਕਰੀਬ ਹੋ ਗਏ ਹਨ)। ਇੱਕ ਅੰਦਾਜ਼ੇ ਅਨੁਸਾਰ 2022 ਵਿੱਚ ਅਮਰੀਕਾ ਵਿੱਚ ਗੈਰ-ਕਾਨੂੰਨੀ ਭਾਰਤੀਆਂ ਦੀ ਆਬਾਦੀ 2016 ਦੇ ਸਿਖਰਲੇ ਅੰਕੜੇ ਤੋਂ 60 ਫੀਸਦ ਘੱਟ ਗਈ ਹੈ। ਇਸ ਅਨੁਸਾਰ ਹੁਣ ਅੰਕੜਾ 5,60,000 ਤੋਂ ਘੱਟ ਕੇ 2,20,000 ਰਹਿ ਗਿਆ ਹੈ। 2016 ਤੋਂ 2022 ਤੱਕ ਭਾਰਤੀਆਂ ਦੀ ਗਿਣਤੀ ਵਿੱਚ ਘਾਟ ਆਉਣ ਦਾ ਕੀ ਕਾਰਨ ਹੈ ? ਇਹ ਅੰਕੜੇ ਕੋਈ ਸਪੱਸ਼ਟ ਤਸਵੀਰ ਨਹੀਂ ਦਰਸਾਉਦੇ, ਪਰ ਇਹ ਮੰਨਿਆ ਜਾ ਸਕਦਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਪਰਵਾਸੀਆਂ ਨੂੰ ਅਮਰੀਕਾ ਵਿੱਚ ਰਹਿਣ ਦਾ ਕਾਨੂੰਨੀ ਦਰਜਾ ਮਿਲ ਗਿਆ ਹੋਵੇਗਾ। ਕਈ ਲੋਕ ਕੋਰੋਨਾ ਮਹਾਂਮਾਰੀ ਅਤੇ ਹੋਰ ਮੁਸ਼ਕਲਾਂ ਕਾਰਨ ਵਾਪਸ ਪਰਤ ਗਏ ਹੋ ਸਕਦੇ ਹਨ। ਹਾਲਾਂਕਿ, ਇਹ ਅਨੁਮਾਨ ਅਮਰੀਕੀ ਸਰਹੱਦਾਂ 'ਤੇ ਭਾਰਤੀਆਂ ਦੀ ਗਿਣਤੀ ਵਿੱਚ 2023 ਦੇ ਵਾਧੇ ਨੂੰ ਨਹੀਂ ਗਿਣਦੇ, ਭਾਵ ਅਸਲ ਵਿੱਚ ਗਿਣਤੀ ਹੋਰ ਵੱਧ ਹੋ ਸਕਦੀ ਹੈ। ਅਧਿਐਨ ਦੇ ਅਨੁਸਾਰ, ਅਮਰੀਕਾ ਦੀਆਂ ਸਰਹੱਦਾਂ ਤੇ ਵਧਦੇ ਐਨਕਾਊਂਟਰ ਦੇ ਮਾਮਲਿਆਂ ਦੇ ਬਾਵਜੂਦ ਅਮਰੀਕੀ ਸਰਕਾਰ ਦੇ ਅਨੁਮਾਨਾਂ ਵਿੱਚ 2020 ਤੋਂ 2022 ਤੱਕ ਕੁੱਲ ਗੈਰ-ਕਾਨੂੰਨੀ ਭਾਰਤੀ ਆਬਾਦੀ ਵਿੱਚ ਕੋਈ ਵਾਧਾ ਨਹੀਂ ਦੱਸਿਆ ਗਿਆ ਸੀ। ਐਨਕਾਊਂਟਰ ਤੋਂ ਭਾਵ ਮਾਮਲੇ ਜਦੋਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕੀ ਅਧਿਕਾਰੀਆਂ ਦੁਆਰਾ ਮੈਕਸੀਕੋ ਜਾਂ ਕੈਨੇਡਾ ਨਾਲ ਲੱਗਦੀਆਂ ਦੇਸ਼ ਦੀਆਂ ਸਰਹੱਦਾਂ ਪਾਰ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਰੋਕਿਆ ਜਾਂਦਾ ਹੈ।

ਆਬਾਦੀ ਵਿੱਚ ਵਾਧਾ ਅਤੇ ਪਰਵਾਸ ਦੇ ਰਾਹਾਂ ਵਿੱਚ ਬਦਲਾਅ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ਤੇ ਦਾਖਲ ਹੋਣ ਲਈ ਦੋ ਮੁੱਖ ਜ਼ਮੀਨੀ ਸਰਹੱਦਾਂ ਹਨ। ਮੈਕਸੀਕੋ ਦੀ ਸਰਹੱਦ ਨਾਲ ਲੱਗਦੇ ਐਰੀਜ਼ੋਨਾ, ਕੈਲੀਫੋਰਨੀਆ, ਨਿਊ ਮੈਕਸੀਕੋ ਅਤੇ ਟੈਕਸਸ ਸੂਬਿਆਂ ਦੇ ਨਾਲ ਦੱਖਣੀ ਸਰਹੱਦ 'ਤੇ ਸਭ ਤੋਂ ਵੱਧ ਪਰਵਾਸੀ ਗੈਰ-ਕਾਨੂੰਨੀ ਤੌਰ ਤੇ ਦਾਖਲ ਹੁੰਦੇ ਹਨ। ਦੂਜੀ ਸਰਹੱਦ 11 ਸੂਬਿਆਂ ਵਿੱਚ ਫੈਲੀ ਅਮਰੀਕਾ-ਕੈਨੇਡਾ ਸਰਹੱਦ ਹੈ। 2010 ਤੋਂ ਪਹਿਲਾਂ, ਦੋਵਾਂ ਸਰਹੱਦਾਂ 'ਤੇ ਭਾਰਤੀਆਂ ਨਾਲ ਹੋਣ ਵਾਲੇ ਐਂਨਕਾਉਟਰ ਬਹੁਤ ਘੱਟ ਸਨ। ਇਹ ਕਦੇ ਵੀ 1,000 ਦੀ ਗਿਣਤੀ ਤੋਂ ਵੱਧ ਨਹੀਂ ਪਹੁੰਚੇ ਸਨ। 2010 ਤੋਂ, ਭਾਰਤੀਆਂ ਨਾਲ ਸਬੰਧਤ ਲਗਭਗ ਸਾਰੇ ਐਂਨਕਾਉਟਰ ਅਮਰੀਕਾ-ਮੈਕਸੀਕੋ ਦੱਖਣੀ ਸਰਹੱਦ 'ਤੇ ਹੋਏ ਹਨ। ਵਿੱਤੀ ਸਾਲ 2024 ਦੌਰਾਨ ਉੱਤਰੀ ਸਰਹੱਦ 'ਤੇ ਭਾਰਤੀ ਨਾਗਰਿਕਾਂ ਦੇ ਐਂਨਕਾਉਟਰ ਵਿੱਚ 36 ਫੀਸਦ ਦਾ ਵਾਧਾ ਹੋਇਆ ਹੈ। ਇਹ ਪਿਛਲੇ ਸਾਲ ਸਿਰਫ 4 ਫੀਸਦ ਸੀ। ਭਾਰਤੀਆਂ ਲਈ ਕੈਨੇਡਾ ਪਹੁੰਚਣਾ ਅਮਰੀਕਾ ਨਾਲੋਂ ਵਧੇਰੇ ਸੁਖਾਲਾ ਹੈ। ਇਹ ਕੈਨੇਡਾ ਵਿੱਚ ਅਮਰੀਕਾ ਨਾਲੋਂ ਘੱਟ ਵਿਜ਼ਟਰ ਵੀਜ਼ਾ ਪ੍ਰੋਸੈਸਿੰਗ ਸਮਾਂ ਹੋਣ ਕਰਕੇ ਵੀ ਹੈ। ਇਸ ਤੋਂ ਇਲਾਵਾ, 2021 ਤੋਂ ਬਾਅਦ ਸਰਹੱਦ ਪਾਰ ਕਰਨ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਮੈਕਸੀਕੋ ਸਰਹੱਦ 'ਤੇ ਐਂਨਕਾਉਟਰ 2023 ਵਿੱਚ ਸਿਖਰ 'ਤੇ ਪਹੁੰਚ ਗਏ ਸਨ। ਇਹ ਸਿਰਫ਼ ਭਾਰਤੀਆਂ ਲਈ ਨਹੀਂ ਹੈ। ਅਮਰੀਕਾ ਵਿੱਚ ਬਾਇਡਨ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਗੈਰ-ਕਾਨੂੰਨੀ ਪਰਵਾਸੀਆਂ ਦਾ ਅਮਰੀਕਾ 'ਚ ਦਾਖ਼ਲ ਹੋਣਾ ਬਹੁਤ ਵੱਧ ਗਿਆ ਸੀ ਅਤੇ ਭਾਰਤੀ ਵੀ ਇਸੇ ਵਾਧੇ ਦਾ ਹਿੱਸਾ ਸਨ। ਗੈਰ-ਕਾਨੂੰਨੀ ਭਾਰਤੀ ਕਿੱਥੇ ਰਹਿ ਰਹੇ ਹਨ? ਅਧਿਐਨ ਮੁਤਾਬਕ ਸਭ ਤੋਂ ਵੱਧ ਭਾਰਤੀ ਪਰਵਾਸੀ ਆਬਾਦੀ ਵਾਲੇ ਸੂਬੇ ਕੈਲੀਫੋਰਨੀਆ (1,12,000), ਟੈਕਸਸ (61,000), ਨਿਊ ਜਰਸੀ (55,000), ਨਿਊਯਾਰਕ (43,000) ਅਤੇ ਇਲੀਨੋਇਸ (31,000) ਹਨ। ਓਹੀਓ (16%), ਮਿਸ਼ੀਗਨ (14%), ਨਿਊ ਜਰਸੀ (12%) ਅਤੇ ਪੈਨਸਿਲਵੇਨੀਆ (11%) ਵਿੱਚ ਕੁੱਲ ਗੈਰ-ਕਾਨੂੰਨੀ ਆਬਾਦੀ ਦਾ ਮਹੱਤਵਪੂਰਨ ਹਿੱਸਾ ਭਾਰਤੀ ਹਨ। ਇਸ ਦੌਰਾਨ ਜਿਨ੍ਹਾਂ ਸੂਬਿਆਂ ਵਿੱਚ 20% ਤੋਂ ਵੱਧ ਭਾਰਤੀ ਪਰਵਾਸੀ ਗੈਰ-ਕਾਨੂੰਨੀ ਹਨ, ਉਨ੍ਹਾਂ ਵਿੱਚ ਟੈਨੇਸੀ, ਇੰਡੀਆਨਾ, ਜਾਰਜੀਆ, ਵਿਸਕਾਨਸਿਨ ਅਤੇ ਕੈਲੀਫੋਰਨੀਆ ਸ਼ਾਮਲ ਹਨ। ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਕਿਸੇ ਨਸਲੀ ਕਾਰੋਬਾਰ ਵਿੱਚ ਸ਼ਾਮਲ ਹੋਣਾ ਅਤੇ ਕੰਮ ਲੱਭਣਾ ਆਸਾਨ ਹੁੰਦਾ ਹੈ, ਅਮਰੀਕਾ ਵਿੱਚ ਰਹਿ ਰਹੇ ਭਾਰਤੀ ਗੈਰ-ਕਾਨੂੰਨੀ ਗੁਜਰਾਤੀ ਲਈ ਕਿਸੇ ਗੁਜਰਾਤੀ-ਅਮਰੀਕੀ ਲਈ ਕੰਮ ਕਰਨਾ ਆਸਾਨ ਹੁੰਦਾ ਹੈ ਜਾਂ ਇੱਕ ਪੰਜਾਬੀ ਇਸੇ ਤਰ੍ਹਾਂ ਨਾਲ ਕੰਮ ਲੱਭ ਲੈਂਦਾ ਹੈ।"

ਅਮਰੀਕਾ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਦੀ ਮਹੱਤਵਪੂਰਨ ਮੌਜੂਦਗੀ ਹੈ। ਅਮਰੀਕੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਭਾਰਤੀਆਂ ਦੀ ਆਬਾਦੀ ਸਾਲ 2000 ਤੋਂ 2018 ਤੱਕ 137.2% ਵਧੀ ਹੈ, ਅਤੇ ਹੁਣ ਇਹ ਸੰਖਿਆ 40 ਲੱਖ ਤੋਂ ਵੱਧ ਹੈ।

ਇਹ ਭਾਈਚਾਰਾ ਮੁੱਖ ਤੌਰ 'ਤੇ ਨਿਊਯਾਰਕ, ਸ਼ਿਕਾਗੋ, ਸੈਨ ਜੋਸ, ਅਤੇ ਸੈਨ ਫ੍ਰਾਂਸਿਸਕੋ ਵਰਗੇ ਮਹਾਨਗਰਾਂ ਵਿੱਚ ਵੱਸਦਾ ਹੈ। ਨਿਊਯਾਰਕ ਵਿੱਚ ਲਗਭਗ 6,00,000 ਅਤੇ ਸ਼ਿਕਾਗੋ ਵਿੱਚ 2,00,000 ਤੋਂ ਵੱਧ ਭਾਰਤੀ-ਅਮਰੀਕੀ ਰਹਿੰਦੇ ਹਨ।

ਸਿਆਸੀ ਰੁਝਾਨਾਂ ਦੇ ਮਾਮਲੇ ਵਿੱਚ, 2016 ਦੇ ਇੱਕ ਸਰਵੇਖਣ ਮੁਤਾਬਕ, 48% ਤੋਂ ਵੱਧ ਭਾਰਤੀ-ਅਮਰੀਕੀ ਡੈਮੋਕਰੇਟਿਕ ਪਾਰਟੀ ਨਾਲ ਜੁੜੇ ਹਨ ਜਾਂ ਉਸ ਵੱਲ ਝੁਕਾਅ ਰੱਖਦੇ ਹਨ, ਜਦਕਿ 22% ਰਿਪਬਲੀਕਨ ਪਾਰਟੀ ਨਾਲ ਸੰਬੰਧਿਤ ਹਨ।

ਅਮਰੀਕਾ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਦੀ ਮਹੱਤਵਪੂਰਨ ਮੌਜੂਦਗੀ ਹੈ। ਅਮਰੀਕੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਭਾਰਤੀਆਂ ਦੀ ਆਬਾਦੀ ਸਾਲ 2000 ਤੋਂ 2018 ਤੱਕ 137.2% ਵਧੀ ਹੈ, ਅਤੇ ਹੁਣ ਇਹ ਸੰਖਿਆ 40 ਲੱਖ ਤੋਂ ਵੱਧ ਹੈ।

ਇਹ ਭਾਈਚਾਰਾ ਮੁੱਖ ਤੌਰ 'ਤੇ ਨਿਊਯਾਰਕ, ਸ਼ਿਕਾਗੋ, ਸੈਨ ਜੋਸ, ਅਤੇ ਸੈਨ ਫ੍ਰਾਂਸਿਸਕੋ ਵਰਗੇ ਮਹਾਨਗਰਾਂ ਵਿੱਚ ਵੱਸਦਾ ਹੈ। ਨਿਊਯਾਰਕ ਵਿੱਚ ਲਗਭਗ 6,00,000 ਅਤੇ ਸ਼ਿਕਾਗੋ ਵਿੱਚ 2,00,000 ਤੋਂ ਵੱਧ ਭਾਰਤੀ-ਅਮਰੀਕੀ ਰਹਿੰਦੇ ਹਨ।

ਸਿਆਸੀ ਰੁਝਾਨਾਂ ਦੇ ਮਾਮਲੇ ਵਿੱਚ, 2016 ਦੇ ਇੱਕ ਸਰਵੇਖਣ ਮੁਤਾਬਕ, 48% ਤੋਂ ਵੱਧ ਭਾਰਤੀ-ਅਮਰੀਕੀ ਡੈਮੋਕਰੇਟਿਕ ਪਾਰਟੀ ਨਾਲ ਜੁੜੇ ਹਨ ਜਾਂ ਉਸ ਵੱਲ ਝੁਕਾਅ ਰੱਖਦੇ ਹਨ, ਜਦਕਿ 22% ਰਿਪਬਲੀਕਨ ਪਾਰਟੀ ਨਾਲ ਸੰਬੰਧਿਤ ਹਨ।

ਇਹ ਭਾਈਚਾਰਾ ਅਮਰੀਕਾ ਦੇ ਸਿਆਸੀ ਅਤੇ ਆਰਥਿਕ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ, ਅਤੇ ਇਸ ਦੀ ਵਧਦੀ ਗਿਣਤੀ ਅਤੇ ਪ੍ਰਭਾਵ ਅਮਰੀਕੀ ਸਮਾਜ ਵਿੱਚ ਇਸ ਦੀ ਅਹਿਮੀਅਤ ਨੂੰ ਦਰਸਾਉਂਦੇ ਹਨ।

ਇਹ ਭਾਈਚਾਰਾ ਅਮਰੀਕਾ ਦੇ ਸਿਆਸੀ ਅਤੇ ਆਰਥਿਕ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ, ਅਤੇ ਇਸ ਦੀ ਵਧਦੀ ਗਿਣਤੀ ਅਤੇ ਪ੍ਰਭਾਵ ਅਮਰੀਕੀ ਸਮਾਜ ਵਿੱਚ ਇਸ ਦੀ ਅਹਿਮੀਅਤ ਨੂੰ ਦਰਸਾਉਂਦੇ ਹਨ।

ਕਈ ਪ੍ਰਵਾਸੀ ਅਮਰੀਕਾ ਵਿੱਚ ਪੱਕੇ ਹੋਣ ਲਈ ਪਨਾਹ ਮੰਗਣ ਵਾਲਾ ਰਸਤਾ ਅਖਤਿਆਰ ਕਰਦੇ ਹਨ।

ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਕੁਝ ਪਰਵਾਸੀਆਂ ਲਈ ਭਰੋਸੇਯੋਗ "ਫੇਅਰ ਸਕ੍ਰੀਨਿੰਗ" ਵਿੱਚੋਂ ਲੰਘਣ ਦੀ ਮਨਜ਼ੂਰੀ ਦਿੰਦੀ ਹੈ। ਇਹ ਉਨ੍ਹਾਂ ਪਰਵਾਸੀਆਂ ਲਈ ਹੁੰਦੀ ਹੈ, ਜੋ ਸਰਹੱਦ 'ਤੇ ਨਜ਼ਰਬੰਦ ਹਨ ਅਤੇ ਜਿਨ੍ਹਾਂ ਨੂੰ ਆਪਣੇ ਦੇਸ਼ਾਂ ਵਿੱਚ ਖਤਰਾ ਹੈ। ਇਸ ਪ੍ਰਕੀਰਿਆ ਨੂੰ ਪੂਰਾ ਕਰਨ ਮਗਰੋਂ ਅਦਾਲਤ ਵਿੱਚ ਪਨਾਹ ਦੀ ਮੰਗ ਕੀਤੀ ਜਾ ਸਕਦੀ ਹੈ। ਇਸ ਕਰਕੇ ਵੀ ਸਰਹੱਦੀ ਦਾਖਲਿਆਂ ਦੇ ਨਾਲ-ਨਾਲ ਪਨਾਹ ਅਰਜ਼ੀਆਂ ਵਿੱਚ ਵਾਧਾ ਹੋਇਆ ਹੈ। ਪ੍ਰਸ਼ਾਸਕੀ ਅੰਕੜੇ ਪਨਾਹ-ਪ੍ਰਾਪਤ ਭਾਰਤੀਆਂ ਦੀ ਸਪੱਸ਼ਟ ਗਿਣਤੀ ਨਹੀਂ ਦੱਸਦੇ ਪਰ ਪਰਵਾਸੀਆਂ ਦੀ ਬੋਲੀ ਦੇ ਆਧਾਰ ਤੇ ਅਤੇ ਅਦਾਲਤੀ ਰਿਕਾਰਡ ਨਾਲ ਕੁਝ ਅੰਦਾਜ਼ਾ ਲਗਾਇਆ ਜਾ ਸਕਦਾ ਹੈ। 2001 ਤੋਂ ਭਾਰਤ ਤੋਂ ਪੰਜਾਬੀ ਬੋਲਣ ਵਾਲੇ ਭਾਰਤੀ ਪਨਾਹ ਦੀਆਂ ਅਰਜ਼ੀਆਂ ਵਿੱਚ ਦਬਦਬਾ ਰੱਖਦੇ ਹਨ। ਪੰਜਾਬੀ ਤੋਂ ਬਾਅਦ, ਪਨਾਹ-ਪ੍ਰਾਪਤ ਭਾਰਤੀ ਹਿੰਦੀ (14%), ਅੰਗਰੇਜ਼ੀ (8%) ਅਤੇ ਗੁਜਰਾਤੀ (7%) ਬੋਲਦੇ ਸਨ। ਉਨ੍ਹਾਂ ਨੇ ਵਿੱਤੀ ਸਾਲ 2001-2022 ਤੋਂ ਲੈ ਕੇ ਹੁਣ ਤੱਕ 66 ਫੀਸਦ ਪਨਾਹ ਦੀਆਂ ਅਰਜ਼ੀਆਂ ਦਾਇਰ ਕੀਤੀਆਂ ਹਨ। ਇਹ ਅੰਕੜੇ ਪੰਜਾਬ ਅਤੇ ਗੁਆਂਢੀ ਸੂਬਾ ਹਰਿਆਣੇ ਨੂੰ ਮੁੱਖ ਪਰਵਾਸੀ ਕੇਂਦਰ ਵਜੋਂ ਦਰਸਾਉਂਦੇ ਹਨ। ਭਾਰਤ ਤੋਂ ਪੰਜਾਬੀ ਬੋਲਣ ਵਾਲਿਆਂ ਦੀ ਪਨਾਹ ਪ੍ਰਵਾਨਗੀ ਦੀ ਦਰ ਵੀ ਸਭ ਤੋਂ ਵੱਧ (63%) ਸੀ, ਇਸ ਤੋਂ ਬਾਅਦ ਹਿੰਦੀ ਬੋਲਣ ਵਾਲੇ (58%) ਸਨ। ਇਸ ਦੇ ਉਲਟ, ਗੁਜਰਾਤੀ ਬੋਲਣ ਵਾਲਿਆਂ ਦੇ ਸਿਰਫ਼ ਇੱਕ ਚੌਥਾਈ ਪਨਾਹ ਅਰਜ਼ੀਆਂ ਨੂੰ ਹੀ ਪ੍ਰਵਾਨਗੀ ਦਿੱਤੀ ਗਈ ਸੀ। ਪਨਾਹ ਦੀਆਂ ਅਰਜ਼ੀਆਂ ਕਿਉਂ ਵੱਧ ਰਹੀਆਂ? ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਦੁਆਰਾ ਇਕੱਠੇ ਕੀਤੇ ਗਏ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਅਮਰੀਕਾ ਵਿੱਚ ਭਾਰਤੀ ਪਨਾਹ ਅਰਜ਼ੀਆਂ ਵਿੱਚ ਭਾਰੀ ਵਾਧਾ ਹੋਇਆ ਹੈ। ਸਿਰਫ਼ ਦੋ ਸਾਲਾਂ ਵਿੱਚ ਪਨਾਹ ਅਰਜ਼ੀਆਂ ਦਸ ਗੁਣਾ ਵੱਧ ਗਈਆਂ ਹਨ। ਇਹ 2021 ਵਿੱਚ ਲਗਭਗ 5,000 ਤੋਂ ਵੱਧ ਕੇ 2023 ਵਿੱਚ 51,000 ਤੋਂ ਵੱਧ ਹੋ ਗਈਆਂ। ਅਮਰੀਕਾ ਦੇ ਨਾਲ ਹੀ ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਿੱਚ ਵੀ ਇਸੇ ਤਰ੍ਹਾਂ ਗੈਰ-ਕਾਨੂੰਨੀ ਪ੍ਰਵਾਸੀਆਂ ਵਲੋਂ ਪਨਾਹ ਮੰਗਣ ਦਾ ਰਸਤਾ ਅਖਤਿਆਰ ਕੀਤਾ ਜਾਂਦਾ ਹੈ। ਜਿੱਥੇ ਭਾਰਤੀਆਂ ਪਰਵਾਸੀ ਪਨਾਹ ਮੰਗਣ ਵਾਲੇ ਸਮੂਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਹਨ। ਇਹ ਲੋਕ ਆਪਣੇ ਦੇਸ਼ ਵਿੱਚ ਖਤਰੇ ਦੀ ਬਜਾਏ ਪਨਾਹ ਪ੍ਰਣਾਲੀ ਨੂੰ ਚਕਮਾ ਦੇਣ ਵਾਂਗ ਹੈ, ਕਿਉਂਕਿ ਪ੍ਰਕਿਰਿਆ ਵਿੱਚ ਕਈ ਸਾਲ ਲੱਗ ਜਾਂਦੇ ਹਨ।

ਟਰੰਪ ਦੇ ਦੂਜੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਪਨਾਹ ਅਰਜ਼ੀਆਂ ਵਿੱਚ ਘਾਟ ਆਉਣ ਦੀ ਸੰਭਾਵਨਾ ਹੈ। ਟਰੰਪ ਦੇ ਰਾਸ਼ਟਰਪਤੀ ਬਣਦਿਆਂ ਹੀ ਪਰਵਾਸੀਆਂ ਲਈ ਇੱਕ ਮੁੱਖ ਐਪ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਇੱਕ ਫੈਸਲੇ ਨਾਲ ਹੀ ਲਗਭਗ 3 ਲੱਖ ਵਿਚਾਰ ਅਧੀਨ ਪਈਆਂ ਅਰਜ਼ੀਆਂ ਰੱਦ ਹੋ ਗਈਆਂ ਸਨ। ਭਾਰਤ ਬਾਰੇ ਕੀ ਸਮਝਿਆ ਜਾ ਸਕਦਾ ਹੈ ? ਅਮਰੀਕੀ ਅੰਕੜੇ ਦਰਸਾਉਂਦੇ ਹਨ ਕਿ ਜ਼ਿਆਦਾਤਰ ਭਾਰਤੀਆਂ ਵਿੱਚ ਪੰਜਾਬੀ ਅਤੇ ਗੁਜਰਾਤੀ ਹਨ। ਇਹ ਭਾਰਤ ਦੇ ਅਮੀਰ ਸੂਬਿਆਂ ਦੀਆਂ ਹਨ ਅਤੇ ਉੱਚ ਪਰਵਾਸ ਖਰਚਿਆਂ ਨੂੰ ਸਹਿਣ ਕਰਨ ਦੇ ਬਿਹਤਰ ਕਾਬਲ ਹਨ। ਅਧਿਐਨ ਮੁਤਾਬਕ ਇਸ ਦੇ ਉਲਟ, ਭਾਰਤੀ ਮੁਸਲਮਾਨ ਅਤੇ ਹਾਸ਼ੀਏ 'ਤੇ ਰਹਿ ਰਹੇ ਭਾਈਚਾਰੇ ਅਤੇ ਮਾਓਵਾਦੀ ਹਿੰਸਾ ਤੋਂ ਪ੍ਰਭਾਵਿਤ ਖੇਤਰਾਂ ਅਤੇ ਕਸ਼ਮੀਰ ਵਰਗੇ ਸੰਘਰਸ਼ ਵਾਲੇ ਖੇਤਰਾਂ ਦੇ ਲੋਕ ਘੱਟ ਹੀ ਪਨਾਹ ਮੰਗਦੇ ਹਨ। ਇਸ ਲਈ ਜ਼ਿਆਦਾਤਰ ਭਾਰਤੀ ਪਨਾਹ ਮੰਗਣ ਵਾਲੇ ਪਰਵਾਸੀ ਆਰਥਿਕ ਪੱਖੋਂ ਮਜ਼ਬੂਤ ਹਨ। ਇਹ ਭਾਰਤ ਦੇਸ਼ ਦੇ ਸਭ ਤੋਂ ਗਰੀਬ ਜਾਂ ਟਕਰਾਅ ਪ੍ਰਭਾਵਿਤ ਖੇਤਰਾਂ ਤੋਂ ਨਹੀਂ ਹੁੰਦੇ ਹਨ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਪਹੁੰਚਣ ਦੀ ਵੱਖੋਂ-ਵੱਖਰੇ ਦੇਸ਼ਾਂ ਅਤੇ ਖਤਰਨਾਕ ਜੰਗਲਾਂ 'ਚੋਂ ਹੁੰਦਿਆ ਮੁਸ਼ਕਲ ਯਾਤਰਾ ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਨਾਲੋਂ 30-100 ਗੁਣਾ ਜ਼ਿਆਦਾ ਖਰਚ ਕਰਦੇ ਹਨ। ਇਸ ਕਰਕੇ ਇਹ ਸਿਰਫ਼ ਆਰਥਿਕ ਪੱਖੋਂ ਮਜ਼ਬੂਤ ਜਾ ਫਿਰ ਜਾਇਦਾਦ ਵੇਚਣ ਜਾਂ ਗਹਿਣੇ ਰੱਖ ਕੇ ਹੀ ਹੋ ਸਕਦਾ ਹੈ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਪੰਜਾਬ ਅਤੇ ਗੁਜਰਾਤ (ਗੈਰ-ਕਾਨੂੰਨੀ ਭਾਰਤੀਆਂ ਦੇ ਮੂਲ ਦੇ ਪ੍ਰਮੁੱਖ ਸੂਬੇ) ਭਾਰਤ ਦੇ ਸਭ ਤੋਂ ਅਮੀਰ ਖੇਤਰਾਂ ਵਿੱਚੋਂ ਇੱਕ ਹਨ। ਇਨ੍ਹਾਂ ਸੂਬਿਆਂ ਵਿੱਚ ਜ਼ਮੀਨ ਦੀ ਕੀਮਤ ਖੇਤੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਤੋਂ ਕਿਤੇ ਵੱਧ ਹੈ। ਅਧਿਐਨ ਮੁਤਾਬਕ, "ਗੈਰ-ਕਾਨੂੰਨੀ ਕੰਮ ਕਰਨ ਲਈ ਵੀ ਬਹੁਤ ਸਾਰਾ ਪੈਸਾ ਲੱਗਦਾ ਹੈ।" ਗੈਰ-ਕਾਨੂੰਨੀ ਪਰਵਾਸ ਕਿਉਂ ਵਧ ਰਿਹਾ ਹੈ? ਕਈ ਜਾਣਕਾਰਾਂ ਦਾ ਮੰਨਣਾ ਹੈ ਕਿ ਭਾਵੇਂ ਭਾਰਤ ਵਿੱਚ ਵੱਧ ਰਹੇ ਪਨਾਹ ਦੇ ਦਾਅਵਿਆਂ ਨੂੰ ਲੋਕਤੰਤਰੀ ਪਛੜੇਪਨ ਨਾਲ ਜੋੜਿਆ ਜਾਂਦਾ ਹੈ, ਪਰ ਅਸਲ ਸਥਿਤੀ ਕੋਈ ਹੋਰ ਹੈ। ਪੰਜਾਬ ਅਤੇ ਗੁਜਰਾਤ ਵਿੱਚ ਪਰਵਾਸ ਦਾ ਲੰਮਾ ਇਤਿਹਾਸ ਹੈ। ਇਨ੍ਹਾਂ ਸੂਬਿਆਂ ਵਿੱਚੋਂ ਪਰਵਾਸੀ ਨਾ ਸਿਰਫ਼ ਅਮਰੀਕਾ, ਸਗੋਂ ਯੂਕੇ, ਕੈਨੇਡਾ ਅਤੇ ਆਸਟ੍ਰੇਲੀਆ ਵੀ ਜਾਂਦੇ ਹਨ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅਨੁਸਾਰ 2009 ਅਤੇ 2024 ਦੇ ਵਿਚਕਾਰ ਲਗਭਗ 16 ਹਜ਼ਾਰ ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਸੀ। ਇਹ ਅੰਕੜਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਓਬਾਮਾ ਦੇ ਕਾਰਜਕਾਲ ਦੌਰਾਨ ਔਸਤਨ 750 ਪ੍ਰਤੀ ਸਾਲ, ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ 1,550 ਅਤੇ ਬਾਇਡਨ ਦੇ ਕਾਰਜਕਾਲ ਦੌਰਾਨ 900 ਰਿਹਾ ਹੈ। ਵਿੱਤੀ ਸਾਲ 2023-24 ਦੇ ਵਿਚਕਾਰ ਭਾਰਤੀ ਪਰਵਾਸੀਆਂ ਨੂੰ ਕੱਢਣ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਪਰ ਸਾਲ 2020 ਦਾ ਲਗਭਗ 2,300 ਡਿਪੋਰਟ ਕਰਨਾ ਸਿਖਰਲਾ ਅੰਕੜਾ ਸੀ।

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

Gaba Tire
All TIRES AVAILABLE (AS, AT & MT)
CAR DETAILING Starting at $100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS 50000 KM WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107 Peardonville Rd
604-897-3235
604-746-4222
www.gabaautodetailing.com



# ਅੱਗ ਦੇ ਮੁਹਾਣੇ 'ਤੇ ਬੈਠਾ ਅਮਰੀਕਾ

*ਦੁਨੀਆ ਭਰ ਦੇ ਭੂਗੋਲਿਕ ਮਾਹਿਰ ਮੰਨਦੇ ਹਨ ਕਿ ਅਮਰੀਕਾ ਦਾ ਸਮੁੱਚਾ ਐਟਲਾਂਟਿਕ ਤੱਟ ਲਾਵੇ ਦੇ ਅੰਨ੍ਹੇ ਖੂਹਾਂ ’ਤੇ ਬੈਠਾ ਹੋਇਆ ਹੈ ਜੋ ਕਿਸੇ ਵੀ ਵੇਲੇ ਫਟ ਸਕਦੇ ਹਨ। ਇਹੀ ਕਾਰਨ ਹੈ ਕਿ ਅਮਰੀਕਾ ਨਿੱਕੇ ਮੋਟੇ ਭੂਚਾਲਾਂ ਨਾਲ ਅਕਸਰ ਹਿੱਲਦਾ ਰਹਿੰਦਾ ਹੈ। ਇਉਂ ਹੀ ਕਈ ਵਾਰ ਪ੍ਰਸ਼ਾਂਤ ਮਹਾਂਸਾਗਰ ਦੇ ਨੇੜਿਉਂ ਉੱਠਣ ਵਾਲੇ ਵਾਵਰੋਲੇ ਸੜਕ ’ਤੇ ਚਲਦੇ ਵਾਹਨਾਂ ਨੂੰ ਆਪਣੀ ਘੁਮੇਰ ’ਚ ਫਸਾ ਕੇ ਅੱਧ-ਆਸਮਾਨੇ ਚਾੜ੍ਹ ਦਿੰਦੇ ਹਨ। ਕੁਦਰਤ ਦੇ ਅਜਿਹੇ ਵਚਿੱਤਰ ਵਰਤਾਰਿਆਂ ਬਾਰੇ ਹੌਲੀਵੁੱਡ ਨੇ ‘ਟਵਿਸਟਰ’ ਜਿਹੀ ਬਾਕਮਾਲ ਫਿਲਮ ਬਣਾਈ ਸੀ। ਅਮਰੀਕੀ ਸਰਕਾਰ ਨੇ ਇਸੇ ਕਾਰਨ ਹਰੇਕ ਸਾਲ ਮਈ-ਅਕਤੂਬਰ ਨੂੰ ਅੱਗ ਲੱਗਣ ਦੇ ਅੰਦੇਸ਼ੇ ਦਾ ਵੇਲਾ ਮਿਥਿਆ ਹੋਇਆ ਹੈ। ਇਸ ਦੌਰਾਨ ਸਾਰੇ ਦੇਸ਼ ਵਿੱਚ ਫਾਇਰ ਫਾਈਟਿੰਗ ਦੀਆਂ ਜੰਗੀ ਪੱਧਰ ਦੀਆਂ ਮਸ਼ਕਾਂ ਕੀਤੀਆਂ ਜਾਂਦੀਆਂ ਹਨ। ਕਈ ਵਾਰ ਸਿਆਸਤ ਤੇ ਸਰਕਾਰੀ ਕਾਰਨਾਂ ਕਰਕੇ ਅੱਗ ਨੂੰ ਕਾਬੂ ਕਰਨ ਲਈ ਕੀਤਾ ਅਜਿਹਾ ਉੱਚਕੋਟੀ ਦਾ ਪ੍ਰਬੰਧ ਵੀ ਫੇਲ੍ਹ ਹੋ ਜਾਂਦਾ ਹੈ।*

ਲੇਖਕ : ਸਿੱਧੂ ਦਮਦਮੀ
ਸੰਪਰਕ: 94170-13869

ਅਮਰੀਕਾ ਆਪਣੀਆਂ ਹੋਰ ਖਾਸੀਅਤਾਂ ਤੋਂ ਇਲਾਵਾ ਇਸ ਦੇ ਅਚਾਨਕ ਭਬਕ ਪੈਣ ਵਾਲੇ ਭੂਗੋਲਿਕ ਦਾਵਾਨਲਾਂ, ਚੀਕਦੇ ਹੋਏ ਪਰਬਤੀ ਦੱਰਿਆਂ ਲਈ ਵੀ ਜਾਣਿਆ ਜਾਂਦਾ ਹੈ। ਕਿਸੇ ਵੀ ਯਾਤਰੂ ਨੂੰ ਸਨਵਾਕੁਇਨ ਘਾਟੀ ਵਾਲੇ ਪਾਸਿਓਂ ਲੱਖਾਂ ਮੀਲ ਲੰਮੀ ਪਰਬਤਮਾਲਾ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਰੋਂ ਇਸ ਦੇ ਦੁਮੇਲ ਨੂੰ ਵੇਖਿਆਂ ਇੰਜ ਜਾਪਦਾ ਹੈ ਜਿਵੇਂ ਕੋਈ ਸਡੌਲ ਸਰੀਰ ਵਾਲੀ ਔਰਤ ਵੱਖ ਮਾਰ ਕੇ ਸੁੱਤੀ ਪਈ ਹੋਵੇ। ਯਾਤਰੂਆਂ ਨੂੰ ਇਸੇ ਪਾਸਿਓਂ ਛੇ-ਛੇ ਲੀਹਾਂ ਵਾਲੀਆਂ ਲੰਮੀਆਂ-ਚੌੜੀਆਂ ਸੜਕਾਂ ਅਮਰੀਕਾ ਦੇ ਸਭ ਤੋਂ ਵੱਡੇ ਮਹਾਨਗਰ ਲਾਸ ਏਂਜਲਸ ਪਹੁੰਚਾ ਦਿੰਦੀਆਂ ਹਨ। ਇਹ ਉਹੀ ਲਾਸ ਏਂਜਲਸ ਹੈ ਜੋ ਕੁਝ ਦਿਨ ਪਹਿਲਾਂ ਸੰਸਾਰ ਦੀ ਸਭ ਤੋਂ ਭਿਆਨਕ ਅੱਗ ਵਿੱਚ ਘਿਰ ਗਿਆ ਸੀ। ਪਹਾੜਾਂ ਦੇ ਸਿਖਰ ’ਤੇ ਮਹਿੰਗੇ ਭਾਅ ਅਟਾਰੀਆਂ ਪਾਉਣ ਦੇ ਅਤਿ ਦੇ ਅਮੀਰ ਸ਼ੌਕੀਨਾਂ ਨੂੰ ਇਸ ਵਾਰ ਲੈਣੇ ਦੇ ਦੇਣੇ ਪੈ ਗਏ ਸਨ।

ਦੁਨੀਆ ਭਰ ਦੇ ਭੂਗੋਲਿਕ ਮਾਹਿਰ ਮੰਨਦੇ ਹਨ ਕਿ ਅਮਰੀਕਾ ਦਾ ਸਮੁੱਚਾ ਐਟਲਾਂਟਿਕ ਤੱਟ ਲਾਵੇ ਦੇ ਅੰਨ੍ਹੇ ਖੂਹਾਂ ’ਤੇ ਬੈਠਾ ਹੋਇਆ ਹੈ ਜੋ ਕਿਸੇ ਵੀ ਵੇਲੇ ਫਟ ਸਕਦੇ ਹਨ। ਇਹੀ ਕਾਰਨ ਹੈ ਕਿ ਅਮਰੀਕਾ ਨਿੱਕੇ ਮੋਟੇ ਭੂਚਾਲਾਂ ਨਾਲ ਅਕਸਰ ਹਿੱਲਦਾ ਰਹਿੰਦਾ ਹੈ। ਇਉਂ ਹੀ ਕਈ ਵਾਰ ਪ੍ਰਸ਼ਾਂਤ ਮਹਾਂਸਾਗਰ ਦੇ ਨੇੜਿਉਂ ਉੱਠਣ ਵਾਲੇ ਵਾਵਰੋਲੇ ਸੜਕ ’ਤੇ ਚਲਦੇ ਵਾਹਨਾਂ ਨੂੰ ਆਪਣੀ ਘੁਮੇਰ ’ਚ ਫਸਾ ਕੇ ਅੱਧ-ਆਸਮਾਨੇ ਚਾੜ੍ਹ ਦਿੰਦੇ ਹਨ। ਕੁਦਰਤ ਦੇ ਅਜਿਹੇ ਵਚਿੱਤਰ ਵਰਤਾਰਿਆਂ ਬਾਰੇ ਹੌਲੀਵੁੱਡ ਨੇ ‘ਟਵਿਸਟਰ’ ਜਿਹੀ ਬਾਕਮਾਲ ਫਿਲਮ ਬਣਾਈ ਸੀ।

ਅਮਰੀਕੀ ਸਰਕਾਰ ਨੇ ਇਸੇ ਕਾਰਨ ਹਰੇਕ ਸਾਲ ਮਈ-ਅਕਤੂਬਰ ਨੂੰ ਅੱਗ ਲੱਗਣ ਦੇ ਅੰਦੇਸ਼ੇ ਦਾ ਵੇਲਾ ਮਿਥਿਆ ਹੋਇਆ ਹੈ। ਇਸ ਦੌਰਾਨ ਸਾਰੇ ਦੇਸ਼ ਵਿੱਚ ਫਾਇਰ ਫਾਈਟਿੰਗ ਦੀਆਂ ਜੰਗੀ ਪੱਧਰ ਦੀਆਂ ਮਸ਼ਕਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਮਸ਼ਕਾਂ ਵਿੱਚ ਹਜ਼ਾਰਾਂ ਹਵਾਈ ਜਹਾਜ਼, ਹੈਲੀਕਾਪਟਰ, ਹਜ਼ਾਰਾਂ ਟਨ ਅੱਗ ਬੁਝਾਊ ਗੈਸ ਆਦਿ ਵੀ ਵਰਤੀ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਾਰ ਸਿਆਸਤ ਤੇ ਸਰਕਾਰੀ ਕਾਰਨਾਂ ਕਰਕੇ ਅੱਗ ਨੂੰ ਕਾਬੂ ਕਰਨ ਲਈ ਕੀਤਾ ਅਜਿਹਾ ਉੱਚਕੋਟੀ ਦਾ ਪ੍ਰਬੰਧ ਵੀ ਫੇਲ੍ਹ ਹੋ ਜਾਂਦਾ ਹੈ ਜਿਵੇਂ ਕਿ ਇਸ ਵਾਰ ਹੋਇਆ ਹੈ, ਜਦੋਂ ਚੁਫ਼ੇਰਿਓਂ ਅੱਗ ਦੇ ਤੇਜ਼ੀ ਨਾਲ ਫੈਲਣ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਨਾਲ ਹੀ ਛਿੜਕਾਅ ਕਰਨ ਲਈ ਲੋੜੀਂਦਾ ਪਾਣੀ ਥੁੜ ਜਾਣ ਦੇ ਸਮਾਚਾਰ ਵੀ ਆਉਣ ਲੱਗੇ। ਦੇਸ਼ ਦੀਆਂ ਦੋਵੇਂ ਸਿਆਸੀ ਪਾਰਟੀਆਂ ਇੱਕ ਦੂਜੇ ਨਾਲ ਮਿਹਣੋ-ਮਿਹਣੀ ਹੋਣ ਲੱਗੀਆਂ। ਰਾਸ਼ਟਰਪਤੀ ਡੋਨਲਡ ਟਰੰਪ, ਜਿਸ ਨੇ ਉਦੋਂ ਹਾਲੇ ਅਹੁਦੇ ਦੀ ਸਹੁੰ ਚੁੱਕਣੀ ਸੀ, ਆਪਣੇ ਵਿਰੋਧੀ ਦਲ ਡੈਮੋਕਰੈਟਿਕ ਨੂੰ ਇਸ ਲਈ ਜ਼ਿੰਮੇਵਾਰ ਦੱਸਣ ਲੱਗਿਆ।

ਰੌਚਕ ਤੱਥ ਇਹ ਵੀ ਹੈ ਕਿ ਅਜਿਹੀਆਂ ਕੁਦਰਤੀ ਆਫ਼ਤਾਂ ਦੀ ਬਿੜਕ ਮਨੁੱਖਾਂ ਦੇ ਮੁਕਾਬਲੇ ਜੰਗਲੀ ਜੀਆ ਜੰਤ ਨੂੰ ਕਿਤੇ ਪਹਿਲਾਂ ਲੱਗ ਜਾਂਦੀ ਹੈ। ਲਾਸ ਏਂਜਲਸ ਦੇ ਅਗਨੀਕਾਂਡ ਵਿੱਚ ਵੀ ਲਗਪਗ ਇੰਜ ਹੀ ਵਾਪਰਿਆ। ਜੰਗਲੀ ਭਾਬੜਾਂ ਵਿੱਚ ਘਿਰ ਕੇ ਜਿੱਥੇ ਲਗਪਗ ਚਾਰ ਦਰਜਨ ਮਨੁੱਖ ਤੇ ਪਾਲਤੂ ਆਪਣੀ ਜਾਨ ਗੁਆ ਬੈਠੇ, ਉੱਥੇ ਜਨੌਰਾਂ ਤੇ ਪੰਛੀਆਂ ਬਾਰੇ ਅਜਿਹਾ ਟਾਵਾਂ ਟੱਲਾ ਕੇਸ ਹੀ ਸੁਣਨ ਨੂੰ ਮਿਲਿਆ। ਦੋਧੀ ਜਰਸੀ ਗਾਵਾਂ ਦੀਆਂ ਚਰਾਗਾਹਾਂ ਸਮੇਤ ਇਸ ਪਰਬਤਮਾਲਾ ਵਿੱਚ ਅਸੰਖ ਜੀਆ-ਜੰਤ ਰਹਿੰਦੇ ਹਨ ਜਿਨ੍ਹਾਂ ਵਿੱਚ ਬਾਘ ਬਘੇਲਿਆਂ ਤੋਂ ਲੈ ਕੇ ਬਾਜ਼ ਤੱਕ ਸ਼ਾਮਲ ਹਨ।

ਪੱਛਮ ਵੱਲ ਫੈਲੀ ਉਕਤ ਪਰਬਤਮਾਲਾ ਇੱਕ ਵਿਸ਼ਾਲ ਕੰਧ ਜਾਪਦੀ ਹੈ ਜਿਸ ਦੀਆਂ ਚੋਟੀਆਂ ਵਿਚਕਾਰ ਅਨੇਕਾਂ ਦੱਰੇ (ਮਘੋਰੇ) ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਕਦੇ ਉੱਤਰੋਂ ਤੇ ਕਦੇ ਪੱਛਮੋਂ; ਕਦੇ ਤੇਜ਼ ਕਦੇ ਮੱਧਮ ਹਵਾਵਾਂ ਚੱਤੋ-ਪਹਿਰ ਵਗਦੀਆਂ ਰਹਿੰਦੀਆਂ ਹਨ। ਅਸਲ ਵਿੱਚ ਇਹ ਵਗਦੇ ਹੋਏ ਦੱਰੇ ਤੇ ਝੁਲਦੀਆਂ ਹਵਾਵਾਂ ਹੀ ਕੈਲੀਫੋਰਨੀਆ/ਅਮਰੀਕਾ ਵਿੱਚ ਜੰਗਲੀ ਅੱਗ ਨੂੰ ਭਖਾਉਣ ਤੇ ਚੀਕਦੇ ਤੂਫ਼ਾਨ ਪੈਦਾ ਕਰਨ ਲਈ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਹਨ।

ਅੱਗ ਤੇ ਹਵਾ ਦੇ ਪਾਗਲ ਕਰ ਦੇਣ ਵਾਲੇ ਮਿਸ਼ਰਣ ਦੀ ਮਾਰ ਕਾਰਨ ਇਸ ਵਾਰ ਚਾਰ ਲੱਖ ਤੋਂ ਵੱਧ ਲੋਕਾਂ ਨੂੰ ਘਰ ਛੱਡਣੇ ਪਏ, ਹਫ਼ਤਾ ਭਰ ਮੱਚ ਕੇ ਪਾਲੀਸੇਡਜ਼ ਰਾਖ ਬਣ ਗਿਆ। ਬੇਅ-ਏਰੀਏ ਸਮੇਤ ਲਾਸ ਏਂਜਲਸ ਨੇੜਲੇ ਬਾਕੀ ਹਲਕਿਆਂ ਵਿੱਚੋਂ ਲੰਘਦੇ ਸੈਂਟਾ ਐਨਾ ਫਰੀਵੇਅ ਉੱਤੇ ਬਣੀ ਰੰਗਨਗਰੀ ਹੌਲੀਵੁੱਡ ਸਦਮੇ ਨਾਲ ਇਸ ਕਦਰ ਮਸੋਸੀ ਗਈ ਕਿ ਧੁਖ਼ਦਾ ਹੋਇਆ ਪਾਲੀਸੇਡਜ਼ ਸੰਸਾਰ ਨੂੰ ਦਰਪੇਸ਼ ਵਾਤਾਵਰਣ ਦੇ ਮਸਲੇ ਦਾ ਨਵਾਂ ਚਿੰਨ੍ਹ ਬਣ ਗਿਆ ਹੈ। ਮਨੁੱਖੀ ਤਰੱਕੀ ਲਈ ਆਪਣਾ ਪੇਟ ਫਰੋਲੇ ਜਾਣ ਤੋਂ ਦੁਖੀ ਧਰਤੀ ਮਾਂ ਆਪਣੀ ਨਾਰਾਜ਼ਗੀ ਕੁਦਰਤੀ ਆਫ਼ਤਾਂ ਦੇ ਰੂਪ ਵਿੱਚ ਪ੍ਰਗਟ ਕਰਦੀ ਜਾਪਦੀ ਹੈ। ਇਸ ਬਵੰਡਰ ਵਿੱਚ ਹੌਲੀਵੁੱਡ ਤੇ ਇਸ ਦੇ ਦੁਆਲੇ ਦਾ ਨੁਕਸਾਨ ਸਭ ਤੋਂ ਵੱਧ ਤੇ ਰੜਕਵਾਂ ਹੋਇਆ ਹੈ- ਸੁਪਰ ਵੀ.ਆਈ.ਪੀ ਤੇ ਔਸਕਰ ਪੁਰਸਕਾਰ ਜੇਤੂ ਮੈੱਲ ਗਿਬਸਨ ਦਾ ਕਰੋੜਾਂ ਦਾ ਬੰਗਲਾ ਸੜ ਕੇ ਸੁਆਹ ਹੋ ਗਿਆ। ਆਵਾਰਾ ਹੋਈ ਅੱਗ ਦੇ ਖਦੇੜੇ ਦੋ ਲੱਖ ਤੋਂ ਵੱਧ ਅਮਰੀਕੀ, 1980 ਤੋਂ ਲੈ ਕੇ ਹੁਣ ਤੱਕ ਹਰ ਦਹਾਕੇ ਗਰਮ ਹੁੰਦੀ ਜਾਂਦੀ ਧਰਤੀ, ਪਿਘਲਦੇ ਗਲੇਸ਼ੀਅਰ ਤੇ ਵੱਡੇ ਦੇਸ਼ਾਂ ਦੀ ਜ਼ਿੱਦ ਨਵੇਂ ਸੰਸਾਰ ਦਾ ਪੁਰਾਣਾ ਦੁੱਖ ਹੈ।

ਕੈਲੀਫੋਰਨੀਆ ਦੀਆਂ ਪਹਾੜੀਆਂ ਵਿੱਚ ਸੈਂਕੜੇ ਦੱਰੇ ਮੌਜੂਦ ਹਨ। ਹਵਾਵਾਂ ਆਪਣਾ ਅਕਾਲ ਵਾਜਾ ਵਜਾਉਂਦੀਆਂ ਇਨ੍ਹਾਂ ’ਚੋਂ ਅਕਸਰ ਲੰਘਦੀਆਂ ਰਹਿੰਦੀਆਂ ਹਨ। ਜਦੋਂ ਕੋਈ ਦੱਰਾ ਹਵਾ ਨਾਲ ਗਰਮ ਹੁੰਦਾ ਹੈ ਤਾਂ ਉਹ ਕਿਸੇ ਦਾਨਾਸੁਰ ਵਾਂਗ ਫੁੰਕਾਰਨ ਲੱਗਦਾ ਹੈ।

ਅਮਰੀਕਾ ਦੇ ਪੱਛਮੀ ਪਾਸੇ ਫੈਲੇ ਕੈਲੀਫੋਰਨੀਆ ਵਿੱਚ ਸੋਕਾ ਦੋ ਵਰ੍ਹੇ ਪਹਿਲਾਂ ਹੀ ਮੁੱਕਿਆ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ 2014 ਤੋਂ 2024 ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਵੱਧ ਗਰਮ ਦਹਾਕਾ ਰਿਹਾ ਹੈ। ਧਰਤੀ ਦਾ ਤਾਪਮਾਨ ਲਗਤਾਰ ਵਧਦਾ ਆ ਰਿਹਾ ਹੈ। ਇਹ ਵੀ ਕਿ ਸੰਨ 1080 ਤੋਂ ਲੈ ਕੇ ਹੁਣ ਤੱਕ ਹਰੇਕ ਸਾਲ ਪਹਿਲੇ ਨਾਲੋਂ ਜ਼ਿਆਦਾ ਗਰਮ ਰਹਿੰਦਾ ਹੈ।

ਵਾਤਾਵਰਣ ਨਾਲ ਜੁੜੇ ਸਭ ਮਸਲਿਆਂ ਦਾ ਹੱਲ ਸਾਰੇ ਮੁਲਕਾਂ ਵੱਲੋਂ ਸੁਹਿਰਦਤਾ ਨਾਲ ਨੀਤੀਆਂ ਬਣਾ ਕੇ ਇਨ੍ਹਾਂ ’ਤੇ ਅਮਲ ਕਰ ਕੇ ਹੀ ਕੱਢਿਆ ਜਾ ਸਕਦਾ ਹੈ।

# ਹੋਮਲੈਂਡ ਸਕਿਉਰਿਟੀ ਵਿਭਾਗ ਦੇ ਸਾਰੇ 6000 ਏਜੰਟਾਂ ਨੂੰ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੇ ਕੰਮ 'ਤੇ ਲਾਇਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ( ਡੀ ਐਚ ਐਸ) ਨੇ ਆਪਣੀ ਸਮੁੱਚੀ ਜਾਂਚ ਡਵੀਜਨ ਜੋ 6000 ਏਜੰਟਾਂ 'ਤੇ ਅਧਾਰਤ ਹੈ, ਨੂੰ ਆਦੇਸ਼ ਦਿੱਤਾ ਹੈ ਕਿ ਉਹ ਆਪਣਾ ਧਿਆਨ ਡਰੱਗ ਡੀਲਰਾਂ, ਅੱਤਵਾਦੀਆਂ ਤੇ ਮਨੁੱਖੀ ਤਸਕਰੀ ਵੱਲੋਂ ਹਟਾ ਕੇ ਟਰੰਪ ਪ੍ਰਸ਼ਾਸਨ ਦੇ ਉਸ ਮਿਸ਼ਨ ਵੱਲ ਦੇਵੇ ਜਿਸ ਤਹਿਤ ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਉਨਾਂ ਦੇ ਮੂਲ ਦੇਸ਼ਾਂ ਵਿਚ ਵਾਪਿਸ ਭੇਜਿਆ ਜਾ ਰਿਹਾ ਹੈ। ਡੀ ਐਚ ਐਸ ਦੀ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਏਜੰਸੀ (ਐਚ ਐਸ ਆਈ) ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਾਲ ਹੀ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਕੀਤੇ ਕਾਰਜਕਾਰੀ ਆਦੇਸ਼ ਅਨੁਸਾਰ ਕੰਮ ਕਰ ਰਹੇ ਹਨ ਜਿਸ ਤਹਿਤ ਸੰਘੀ ਲਾਅ ਇਨਫੋਰਸਮੈਂਟ ਸਾਧਨਾਂ ਦੀ ਵਰਤੋਂ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਰਨ ਲਈ ਕਿਹਾ ਗਿਆ ਹੈ। ਇਸ ਲਈ ਆਉਣ ਵਾਲੇ ਦਿਨਾਂ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਫੜੋਫੜੀ ਤੇ ਉਨਾਂ ਦੇ ਦੇਸ਼ ਨਿਕਾਲੇ ਦੇ ਕੰਮ ਵਿਚ ਤੇਜੀ ਆਵੇਗੀ।

ਇਨਾਂ ਅਧਿਕਾਰੀਆਂ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਸ ਤਾਜਾ ਆਦੇਸ਼ ਕਾਰਨ ਮੈਕਸੀਕਨ ਡਰੱਗ ਗਿਰੋਹ ਜੋ ਸਰਹੱਦ ਪਾਰੋਂ ਖਤਰਨਾਕ ਨਸ਼ਾ ਫੈਂਟਾਨਾਇਲ ਦੀ ਤਸਕਰੀ ਕਰਦੇ ਹਨ, ਸਮੇਤ ਅਮਰੀਕੀਆਂ ਨੂੰ ਦਰਪੇਸ਼ ਹੋਰ ਖਤਰਨਾਕ ਕੌਮਾਂਤਰੀ ਖਤਰਿਆਂ ਨਾਲ ਜੁੜੇ ਕਈ ਅਹਿਮ ਮਾਮਲਿਆਂ ਦੀ ਜਾਂਚ ਪ੍ਰਭਾਵਤ ਹੋਵੇਗੀ। ਐਚ ਐਸ ਆਈ ਦੇ ਇਕ ਸਾਬਕਾ ਸੁਪਰਵਾਈਜਰ ਏਜੰਟ ਕ੍ਰਿਸ ਕੈਪਨੇਲੀ ਨੇ ਕਿਹਾ ਹੈ ਕਿ ਮੇਰੇ ਸਾਥੀਆਂ ਨੂੰ ਪਹਿਲਾਂ ਹੀ ਡਰ ਸਤਾ ਰਿਹਾ ਸੀ ਕਿ ਜੇਕਰ ਟਰੰਪ ਚੋਣ ਜਿੱਤ ਗਏ ਤਾਂ ਪ੍ਰਵਾਸ ਸਬੰਧੀ ਸਖਤੀ ਹੋਵੇਗੀ। ਇਹ ਇਕ ਤਰਾਂ ਸਮੁੱਚੀ ਵਿਵਸਥਾ ਨੂੰ ਪੱਟੜੀ ਤੋਂ ਲਾਹ ਦੇਣ ਵਾਲੀ ਕਾਰਵਾਈ ਹੈ। ਉਨਾਂ ਕਿਹਾ ਕਿ " ਕੁਝ ਦੋਸਤ ਡੀ ਐਚ ਐਸ ਤੋਂ ਬਾਹਰ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਵਿਚ ਨੌਕਰੀਆਂ ਲੱਭ ਰਹੇ ਹਨ ਜਿਥੇ ਉਨਾਂ ਨੂੰ ਪ੍ਰਵਾਸੀਆਂ ਮਗਰ ਭੱਜਣਾ ਨਾ ਪਵੇ। ਇਨਾਂ ਦੋਸਤਾਂ ਦਾ ਕਹਿਣਾ ਹੈ ਕਿ ਜੋ ਕੰਮ ਕਰਨ ਲਈ ਉਨਾਂ ਨੂੰ ਕਿਹਾ ਜਾ ਰਿਹਾ ਹੈ ਇਹ ਉਹ ਨਹੀਂ ਹੈ ਜਿਸ ਲਈ ਉਨਾਂ ਦੀ ਨਿਯੁਕਤੀ ਹੋਈ ਸੀ। ਇਹ ਸਾਡੇ ਹੁਨਰ ਤੇ ਤਜ਼ਰਬੇ ਦੀ ਯੋਗ ਵਰਤੋਂ ਨਹੀਂ ਹੈ।" ਇਸ ਸਬੰਧੀ ਡੀ ਐਚ ਐਸ ਦੀ ਜਨਤਿਕ ਮਾਮਲਿਆਂ ਬਾਰੇ ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਹੈ ਕਿ ਇਸ ਸਮੇ ਐਚ ਐਸ ਆਈ ਸਮੇਤ ਡੀ ਐਚ ਐਸ ਦੇ ਸਾਰੇ ਏਜੰਟ ਗੈਰ ਕਾਨੂੰਨੀ ਵਿਦੇਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਉਨਾਂ ਨੂੰ ਵਾਪਿਸ ਭੇਜਣ ਦੇ ਕੰਮ ਵਿਚ ਲੱਗੇ ਹੋਏ ਹਨ ਤਾਂ ਜੋ ਅਮਰੀਕਾ ਦੀ ਸੁਰੱਖਿਆ ਦੇ ਮੁੱਢਲੇ ਮਿਸ਼ਨ ਦੀ ਪੂਰਤੀ ਕੀਤੀ ਜਾ ਸਕੇ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm



# ਇੱਕ ਲਾਸਾਨੀ ਸ਼ਖਸੀਅਤ ਪ੍ਰੋ, ਸਾਹਿਬ ਸਿੰਘ ਜੀ ਨੂੰ ਯਾਦ ਕਰਦਿਆਂ...

ਲੇਖਕ : ਅਮਰ ਜੀਤ ਸਿੰਘ ਚੰਦੀ
ਫੋਨ: 9756264621, 95685 41414

ਪ੍ਰੋ, ਸਾਹਿਬ ਸਿੰਘ ਜੀ ਦੀ ਲਾਸਾਨੀ ਸ਼ਖਸੀਅਤ ਬਾਰੇ, ਮੇਰੀ ਕਲਮ, ਠੀਕ ਇੰਸਾਫ ਕਰਨ ਦੇ ਸਮਰੱਥ ਤਾਂ ਨਹੀਂ ਹੈ, ਬਸ ਇਵੇਂ ਸਮਝੋ ਕਿ ਜਨਮ ਦਿਨ ਤੇ ਉਨ੍ਹਾਂ ਨੂੰ ਯਾਦ ਕਰਨ ਦਾ ਉਪ੍ਰਾਲਾ ਕਰ ਰਿਹਾ ਹਾਂ। ਪ੍ਰੋ, ਸਾਹਿਬ ਇੱਕ ਸ਼ਖਸ ਤੋਂ ਕਿਤੇ ਵੱਧ ਇੱਕ ਸੰਸਥਾ ਸਨ, ਸੰਸਥਾ ਵੀ ਅਜਿਹੀ, ਜਿਸ ਦੀ ਬਰਾਬਰੀ ਤਾਂ ਕਿਸੇ ਸੰਸਥਾ ਨੇ ਕੀ ਕਰਨੀ ਹੈ, ਉਨ੍ਹਾਂ ਦੇ ਪਰਛਾਵੇਂ ਨੂੰ ਵੀ ਨਹੀਂ ਛੋਹ ਸਕਦੀ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਦੁਨੀਆ ਦੇ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਜਿਸ ਨੂੰ ਬਣਿਆਂ ਹੋਰ ਦੱਸ ਸਾਲਾਂ ਨੂੰ ਇੱਕ ਸਦੀ ਹੋ ਜਾਣੀ ਹੈ। ਇਹ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਹੈ, ਜਿਸ ਵਿੱਚ ਸਿੱਖੀ ਦੇ ਪਰਚਾਰ ਲਈ ਹਜ਼ਾਰਾਂ ਕਰਮਚਾਰੀ ਹਨ। ਜਿਸ ਦਾ ਸਾਲਾਨਾ ਬਜਟ ਚਾਰ ਅਰਬ ਰੁਪਏ ਤੋਂ ਉਪਰ ਹੈ। ਇਸ ਸੰਸਥਾ ਨੇ ਇੱਕ ਸਦੀ ਵਿੱਚ ਵੀ ਏਨਾ ਕੰਮ ਨਹੀਂ ਕੀਤਾ ਜਿੰਨਾ ਪ੍ਰੋ, ਸਾਹਿਬ ਸਿੰਘ ਜੀ ਨੇ, ਇਕੱਲਿਆਂ ੩੦, ੪੦ ਸਾਲ ਵਿੱਚ ਕਰ ਦਿੱਤਾ ਸੀ। (ਬਲਕਿ ਅਸਲੀਅਤ ਤਾਂ ਇਹ ਹੈ ਕਿ ਪ੍ਰੋ, ਸਾਹਿਬ ਨੇ ਵਿਆਕਰਣ ਦੀ ਖੋਜ ਕਰ ਕੇ, ਦਰਪਣ ਰਾਹੀਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰ ਕੇ ਜੋ ਜਾਗ੍ਰਤੀ ਪੰਥ ਵਿੱਚ ਲਿਆਂਦੀ ਸੀ ਉਹ ਹਰ ਦਿਨ ਦੇ ਨਾਲ ਵੱਧ ਰਹੀ ਹੈ। ਦੂਸਰੇ ਪਾਸੇ ੧੯੨੦ ਵਿੱਚ ਜੋ ਜਾਗ੍ਰਤੀ ਪ੍ਰੋ, ਗੁਰਮੁਖ ਸਿੰਘ ਜੀ ਅਤੇ ਗਿਆਨੀ ਦਿੱਤ ਸਿੰਘ ਜੀ ਨੇ ਪੰਥ ਵਿੱਚ ਲਿਆਂਦੀ ਸੀ ਉਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹਰ ਦਿਨ, ਨਿਰੰਤਰ ਘਾਟਾ ਹੋ ਰਿਹਾ ਹੈ) ਪ੍ਰੋ, ਸਾਹਿਬ ਸਿੰਘ ਜੀ ਨੇ ਵਿਆਕਰਣ ਰਾਹੀਂ ਪੁਜਾਰੀ ਲਾਣੇ, ਸੰਤ ਯੂਨੀਅਨ ਨੂੰ ਨੱਥ ਪਾਈ ਹੈ, ਜਦ ਕਿ ਸੰਤ ਯੂਨੀਅਨ ਨੇ ਵੋਟਾਂ ਆਸਰੇ ਸ਼੍ਰੋਮਣੀ ਕਮੇਟੀ ਨੂੰ ਨੱਥ ਪਾਈ ਹੋਈ ਹੈ।

ਇਹ ਉਸ ਹਾਲਤ ਵਿੱਚ ਹੈ ਜਦ ਕਿ ਸ਼੍ਰੋਮਣੀ ਕਮੇਟੀ ਨੂੰ ਧਰਮ ਪ੍ਰਚਾਰ ਲਈ ਸਿੱਖ, ਹਰ ਸਾਲ ਅਰਬਾਂ ਰੁਪਏ ਦਿੰਦੇ ਹਨ, ਉਸ ਕੋਲ ਹਰ ਤਰ੍ਹਾਂ ਦੇ ਸਾਧਨ ਹਨ। ਦੂਸਰੇ ਪਾਸੇ ਪ੍ਰੋ, ਸਾਹਿਬ ਸਿੰਘ ਨੇ ਸਾਰਾ ਖਰਚਾ ਅਪਣੇ ਕੋਲੋਂ ਕੀਤਾ ਹੈ, ਉਹ ਵੀ ਉਸ ਹਾਲਤ ਵਿਚ, ਜਦ ਕਿ ਉਨ੍ਹਾਂ ਕੋਲ ਬੱਸ ਦਾ ਕਿਰਾਇਆ ਵੀ ਨਾ ਹੋਣ ਕਾਰਨ, ੩੫, ੩੬, ਮੀ.ਲ, ਲਗਭਗ ੬੦ ਕਿਲੋਮੀਟਰ ਪੈਦਲ ਚਲ ਕੇ ਜਾਣਾ ਪੈਂਦਾ ਸੀ। ਰਸਤੇ ਵਿੱਚ ਜੇ ਟੁੱਟੀ ਹੋਈ ਜੁੱਤੀ ਜਵਾਬ ਦੇ ਗਈ ਤਾਂ ਉਸ ਨੂੰ ਰਾਹ ਵਿੱਚ ਹੀ ਸਿੱਟ ਕੇ ਨੰਗੇ ਪੈਰੀਂ ਹੀ ਜਾਣਾ ਪਿਆ। ਕਰਾਇਆ ਨਾ ਹੋਣ ਦੀ ਸੂਰਤ ਵਿਚ, ਗੱਡੀ ਤੇ ਚੜ੍ਹਨ ਲਈ ੪੦ ਮੀਲ ਤੱਕ ਪੈਦਲ ਚਲ ਕੇ ਜਾਣਾ ਹੁੰਦਾ ਸੀ। ਉਨ੍ਹਾਂ ਨੂੰ ਸਕੂਲ ਦੇ ਹੋਸਟਲ ਵਿੱਚ ੨੦ ਸੇਰ ਆਟਾ ਪਹੁੰਚਾਉਣ ਲਈ, ਉਨ੍ਹਾਂ ਦੇ ਦੋ ਛੋਟੇ ਭਰਾਵਾਂ ਨੂੰ ਹਰ ਮਹੀਨੇ, ਆਟਾ ਸਿਰ ਤੇ ਚੁਕ ਕੇ ਵੀਹ ਮੀਲ, ੩੩ ਕਿਲੋਮੀਟਰ ਕਰੀਬ, ਪੈਦਲ ਜਾਣਾ ਅਤੇ ਵਾਪਸ ਆਉਣਾ ਪੈਂਦਾ ਸੀ। ਇੱਕ ਵਾਰ ਤਾਂ ਉਨ੍ਹਾਂ ਨੂੰ ਲਗਾਤਾਰ ਦੋ ਦਿਨ ਚਲ ਕੇ ਸਕੂਲ ਜਾਣਾ ਪਿਆ ਸੀ। ਅਜਿਹੀ ਹਾਲਤ ਵਿੱਚ ਕੋਈ ਵੱਡੀ ਤੋਂ ਵੱਡੀ ਸੰਸਥਾ ਵੀ ਪ੍ਰੋ, ਸਾਹਿਬ ਦੇ ਨੇੜੇ ਤੇੜੇ ਵੀ ਅਪੜਦੀ ਨਹੀਂ ਨਜ਼ਰ ਆਉਂਦੀ।

(ਇਕ ਗੱਲ ਹੋਰ ਧਿਆਨ ਦੇਣ ਵਾਲੀ ਹੈ ਕਿ ਪ੍ਰੋ, ਸਾਹਿਬ ਵਲੋਂ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਕਰਨ ਤੇ ਵੀ ਸ਼੍ਰੋਮਣੀ ਕਮੇਟੀ ਤੇ ਕਾਬਜ਼ ਡੇਰਾਵਾਦੀਆਂ ਨੇ ਦਰਪਣ ਛਾਪਣ ਤੋਂ ਮਨ੍ਹਾ ਕਰ ਦਿੱਤਾ ਸੀ। ਉਹੀ ਸ਼ਰੋਮਣੀ ਕਮੇਟੀ, ਗੁਰ ਬਿਲਾਸ ਪਾ, ੬। ਸਿੱਖ ਇਤਿਹਾਸ ਜਿਹੀਆਂ, ਗੁਰਮਤ ਸਿਧਾਂਤ ਦਾ ਵਿਰੋਧ ਕਰਦੀਆਂ ਅਨੇਕਾਂ ਕਿਤਾਬਾਂ ਸਿੱਖਾਂ ਦੇ ਦਸਵੰਧ ਨਾਲ ਛਾਪਦੀ ਹੈ।)

ਜੇ ਉਸ ਬੰਦੇ ਦੇ ਕੱਦ ਵਲ ਨਜ਼ਰ ਮਾਰਦਾ ਹਾਂ, ਜਿਸ ਨੂੰ ਉਸ ਦੇ ਮਾਸਟਰ ਨੇ ਕਿਹਾ ਸੀ 'ਨੱਥੂ ਰਾਮਾ ਤੇਰੀ ਔਲਾਦ ਤਾਂ ਢਾਂਗਿਆਂ ਨਾਲ ਬਤਾਊਂ ਤੁੜਿਆ ਕਰੇਗੀ 'ਤਾਂ ਮੈਨੂੰ ਹੀ ਨਹੀਂ ਉਨ੍ਹਾਂ ਦੇ ਸਪੁੱਤ੍ਰ, ਏਸ਼ੀਆ ਦੇ ਸਭ ਤੋਂ ਵੱਧ ਸਿਰਕੱਢ, ਅੱਖਾਂ ਦੇ ਡਾਕਟਰ, ਸ੍ਰ, ਦਲਜੀਤ ਸਿੰਘ ਨੂੰ ਵੀ ਅਪਣਾ ਕੱਦ ਬੌਣਾ ਜਾਪਦਾ ਹੈ, ਅੱਜ ਵੀ ਉਨ੍ਹਾਂ ਨੂੰ ਪ੍ਰੋ, ਸਾਹਿਬ ਸਿੰਘ ਦੇ ਸਪੁਤ੍ਰ ਵਜੋਂ ਜ਼ਿਆਦਾ ਜਾਣਿਆ ਜਾਂਦਾ ਹੈ। ਉਸ ਮਹਾਨ ਸ਼ਖਸੀਅਤ ਦੇ ਕੱਦ ਸਾਹਵੇਂ, ਇੱਕ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਅਪਣੇ ਆਪ ਨੂੰ 'ਗਿੱਠ-ਮੁਠੀਆ 'ਮਹਿਸੂਸ ਕਰਦਾ ਹੈ।



ਪ੍ਰੋ, ਸਾਹਿਬ ਸਿੰਘ ਜੀ ਨੇ ਸਾਨੂੰ ਉਹ ਰਾਹ ਵਿਖਾਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਬਾਰੇ ਜਾਨਣ ਦਾ ਹਰ ਚਾਹਵਾਨ, ਆਪਣਾ ਸਫਰ ਇਸ ਰਾਹ ਤੋਂ ਹੀ ਸ਼ੁਰੂ ਕਰਦਾ ਹੈ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਕੋਲ ਕੰਮ ਬਹੁਤ ਵੱਡਾ ਅਤੇ ਸਮਾਂ ਬਹੁਤ ਘੱਟ ਸੀ, ਜਿਸ ਕਰ ਕੇ ਉਹ ਕਈ ਵਿਸ਼ਿਆਂ ਨਾਲ ਪੂਰਾ ਇੰਸਾਫ ਨਹੀਂ ਕਰ ਸਕੇ, ਪਰ ਅਸੀਂ ਜਿੰਨਾ ਕੁੱਝ ਮਰਜ਼ੀ ਕਹੀਏ, ਸੱਚ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਤੁਕ, ਹਰ ਸ਼ਬਦ, ਹਰ ਬਾਣੀ ਨੂੰ ਸਮਝਣ ਲਈ ਪ੍ਰੋ, ਸਾਹਿਬ ਸਿੰਘ ਜੀ ਦੀ ਵਿਆਕਰਨ ਦਾ ਆਸਰਾ ਲੈਣਾ ਪੈਂਦਾ ਹੈ, ਘੱਟੋ-ਘੱਟ ਮੈਂ ਜ਼ਰੂਰ ਇਹ ਮੰਨਦਾ ਹਾਂ।

ਕੁੱਝ ਬੰਦਿਆਂ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਅਰਥ ਕਰਦਿਆਂ, ਪ੍ਰੋ, ਸਾਹਿਬ ਦਾ ਜ਼ਿਕਰ ਇਸ ਤਰਾਂ ਕੀਤਾ ਜਾਂਦਾ ਹੈ, ਜਿਵੇਂ ਪ੍ਰੋ, ਸਾਹਿਬ ਨੂੰ ਕੋਈ ਖਾਸ ਨਹੀਂ ਆਉਂਦਾ ਸੀ ਅਤੇ ਉਹ ਬਹੁਤ ਸਿਆਣੇ ਹਨ, ਉਨ੍ਹਾਂ ਨੂੰ ਬਹੁਤ ਸੋਝੀ ਹੈ। ਜਦ ਕਿ ਉਨ੍ਹਾਂ ਅਰਥਾਂ ਵਿਚੋਂ ਵੀ ਸਪੱਸ਼ਟ ਝਲਕਦਾ ਹੈ ਕਿ ਸੋਝੀ ਉਨ੍ਹਾਂ ਨੇ ਵੀ ਪ੍ਰੋ, ਸਾਹਿਬ ਦੀ ਵਿਆਕਰਣ ਤੋਂ ਹੀ ਲਈ ਹੈ। ਕਿਸੇ ਕੋਲੋਂ ਸੇਧ ਲੈਣ ਨਾਲ ਕੋਈ ਬੰਦਾ ਨੀਵਾਂ ਨਹੀਂ ਹੋ ਜਾਂਦਾ ਪਰ, ਜਿਸ ਚੀਜ਼ ਬਾਰੇ ਉਹ ਕਹਿ ਰਿਹਾ ਹੈ ਉਹ ਚੀਜ਼ ਉਸ ਦੇ ਅਪਣੇ ਅੰਦਰ ਕਿੰਨੀ ਕੁ ਵਸਦੀ ਹੈ ਇਸ ਨਾਲ ਬੰਦੇ ਤੇ ਜ਼ਰੂਰ ਅਸਰ ਪੈਂਦਾ ਹੈ।

ਪ੍ਰੋ, ਸਾਹਿਬ ਅਪਣੀਆਂ ਲਿਖਤਾਂ ਵਿੱਚ ਲਿਖਦੇ ਹਨ ਕਿ ਕਈ ਥਾਂ ਗਲਤੀਆਂ ਰਹਿ ਗਈਆਂ ਹੋਣ ਗੀਆਂ, ਜਿਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਆਪੇ ਸੁਧਾਰ ਲੈਣਗੀਆਂ। ਦੂਸਰੇ ਪਾਸੇ ਹਉਮੈ ਦਾ ਪਰਗਟਾਵਾ ਹੈ। ਕਸਵੱਟੀ ਗੁਰਬਾਣੀ ਹੈ, ਗੁਰਬਾਣੀ ਫੁਰਮਾਨ ਹੈ,

ਗੁਰ ਕੀ ਸੇਵਾ ਸਬਦੁ ਬੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥ (੨੨੩)

ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ, ਉਨ੍ਹਾਂ ਦੇ ਸ਼ਬਦ ਦੀ ਵਿਚਾਰ ਕਰਨਾ ਹੀ ਹੈ। ਲੋੜੀਂਦਾ ਆਦਰ ਕਰਨਾ ਬਣਦਾ ਹੈ, ਪਰ ਲੱਖਾਂ ਰੁਪਏ ਦੇ ਚੰਦੋਏ, ਹਜ਼ਾਰਾਂ ਰੁਪਏ ਦੇ ਰੁਮਾਲੇ, ਅੱਗੇ ਲਮਕਦੇ ਸੋਨੇ ਚਾਂਦੀ ਦੇ ਝੱਬੇ, ਉਪਰ ਸੋਨੇ ਦੇ ਕਲਸ, ਨਿਸ਼ਾਨ ਸਾਹਿਬ ਦੇ ਸੋਨੇ ਦੇ ਖੰਡੇ ਆਦਿ ਲਾਉਣੇ ਸਿੱਖਾਂ ਦੇ ਦਸਵੰਧ ਦਾ ਉਜਾੜਾ ਕਰਨਾ ਹੈ।

(ਮੈ ਕਈ ਵਾਰੀ ਕਹਿੰਦਾ ਹਾਂ ਕਿ ਇੱਕ ਦਿਨ ਇਹ ਸੋਨੇ ਦੇ ਖੰਡੇ, ਕਲਸ, ਝੱਬੇ, ਪਾਲਕੀਆਂ, ਕਹੀਆਂ, ਤਸਲੇ ਵੀ ਲੁੱਟ ਹੋਣੇ ਹਨ, ਪਰ ਜੋ ਲੁੱਟੇ ਗਾ ਉਹ ਵੀ ਰੋਵੇ ਗਾ, ਤਾਂ ਬੱਚੇ ਹੱਸ ਕੇ ਕਹਿ ਦਿੰਦੇ ਹਨ ਕਿ ਜੋ ਲੁੱਟੇ ਗਾ ਉਹ ਕਿਉਂ ਰੋਵੇਗਾ? ਮੈਨੂੰ ਸਮਝਾਉਣਾ ਪੈਂਦਾ ਹੈ ਕਿ ਇਹ ਤਾਂ ਪਹਿਲਾਂ ਹੀ ਲੁੱਟ ਲਏ ਗਏ ਹਨ, ਇਨ੍ਹਾਂ ਵਿਚੋਂ ੯੦ % ਤਾਂ ਲਾਉਣ ਵਾਲੇ ਸਾਧਾਂ ਨੇ ਲੁੱਟ ਲਿਆ ਹੋਇਆ ਹੈ। ਜੋ ਵਿਚਾਰਾ, ਮਿਹਨਤ ਕਰ ਕੇ ਲੁੱਟ ਕੇ ਲਿਜਾਵੇ ਗਾ, ਉਹ ਘਰ ਜਾ ਕੇ ਰੋਵੇਗਾ, ਕਿਉਂਕਿ ਜਿਸ ਨੂੰ ਉਹ ੧੨ ਕਿਲੋ ਸੋਨੇ ਦਾ ਸਮਝ ਕੇ ਲਿਜਾਵੇਗਾ ਉਸ ਵਿਚੋਂ ਕਿਲੋ, ਸਵਾ ਕਿਲੋ ਸੋਨਾ ਨਿਕਲਣ ਤੇ ਉਹ ਰੋਵੇਗਾ ਨਹੀਂ ਤਾਂ ਹੋਰ ਕੀ ਕਰੇਗਾ? ਇਹ ਲਾਏ ਹੀ ਇਨ੍ਹਾਂ ਵਿਚੋਂ ਸੋਨਾ ਖਾਣ ਲਈ ਜਾਂਦੇ ਹਨ।)

ਗੁਰ ਸ਼ਬਦ ਦੀ ਵਿਚਾਰ ਕਰਨ ਦਾ ਫੱਲ ਕੀ ਮਿਲਦਾ ਹੈ? ਇਸ ਬਾਰੇ ਇਸ ਤੁਕ ਵਿੱਚ ਸੇਧ ਦਿੱਤੀ ਹੈ ਕਿ ਗੁਰ ਸ਼ਬਦ ਦੀ ਵਿਚਾਰ ਕਰਨ ਵਾਲੇ ਬੰਦੇ ਦੇ ਮਨ ਵਿਚੋਂ ਹਉਮੈ ਮਰ ਜਾਂਦੀ ਹੈ। ਜੋ ਬੰਦਾ ਅਪਣੇ ਆਪ ਨੂੰ ਗੁਰਬਾਣੀ ਦਾ ਗਿਆਤਾ ਵੀ ਕਹੇ ਅਤੇ ਹਉਮੈ ਦੀਆਂ ਗੱਲਾਂ ਵੀ ਕਰੇ ਤਾਂ ਇਹੀ ਕਿਹਾ ਜਾਵੇਗਾ ਕਿ ਉਹ ਜੋ ਗੁਰਬਾਣੀ ਦੀਆਂ ਗੱਲਾਂ ਕਰਦਾ ਹੈ, ਉਹ ਉਪਰੋਂ ਉਪਰੋਂ ਹੀ ਕਰਦਾ ਹੈ ਇਸ ਦੇ ਅੰਦਰ ਗੁਰਬਾਣੀ ਦੀ ਵਿਚਾਰ ਦਾ ਅਸਰ ਨਹੀਂ ਹੋਇਆ।

ਮੈਂ ਨਵੀਂ ਪੀੜ੍ਹੀ ਦੇ, ਗੁਰਬਾਣੀ ਸਮਝਣ ਦੇ ਚਾਹਵਾਨਾਂ ਨੂੰ ਬੇਨਤੀ ਕਰਾਂਗਾ ਕਿ ਉਹ ਗੁਰਬਾਣੀ ਸਮਝਣ ਲਈ ਪ੍ਰੋ, ਸਾਹਿਬ ਸਿੰਘ ਜੀ ਵਲੋਂ ਸ਼ੁਰੂ ਕੀਤੇ ਖੋਜ ਦੇ ਕੰਮ ਨੂੰ ਨਿਰੰਤਰ ਜਾਰੀ ਰੱਖਣ, ਤਾਂ ਜੋ ਹਰ ਚੜ੍ਹਦੇ ਸੂਰਜ ਦੇ ਨਾਲ, ਅਸੀਂ ਗੁਰਬਾਣੀ ਵਿਚੋਂ ਨਵੇਂ ਹੀਰੇ ਮੋਤੀ ਲੱਭ ਸਕੀਏ। ਇਹ ਏਨਾ ਵੱਡਾ ਕੰਮ ਹੈ, ਜੋ ਕਦੀ ਵੀ ਪੂਰਨ ਨਹੀਂ ਹੋ ਸਕਦਾ। ਸਾਨੂੰ ਸਦੀਆਂ, ਜੁਗਾਂ ਤਕ ਇਸ ਵਿਚੋਂ ਹੀਰੇ ਮੋਤੀ ਮਿਲਦੇ ਹੀ ਰਹਿਣਗੇ।


ਆਉ ਕਰਮ ਕਾਂਡੀਆਂ ਦੀਆਂ ਗਿਣਤੀਆਂ ਮਿਣਤੀਆਂ ਤੋਂ ਜਾਨ ਛੁਡਾ ਕੇ, ਗੁਰਬਾਣੀ ਨੂੰ ਸਮਝਣ, ਉਸ ਅਨੁਸਾਰ ਜੀਵਨ ਢਾਲਣ ਦਾ ਉਪਰਾਲਾ ਕਰੀਏ, ਇਸ ਤਰ੍ਹਾਂ ਕੀਤਿਆਂ ਹੀ ਅਸੀਂ ਪਰਮਾਤਮਾ ਦੇ ਦਰ ਤੇ ਕਬੂਲ ਹੋ ਸਕਦੇ ਹਾਂ। ਇਹੀ ਪ੍ਰੋ, ਸਾਹਿਬ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਉਹ ਪ੍ਰੋਫ਼ੈਸਰ ਸਾਹਿਬ ਸਿੰਘ ਵਜੋਂ ਜਾਣੇ ਜਾਂਦੇ। ਉਨ੍ਹਾਂ ਨੇ 1920 ਦੇ ਦਹਾਕੇ ਵਿਚ ਗੁਰਦਵਾਰਾ ਸੁਧਾਰ ਲਹਿਰ ਵਿਚ ਹਿੱਸਾ ਲਿਆ। 1921 ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੰਯੁਕਤ ਸਕੱਤਰ ਨਿਯੁਕਤ ਕੀਤੇ ਗਏ। 1922 ਵਿਚ ਗੁਰੂ ਕਾ ਬਾਗ਼ ਅੰਦੋਲਨ ਦੌਰਾਨ ਅਤੇ 1924 ਵਿਚ ਜੈਤੋ ਦੇ ਮੋਰਚੇ ਵਿਚ ਵੀ ਜੇਲ ਗਏ ਸੀ। ਅੰਮ੍ਰਿਤਸਰ 1929 ਤੋਂ 1952 ਤਕ ਉਹ ਖ਼ਾਲਸਾ ਕਾਲਜ ਵਿਚ ਰਹੇ ਅਤੇ ਸਿੱਖ ਧਰਮ ਦੇ ਪਾਠਾਂ ਅਤੇ ਵਾਰਤਕ ਦੀਆਂ ਟਿਪਣੀਆਂ ਪੇਸ਼ ਕਰਦੇ ਰਹੇ। ਖ਼ਾਲਸ ਕਾਲਜ, ਅੰਮ੍ਰਿਤਸਰ ਤੋਂ ਉਹ ਸੇਵਾ ਮੁਕਤ ਹੋਏ। ਕਈ ਸਾਲਾਂ ਦੇ ਅਟੁਟ ਅਤੇ ਪ੍ਰਕਾਸ਼ਮਾਨ ਵਿਦਵਤਾ ਦੇ ਕੰਮ ਤੋਂ ਬਾਅਦ ਉਹ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬਣ ਗਏ। ਉਨ੍ਹਾਂ ਨੇ ਗੁਰਮਤਿ ਕਾਲਜ, ਪਟਿਆਲਾ ਵਿਖੇ ਬਤੌਰ ਪ੍ਰਿੰਸੀਪਲ ਵੀ ਕੰਮ ਕੀਤਾ।

ਪ੍ਰੋਫ਼ੈਸਰ ਸਾਹਿਬ ਸਿੰਘ ਦੀਆਂ ਲਗਭਗ 50 ਰਚਨਾਵਾਂ 1927 ਤੋਂ 1977 ਦਰਮਿਆਨ ਪ੍ਰਕਾਸ਼ਤ ਹੋਈਆਂ। ਇਨ੍ਹਾਂ ਵਿਚ ਕਈ ਸਿੱਖ ਧਾਰਮਕ ਗ੍ਰੰਥਾਂ ਅਤੇ 1962-64 ਦੌਰਾਨ ਪ੍ਰਕਾਸ਼ਤ ਸਿੱਖ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਬਾਰੇ ਉਸ ਦੀਆਂ 10-ਖੰਡਾਂ ਦੀ ਟਿਪਣੀ ਸ਼ਾਮਲ ਹੈ। ਸਾਹਿਬ ਸਿੰਘ ਨੇ ਸਿੱਖ ਅਧਿਐਨ ਅਤੇ ਪੰਜਾਬੀ ਪੱਤਰਾਂ ਵਿਚ ਪਾਏ ਯੋਗਦਾਨ ਨੂੰ ਉਨ੍ਹਾਂ ਦੇ ਜੀਵਨ ਕਾਲ ਵਿਚ ਵਿਸ਼ਾਲ ਪ੍ਰਸਿੱਧੀ ਪ੍ਰਾਪਤ ਕੀਤੀ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੇ ਇਨ੍ਹਾਂ ਨੂੰ 1970 ਵਿਚ ਇਕ ਜੀਵਨ ਫ਼ੈਲੋਸ਼ਿਪ ਦੇ ਕੇ ਸਨਮਾਨਤ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਉਨ੍ਹਾਂ ਨੂੰ 1971 ਵਿਚ, ਡਾਕਟਰ ਆਫ਼ ਲਿਟਰੇਚਰ (ਸਨਮਾਨ ਪੱਤਰ) ਦੀ ਡਿਗਰੀ ਪ੍ਰਦਾਨ ਕੀਤੀ।

ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਗੁਰਬਾਣੀ ਵਿਆਕਰਣ ਲਈ ਇਕ ਪੁਰਸਕਾਰ ਦਿਤਾ ਸੀ ਅਤੇ ਪਟਿਆਲਾ ਦੀ ਸਰਕਾਰ ਅਤੇ ਪੂਰਬੀ ਪੰਜਾਬ ਸਟੇਟਸ ਯੂਨੀਅਨ ਨੇ 1952 ਵਿਚ ਪੰਜਾਬੀ ਸਾਹਿਤ ਪ੍ਰਤੀ ਸੇਵਾਵਾਂ ਨਿਭਾਉਂਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਸੀ। ਪ੍ਰੋਫ਼ੈਸਰ ਸਾਹਿਬ ਸਿੰਘ ਦੀ 29 ਅਕਤੂਬਰ 1977 ਨੂੰ ਅੰਮ੍ਰਿਤਸਰ ਵਿਖੇ ਮੌਤ ਹੋ ਗਈ। ਪ੍ਰੋ. ਸਾਹਿਬ ਸਿੰਘ ਦੀਆਂ ਰਚਨਾਵਾਂ: ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਭਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ), ਗੁਰਬਾਣੀ ਵਿਆਕਰਨ, ਧਾਰਮਕ ਲੇਖ, ਕੁੱਝ ਹੋਰ ਧਾਰਮਕ ਲੇਖ, ਗੁਰਮਤਿ ਪ੍ਰਕਾਸ਼, ਪੰਜਾਬੀ ਸੁਹਜ ਪ੍ਰਕਾਸ਼, ਬੁਲ੍ਹੇ ਸ਼ਾਹ, ਮੇਰੀ ਜੀਵਨ ਕਹਾਣੀ (ਸਵੈਜੀਵਨੀ)।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

FAST COMPUTER REPAIR




Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444



# ਫ਼ਲਸਤੀਨ, ਇਜ਼ਰਾਈਲ ਤੇ ਅਣਮਨੁੱਖੀ ਕਹਿਰ ਦੀ ਤਵਾਰੀਖ਼

ਪਹਿਲੀ ਕਿਸ਼ਤ

ਲੇਖਕ : ਸੁਰਿੰਦਰ ਸਿੰਘ ਤੇਜ

ਵੀਹਵੀਂ ਸਦੀ ਵਿੱਚ ਤਕਦੀਰ ਤੇ ਤਸਵੀਰ ਪਲਟੀ: ਯਹੂਦੀ-ਇਸਾਈ ਇਤਿਹਾਦ ਨੇ ਯਹੂਦੀਆਂ ਦੀ ਯੇਹੂਦਾ ਵਿੱਚ ਵਾਪਸੀ ਸੰਭਵ ਬਣਾਈ। 13-14 ਸਦੀਆਂ ਤੋਂ ਫ਼ਲਸਤੀਨੀ ਅਰਬਾਂ ਦੀ ਭੂਮੀ ਵਜੋਂ ਜਾਣੇ ਜਾਂਦੇ ਫ਼ਲਸਤੀਨ ਅੰਦਰ ਇਜ਼ਰਾਈਲ ਨਾਮ ਦਾ ਯਹੂਦੀ ਮੁਲਕ ਸੁਰਜੀਤ ਹੋ ਗਿਆ। ਕੌਮਾਂਤਰੀ ਸਿਆਸੀ ਸ਼ਤਰੰਜ ਦੀਆਂ ਗ਼ੈਰ-ਇਖ਼ਲਾਕੀ ਚਾਲਾਂ ਅਤੇ ਯਹੂਦੀਆਂ ਦੇ ਜੁਝਾਰੂਪੁਣੇ ਅੱਗੇ ਫ਼ਲਸਤੀਨੀ ਪਸਤ ਹੁੰਦੇ ਗਏ। ਗਾਜ਼ਾ ਵਾਲਾ ਮੌਜੂਦਾ ਦੁਖਾਂਤ ਇਸੇ ਲੰਮੇਰੇ ਸਿਲਸਿਲੇ ਦੀ ਨਵੀਂ ਕੜੀ ਹੈ।

ਜੰਗਾਂ ਨੇ ਅਮਰੀਕਾ ਦੇ ਵਾਰੇ-ਨਿਆਰੇ ਕਰ ਦਿੱਤੇ ਹਨ। ਬਾਕੀ ਦੁਨੀਆ ਰੂਸ-ਯੂਕਰੇਨ ਯੁੱਧ ਅਤੇ ਗਾਜ਼ਾ ਤੇ ਲਿਬਨਾਨ ਉੱਤੇ ਇਜ਼ਰਾਇਲੀ ਚੜ੍ਹਾਈ ਦਾ ਰਾਜਨੀਤਕ-ਆਰਥਿਕ ਖਮਿਆਜ਼ਾ ਸਿੱਧੇ ਤੌਰ 'ਤੇ ਭੁਗਤ ਰਹੀ ਹੈ; ਅਮਰੀਕਾ ਦੀ 'ਕੋਵਿਡ-19' ਦੇ ਦਿਨਾਂ ਤੋਂ ਲੀਹੋਂ ਲੱਥੀ ਆਰਥਿਕਤਾ ਪਿਛਲੇ ਦੋ ਵਰ੍ਹਿਆਂ ਤੋਂ ਨਾ ਸਿਰਫ਼ ਲੀਹ 'ਤੇ ਆ ਗਈ ਹੈ, ਬਲਕਿ ਚੰਗੀ ਤਕੜੀ ਮਜ਼ਬੂਤੀ ਵੀ ਗ੍ਰਹਿਣ ਕਰ ਚੁੱਕੀ ਹੈ। ਇਹ ਸਭ ਕੁਝ ਅਮਰੀਕੀ ਹਥਿਆਰ ਸਨਅਤ ਨੂੰ ਦੋ ਲੰਮੀਆਂ ਜੰਗਾਂ ਤੋਂ ਮਿਲੇ ਹੁਲਾਰੇ ਦਾ ਕਮਾਲ ਹੈ। ਇਸੇ ਹੁਲਾਰੇ ਸਦਕਾ ਡੋਨਲਡ ਟਰੰਪ, ਗਾਜ਼ਾ ਪੱਟੀ ਨੂੰ ਸਮੁੰਦਰੀ ਸਾਹਿਲੀ ਸੈਰਗਾਹ (ਰਿਵੀਏਰਾ) ਵਿੱਚ ਬਦਲਣ ਦੀਆਂ ਬੁਣਤਰਾਂ ਬੁਣਨ ਲੱਗਾ ਹੈ ਅਤੇ ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਮਾਤ-ਭੂਮੀ ਤੋਂ ਇੱਕ ਵਾਰ ਫਿਰ ਮਹਿਰੂਮ ਕਰਨ ਨੂੰ ਪੱਛਮੀ ਏਸ਼ੀਆ ਦੇ ਇੱਕ ਸਦੀ ਪੁਰਾਣੇ ਸੰਕਟ ਦਾ ਸਥਾਈ ਹੱਲ ਦੱਸਣ ਲੱਗਾ ਹੈ। ਉਹ ਭੁੱਲ ਗਿਆ ਹੈ ਕਿ ਜਲਾਵਤਨੀ ਕਿਸੇ ਵੀ ਕੌਮ ਲਈ ਕਦੇ ਵੀ ਸੁਖਦਾਈ ਨਹੀਂ ਹੁੰਦੀ। ਪੱਛਮੀ ਏਸ਼ੀਆ ਵਾਲੀ ਬਦਅਮਨੀ ਤਾਂ ਹੈ ਹੀ ਜਲਾਵਤਨੀ ਦੀ ਉਪਜ। ਪਹਿਲਾਂ ਯਹੂਦੀਆਂ ਨੇ ਦੋ ਦਹਿਸਦੀਆਂ ਤੋਂ ਵੱਧ ਸਮੇਂ ਤਕ ਆਪਣੀ ਸਰਜ਼ਮੀਂ ਤੋਂ ਜਲਾਵਤਨੀ ਭੋਗੀ; ਹੁਣ ਇੱਕ ਸਦੀ ਤੋਂ ਫ਼ਲਸਤੀਨੀ ਇਸ ਸਰਜ਼ਮੀਂ 'ਤੇ ਆਪਣੀ ਹਸਤੀ ਬਚਾਉਣ ਲਈ ਤਿਲ-ਤਿਲ ਕਰ ਕੇ ਮਰ ਰਹੇ ਹਨ।

ਯੇਹੂਦਾ (ਜੂਡੀਆ) ਵਤਨ ਸੀ ਯਹੂਦੀਆਂ ਦਾ ਦੋ ਦਹਿਸਦੀਆਂ ਪਹਿਲਾਂ ਤੱਕ; ਮੱਧ ਸਾਗਰ ਦੀ ਪੂਰਬੀ ਹੱਦ ਨਾਲ ਵਸਿਆ ਹੋਇਆ। ਹਿੰਦੂ-ਮੱਤ ਤੋਂ ਬਾਅਦ ਯਹੂਦੀ-ਮੱਤ ਦੁਨੀਆ ਦਾ ਸਭ ਤੋਂ ਵੱਧ ਪੁਰਾਣਾ ਧਰਮ ਹੈ। ਏਕਈਸ਼ਵਰਵਾਦੀ ਧਰਮ; ਸਿਰਫ਼ ਰੱਬ ਨੂੰ ਮੰਨਣ ਵਾਲਾ। ਇਸ ਵਿੱਚ ਮਸੀਹਾ ਕਈ ਹਨ: ਆਦਮ ਤੇ ਅਬਰਾਹਮ ਤੋਂ ਲੈ ਕੇ ਮੂਸਾ ਤੇ ਯੇਸ਼ੂਆ (ਹਜ਼ਰਤ ਈਸਾ ਦਾ ਅਸਲ ਯਹੂਦੀ ਨਾਮ), ਪਰ ਕਿਸੇ ਦੀ ਪੂਜਾ ਨਹੀਂ। ਪੂਜਾ ਸਿਰਫ਼ ਰੱਬ ਦੀ ਅਤੇ ਰੂਹਾਨੀ ਸਤਿਕਾਰ ਰੱਬੀ ਜਾਂ ਸ਼ਰ੍ਹਈ ਕਥਨਾਂ-ਕਥਾਵਾਂ ਵਾਲੇ ਗਰੰਥ 'ਤੋਰਾਹ' ਦਾ। ਇਨ੍ਹਾਂ ਸਿਧਾਂਤਾਂ ਕਰ ਕੇ ਇਸ ਨੂੰ ਇਸਲਾਮ ਦਾ ਪੂਰਵਜ ਵੀ ਮੰਨਿਆ ਜਾਂਦਾ ਹੈ ਅਤੇ ਇਸਾਈ ਮੱਤ ਦਾ ਵੀ। ਬਹੁਤੇ ਪੈਗੰਬਰ ਵੀ ਸਾਂਝੇ ਹਨ। ਪਰ ਤਿੰਨਾਂ ਧਰਮਾਂ ਵਿੱਚ ਦੁਸ਼ਮਣੀ ਵੀ ਅੰਤਾਂ ਦੀ ਰਹੀ ਹੈ ਅਤੇ ਹੁਣ ਵੀ ਇਹ ਬਰਕਰਾਰ ਹੈ। ਪਹਿਲਾਂ ਇਸਾਈ ਮੱਤ ਦੇ ਪੈਰੋਕਾਰਾਂ ਨੇ ਯਹੂਦੀਆਂ ਨੂੰ ਉਨ੍ਹਾਂ ਦੀ ਸਰਜ਼ਮੀਂ ਤੋਂ ਖਾਰਿਜ ਕੀਤਾ, ਫਿਰ ਇਸਲਾਮੀ ਸ਼ਰ੍ਹਈਆਂ ਨੇ ਉਨ੍ਹਾਂ 'ਤੇ ਬੇਤਹਾਸ਼ਾ ਕਹਿਰ ਢਾਹਿਆ। ਵੀਹਵੀਂ ਸਦੀ ਵਿੱਚ ਤਕਦੀਰ ਤੇ ਤਸਵੀਰ ਪਲਟੀ: ਯਹੂਦੀ-ਇਸਾਈ ਇਤਿਹਾਦ ਨੇ ਯਹੂਦੀਆਂ ਦੀ ਯੇਹੂਦਾ ਵਿੱਚ ਵਾਪਸੀ ਸੰਭਵ ਬਣਾਈ। 13-14 ਸਦੀਆਂ ਤੋਂ ਫ਼ਲਸਤੀਨੀ ਅਰਬਾਂ ਦੀ ਭੂਮੀ ਵਜੋਂ ਜਾਣੇ ਜਾਂਦੇ ਫ਼ਲਸਤੀਨ ਅੰਦਰ ਇਜ਼ਰਾਈਲ ਨਾਮ ਦਾ ਯਹੂਦੀ ਮੁਲਕ ਸੁਰਜੀਤ ਹੋ ਗਿਆ। ਕੌਮਾਂਤਰੀ ਸਿਆਸੀ ਸ਼ਤਰੰਜ ਦੀਆਂ ਗ਼ੈਰ-ਇਖ਼ਲਾਕੀ ਚਾਲਾਂ ਅਤੇ ਯਹੂਦੀਆਂ ਦੇ ਜੁਝਾਰੂਪੁਣੇ ਅੱਗੇ ਫ਼ਲਸਤੀਨੀ ਪਸਤ ਹੁੰਦੇ ਗਏ। ਗਾਜ਼ਾ ਵਾਲਾ ਮੌਜੂਦਾ ਦੁਖਾਂਤ ਇਸੇ ਲੰਮੇਰੇ ਸਿਲਸਿਲੇ ਦੀ ਨਵੀਂ ਕੜੀ ਹੈ।

ਇਹ ਸਾਰੀ ਕਹਾਣੀ ਸਰਲ, ਸੰਖੇਪ ਪਰ ਨਿਹਾਇਤ ਦਿਲਚਸਪ ਅੰਦਾਜ਼ ਨਾਲ ਪੇਸ਼ ਕਰਦੀ ਹੈ ਸਟੈਨਲੀ ਜੌਹਨੀ ਦੀ ਕਿਤਾਬ 'ਓਰਿਜੀਨਲ ਸਿੰਨ' (ਬੁਨਿਆਦੀ ਗੁਨਾਹ; ਹਾਰਪਰ ਕੌਲਿਨਜ਼; 235 ਪੰਨੇ; 499 ਰੁਪਏ)। ਜੌਹਨੀ 'ਦਿ ਹਿੰਦੂ' ਪ੍ਰਕਾਸ਼ਨ ਸਮੂਹ ਵਿੱਚ ਵਿਦੇਸ਼ੀ ਮਾਮਲਿਆਂ ਬਾਰੇ ਸੰਪਾਦਕ ਹੈ। ਪੱਛਮੀ ਏਸ਼ੀਆ ਦੀ ਕਵਰੇਜ ਦਾ ਉਸ ਨੂੰ ਲੰਮਾ ਤਜਰਬਾ ਹੈ। ਕਿਤਾਬ ਰਿਪੋਰਤਾਜ ਵੀ ਹੈ, ਇਤਿਹਾਸ ਵੀ ਤੇ ਸਫ਼ਰਨਾਮਾ ਵੀ। ਇਹ ਬੁਨਿਆਦੀ ਤੌਰ 'ਤੇ ਪੱਛਮੀ ਏਸ਼ੀਆ (ਜਿਸ ਨੂੰ ਮੱਧ ਪੂਰਬ ਵੀ ਕਿਹਾ ਜਾਂਦਾ ਹੈ) ਵਿਚਲੀਆਂ 2018 ਤੋਂ ਨਵੰਬਰ 2024 ਤੱਕ ਦੀਆਂ ਘਟਨਾਵਾਂ 'ਤੇ ਕੇਂਦ੍ਰਿਤ ਹੈ ਅਤੇ ਦੱਸਦੀ ਹੈ ਕਿ ਮੌਜੂਦਾ ਘਟਨਾਕ੍ਰਮ ਵਿੱਚ ਅਰਬ ਦੇਸ਼ਾਂ, ਹਮਾਸ, ਇਜ਼ਰਾਈਲ ਤੇ ਇਰਾਨ ਦੀਆਂ ਕਿਹੜੀਆਂ ਚਾਲਾਂ-ਕੁਚਾਲਾਂ ਨੇ ਇਨਸਾਨੀ ਜਾਨਾਂ ਦੀ ਹੋਲੀ ਨੂੰ ਜਨਮ ਦਿੱਤਾ; ਸੰਯੁਕਤ ਰਾਸ਼ਟਰ ਤੇ ਸਮੁੱਚੇ ਸਭਿਆ ਸੰਸਾਰ ਨੂੰ ਨਿਪੁੰਸਕ ਬਣਾਇਆ ਅਤੇ ਅਮਰੀਕਾ ਨੂੰ ਆਲਮੀ ਚੌਧਰ ਵਾਲੀ ਭੂਮਿਕਾ ਨਵੇਂ ਸਿਰਿਓਂ ਹਥਿਆਉਣ ਦਾ ਅਵਸਰ ਪ੍ਰਦਾਨ ਕੀਤਾ। ਭੂਮਿਕਾ ਤੇ ਅੰਤਿਕਾ ਤੋਂ ਇਲਾਵਾ ਕਿਤਾਬ ਦੇ ਅੱਠ ਅਧਿਆਇ ਹਨ। ਸੱਤ ਅਧਿਆਇ ਯਹੂਦੀ ਹੋਮਲੈਂਡ ਦੀ ਪੈਦਾਇਸ਼ ਤੋਂ ਲੈ ਕੇ ਹਮਾਸ ਦੇ 7 ਅਕਤੂਬਰ 2023 ਦੇ ਵਹਿਸ਼ੀ ਕਾਰੇ ਅਤੇ ਇਸ ਤੋਂ ਉਪਜੀ ਜਵਾਬੀ ਵਹਿਸ਼ਤ ਤੇ ਨਸਲਕੁਸ਼ੀ ਬਾਰੇ ਹਨ। ਅੱਠਵਾਂ ਅਧਿਆਇ ਉਪਰੋਕਤ ਪੂਰੀ ਘਟਨਾਵਲੀ ਪ੍ਰਤੀ ਭਾਰਤੀ ਹੁੰਗਾਰੇ ਤੇ ਪਰਿਪੇਖ ਬਾਬਤ ਹੈ। ਪੱਤਰਕਾਰੀ ਵਾਲੀ ਕਾਹਲ ਦੀ ਥਾਂ ਖੋਜ ਤੇ ਅਧਿਐਨ ਇਸ ਕਿਤਾਬ ਦਾ ਮੁੱਖ ਖ਼ਾਸਾ ਹੈ। ਇਹੋ ਖ਼ਾਸਾ ਇਸ ਨੂੰ ਪ੍ਰਸੰਗਿਕ ਤੇ ਜ਼ਿਕਰਯੋਗ ਬਣਾਉਂਦਾ ਹੈ। ਕਿਤਾਬ ਦੇ ਕੁਝ ਅਹਿਮ ਅੰਸ਼ ਇਸ ਤਰ੍ਹਾਂ ਹਨ:

## ਹੋਮਲੈਂਡ ਦੀ ਤਲਾਸ਼

''ਥਿਓਡੋਰ ਹਰਜ਼ਲ ਆਸਟ੍ਰੀਅਨ ਪੱਤਰਕਾਰ ਵੀ ਸੀ ਅਤੇ ਵਿਸ਼ਵ ਯਹੂਦਵਾਦ ਸੰਸਥਾ (ਵਲਡ ਜ਼ੀਅਨਿਸਟ ਆਰਗੇਨਾਈਜ਼ੇਸ਼ਨ) ਦਾ ਆਗੂ ਵੀ। ਉਹ ਤੇ ਇਸੇ ਸੰਸਥਾ ਦੇ ਚਾਰ ਹੋਰ ਆਗੂ ਔਟੋਮਨ ਸਾਮਰਾਜ ਦੀ ਰਾਜਧਾਨੀ ਇਸਤੰਬੁਲ ਵਿੱਚ ਅਕਤੂਬਰ 1889 ਦੌਰਾਨ ਡੇਰੇ ਲਾਈ ਬੈਠੇ ਸਨ। ਉਨ੍ਹਾਂ ਦਾ ਮਿਸ਼ਨ ਇੱਕੋ ਸੀ: ਜਰਮਨੀ ਦੇ 30 ਸਾਲਾ ਸਮਰਾਟ ਕਾਇਜ਼ਰ ਵਿਲਹੈਮ (ਦੋਇਮ) ਨਾਲ ਮੁਲਾਕਾਤ ਕਰਨੀ। ਕਾਇਜ਼ਰ ਉਸ ਸਮੇਂ ਔਟੋਮਨ (ਤੁਰਕ) ਸਾਮਰਾਜ ਦੇ ਦੌਰੇ 'ਤੇ ਆਇਆ ਹੋਇਆ ਸੀ। ਹਰਜ਼ਲ ਨੇ ਇੱਕ ਸਾਲ ਪਹਿਲਾ ਬੇਸੇਲ (ਸਵਿੱਟਜ਼ਰਲੈਂਡ) ਵਿੱਚ ਦੁਨੀਆ ਦੀ ਪਹਿਲੀ ਯਹੂਦੀ ਕਾਨਫਰੰਸ ਕਰਵਾਈ ਸੀ। ਉਹ ਜਰਮਨ ਸਮਰਾਟ ਨੂੰ ਮਿਲ ਕੇ ਯੂਰੋਪ ਵਿੱਚ ਯਹੂਦੀਆਂ ਦੇ ਸ਼ੋਸ਼ਣ ਦਾ ਅੰਤ ਕਰਵਾਉਣਾ ਚਾਹੁੰਦਾ ਸੀ। ਯਹੂਦੀਆਂ ਨਾਲ ਸਦੀਆਂ ਤੋਂ ਯੂਰੋਪ ਵਿੱਚ ਧੱਕਾ ਤੇ ਪੱਖਪਾਤ ਹੁੰਦਾ ਆ ਰਿਹਾ ਸੀ। ਬਹੁਤੇ ਮੁਲਕ ਉਨ੍ਹਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਸਲੂਕ ਕਰਦੇ ਸਨ। ਇਸਤੰਬੁਲ ਆਉਣ ਤੋਂ ਪਹਿਲਾਂ ਹਰਜ਼ਲ ਜਰਮਨੀ ਦੇ ਵਿਦੇਸ਼ ਮੰਤਰੀ ਬਰਨਾਰਡ ਵੌਨ ਬੂਲੋਅ ਅਤੇ ਪ੍ਰਧਾਨ ਮੰਤਰੀ, ਸ਼ਹਿਜ਼ਾਦਾ ਕਲੌਡਵਿੱਗ ਸ਼ਿਲਿੰਗਫਸਟ ਨੂੰ ਮਿਲਿਆ ਸੀ। ਦੋਵਾਂ ਨੂੰ ਉਸ ਨੇ ਬੇਨਤੀ ਕੀਤੀ ਸੀ ਕਿ ਉਹ ਯਹੂਦੀਆਂ ਦੀ ਜੱਦੀ ਧਰਤੀ ਫ਼ਲਸਤੀਨ ਵਿੱਚ ਯਹੂਦੀ ਹੋਮਲੈਂਡ ਦੀ ਸਥਾਪਨਾ ਵਿੱਚ ਮਦਦ ਕਰਨ। ਫ਼ਲਸਤੀਨ ਉਸ ਸਮੇਂ ਔਟੋਮਨ ਸਾਮਰਾਜ ਦਾ ਹਿੱਸਾ ਸੀ ਅਤੇ ਇਹ ਸਾਮਰਾਜ, ਜਰਮਨ ਸਾਮਰਾਜ ਦਾ ਮਿੱਤਰ ਮੰਨਿਆ ਜਾਂਦਾ ਸੀ। ਵਿਦੇਸ਼ ਮੰਤਰੀ ਨੇ ਹਰਜ਼ਲ ਵਾਲੇ ਵਫ਼ਦ ਦੀ ਗੱਲ 10 ਮਿੰਟ ਸੁਣੀ ਅਤੇ ਉਨ੍ਹਾਂ ਨੂੰ ਤੁਰਕੀ ਜਾ ਕੇ ਕਾਇਜ਼ਰ ਨਾਲ ਮੁਲਾਕਾਤ ਦੀ ਸਲਾਹ ਇਸ ਆਧਾਰ 'ਤੇ ਦਿੱਤੀ ਕਿ ਜੇਕਰ ਜਰਮਨ ਸਮਰਾਟ ਨੂੰ ਉਨ੍ਹਾਂ ਦੀ ਮੰਗ ਜਚੀ ਤਾਂ ਉਹ ਉੱਥੇ ਹੀ ਔਟੋਮਨ ਸੁਲਤਾਨ ਨਾਲ ਗੱਲ ਕਰ ਲਵੇਗਾ।... ਕਾਇਜ਼ਰ ਨਾਲ ਮੁਲਾਕਾਤ ਦਸ ਦਿਨਾਂ ਤੱਕ ਨਾ ਹੋਈ। ਲਗਾਤਾਰ ਨਾਕਾਮੀ ਨੇ ਹਰਜ਼ਲ ਨੂੰ ਹਤਾਸ਼ ਕਰ ਦਿੱਤਾ। ਉਸ ਨੇ ਆਖ਼ਰੀ ਯਤਨ ਵਜੋਂ ਇੱਕ ਖ਼ਤ ਤਿਆਰ ਕੀਤਾ ਕਿ ਜੇਕਰ ਕਾਇਜ਼ਰ ਦੇ ਦਖ਼ਲ ਨਾਲ ਔਟੋਮਨ ਸੁਲਤਾਨ ਫ਼ਲਸਤੀਨ ਵਿੱਚ ਯਹੂਦੀ ਬਸਤੀਆਂ ਵਾਸਤੇ ਜ਼ਮੀਨ ਦੇ ਦੇਵੇ ਤਾਂ ਯਹੂਦੀ ਭਾਈਚਾਰਾ ਨਾ ਸਿਰਫ਼ ਸੁਲਤਾਨ ਦੇ ਸਾਮਰਾਜ ਲਈ ਸਹਾਇਤਾ ਰਕਮਾਂ ਜੁਟਾਏਗਾ ਸਗੋਂ ਜਰਮਨ ਸਮਰਾਟ ਦੇ ਖਜ਼ਾਨੇ ਵਿੱਚ ਵੀ ਵੱਡਾ ਮਾਇਕ ਯੋਗਦਾਨ ਪਾਏਗਾ। ਇਹ ਪੇਸ਼ਕਸ਼ ਮਹਿਜ਼ ਤੁੱਕਾ ਹੀ ਸੀ...ਯਹੂਦੀ ਹੋਣ ਦੇ ਨਾਤੇ ਹਰਜ਼ਲ ਨੂੰ ਪਤਾ ਸੀ ਕਿ ਦੌਲਤ ਦੀ ਚਮਕ ਵੱਡਿਆਂ ਵੱਡਿਆਂ ਨੂੰ ਵੀ ਚੁੰਧਿਆ ਦਿੰਦੀ ਹੈ।'' ...

ਇਹ ਉਪਾਅ ਕਾਰਗਰ ਸਾਬਤ ਹੋਇਆ। ਜਰਮਨ ਸਮਰਾਟ ਨੇ ਅਗਲੇ ਦਿਨ ਸਿਕੰਦਰੀਆ (ਮਿਸਰ) ਜਾਣ ਵਾਲੇ ਵਿਸ਼ੇਸ਼ ਸਮੁੰਦਰੀ ਜਹਾਜ਼ 'ਤੇ ਸਵਾਰ ਹੋਣਾ ਸੀ। ਉਸ ਨੇ ਇਸਤੰਬੁਲ ਦੇ ਯਿਲਦਿਜ਼ ਮਹੱਲ ਵਿੱਚ ਹਰਜ਼ਲ ਵਾਲੇ ਵਫ਼ਦ ਨੂੰ ਫੌਰੀ ਤਲਬ ਕਰ ਲਿਆ। ਨੌਜਵਾਨ ਸਮਰਾਟ ਨੇ ਹਰਜ਼ਲ ਨੂੰ ਸੁਣਿਆ, ਪਰ ਅਚਨਚੇਤੀ ਟਿੱਪਣੀ ਕੀਤੀ, 'ਤੁਹਾਡੇ ਵਿੱਚ ਕਈ ਅਜਿਹੇ ਅਨਸਰ ਹਨ ਜਿਨ੍ਹਾਂ ਨੂੰ ਫ਼ਲਸਤੀਨ ਵਿੱਚ ਵਸਾਉਣਾ ਜਰਮਨੀ ਲਈ ਹਿਤਕਾਰੀ ਰਹੇਗਾ।... ਉਹ (ਜਰਮਨ) ਦਿਹਾਤੀ ਲੋਕਾਂ ਨੂੰ ਰਾਜ-ਪ੍ਰਬੰਧ ਵਿਰੁੱਧ ਉਕਸਾਉਂਦੇ ਰਹਿੰਦੇ ਹਨ।' ਇਸ ਟਿੱਪਣੀ ਤੋਂ ਜ਼ਾਹਿਰ ਹੋ ਗਿਆ ਕਿ ਸਮਰਾਟ ਦੀ ਯਹੂਦੀਆਂ ਬਾਰੇ ਰਾਇ ਬਹੁਤੀ ਚੰਗੀ ਨਹੀਂ ਸੀ। ਇਸ ਦੇ ਬਾਵਜੂਦ ਹਰਜ਼ਲ ਨੇ ਫ਼ਲਸਤੀਨ ਵਿੱਚ ਜਰਮਨ ਸੁਰੱਖਿਆ ਹੇਠ ਯਹੂਦੀ ਬਸਤੀਆਂ ਵਸਾਉਣ ਦੀ ਮੰਗ ਜਾਰੀ ਰੱਖੀ। ਸਮਰਾਟ ਨੇ ਉਸ ਨੂੰ ਕਿਹਾ ਕਿ ਯਹੂਦੀ ਸੰਸਥਾ ਸਭ ਤੋਂ ਪਹਿਲਾਂ ਇੱਕ ਚਾਰਟਰਡ ਕੰਪਨੀ ਬਣਾਏ ਜੋ ਜਰਮਨ ਸਰਪ੍ਰਸਤੀ ਹੇਠ ਹੋਵੇ। ਬਾਕੀ ਗੱਲ ਬਾਅਦ ਵਿੱਚ ਕਰਾਂਗੇ।...ਹਰਜ਼ਲ ਉਸ ਤੋਂ ਬਾਅਦ ਸਮਰਾਟ ਨੂੰ ਦੋ ਵਾਰ ਫਿਰ ਮਿਲਿਆ, ਪਰ ਸਮਰਾਟ ਨੇ ਕੋਈ ਵਾਅਦਾ ਨਾ ਕੀਤਾ। ਉਂਜ, ਇਨ੍ਹਾਂ ਯਤਨਾਂ ਤੋਂ ਪਹਿਲਾਂ ਹੀ ਫ਼ਲਸਤੀਨ ਵਿੱਚ ਯਹੂਦੀ ਬਸਤੀਆਂ ਕਾਇਮ ਕਰਨ ਦਾ ਅਮਲ ਸ਼ੁਰੂ ਹੋ ਚੁੱਕਾ ਸੀ। ਇੱਕ ਬਸਤੀਨੁਮਾ ਪਿੰਡ 1870 ਵਿੱਚ ਜਾਫ਼ਾ ਨੇੜੇ ਵਸਾ ਦਿੱਤਾ ਗਿਆ ਸੀ। ਇਸ ਵਾਸਤੇ ਜ਼ਮੀਨ ਔਟੋਮਨ ਸੁਲਤਾਨ ਤੋਂ ਲੀਜ਼ 'ਤੇ ਲਈ ਗਈ ਸੀ। ਇਸੇ ਤਰ੍ਹਾਂ ਯੇਰੂਸ਼ਲਮ ਨੇੜੇ ਵੀ ਨਿੱਕਾ ਜਿਹਾ ਪਿੰਡ ਚੁੱਪ-ਚੁਪੀਤਿਆਂ ਵਸਾ ਲਿਆ ਗਿਆ ਸੀ। ਇਸ ਵਾਸਤੇ ਜ਼ਮੀਨ ਇੱਕ ਇਸਾਈ ਅਰਬ ਪਾਸੋਂ ਖਰੀਦੀ ਗਈ ਸੀ। ਹਰਜ਼ਲ ਭਾਵੇਂ ਕਾਇਜ਼ਰ ਪਾਸੋਂ ਕੋਈ ਪੱਕਾ ਵਾਅਦਾ ਹਾਸਿਲ ਨਾ ਕਰ ਸਕਿਆ, ਪਰ ਸਮਰਾਟ ਨਾਲ ਉਸ ਦੀਆਂ ਮੀਟਿੰਗਾਂ ਯਹੂਦੀਵਾਦ ਦੇ ਇਤਿਹਾਸ ਵਿੱਚ ਮੀਲ ਪੱਥਰ ਸਾਬਤ ਹੋਈਆਂ।''

''ਯਹੂਦੀਆਂ ਲਈ ਵੱਖਰਾ ਹੋਮਲੈਂਡ ਸਥਾਪਿਤ ਕਰਨ ਦੇ ਹੀਲੇ-ਉਪਰਾਲੇ, ਦਰਅਸਲ, 1850ਵਿਆਂ ਦੇ ਯੂਰੋਪ ਵਿੱਚ ਯਹੂਦੀ-ਮੱਤ ਖ਼ਿਲਾਫ਼ ਲੋਕ ਲਹਿਰਾਂ ਉੱਠਣ ਦੇ ਮੱਦੇਨਜ਼ਰ ਆਰੰਭ ਹੋ ਗਏ ਸਨ। ਬਹੁਤੇ ਯਹੂਦੀ ਆਪਣਾ ਵੱਖਰਾ ਸਰੂਪ ਬਰਕਰਾਰ ਰੱਖਣ ਦੇ ਹੱਕ ਵਿੱਚ ਸਨ। ਉਹ ਇਸਾਈ ਮੁੱਖ ਧਾਰਾ ਨਾਲ ਇੱਕ-ਮਿੱਕ ਹੋ ਜਾਣ ਦੇ ਖ਼ਿਲਾਫ਼ ਸਨ। ਆਪਣਾ ਵੱਖਰਾ ਵਜੂਦ ਬਰਕਰਾਰ ਰੱਖਣ ਦੇ ਹੱਠ ਨੇ ਉਨ੍ਹਾਂ ਨੂੰ ਆਮ ਵਸੋਂ ਦੀ ਨਫ਼ਰਤ ਤੇ ਹਿੰਸਾ ਦਾ ਨਿਸ਼ਾਨਾ ਬਣਾਇਆ।...1881 ਵਿੱਚ ਰੂਸ ਦੇ ਜ਼ਾਰ ਅਲੈਗਜ਼ਾਂਦਰ ਦੋਇਮ ਦੀ ਹੱਤਿਆ ਨਰੋਦਿਨਆ ਵੌਲਿਆ ਨਾਮ ਦੇ ਇਨਕਲਾਬੀ ਗੁੱਟ ਨੇ ਕੀਤੀ। ਪਰ ਲੋਕ ਰੋਹ ਦਾ ਨਿਸ਼ਾਨਾ ਯਹੂਦੀਆਂ ਨੂੰ ਇਸ ਕਰ ਕੇ ਬਣਾਇਆ ਗਿਆ ਕਿ ਹੱਤਿਆਰਿਆਂ ਦੇ ਟੋਲੇ ਵਿੱਚ ਦੋ ਯਹੂਦੀ ਵੀ ਸ਼ਾਮਿਲ ਸਨ। ਜਰਮਨੀ, ਹੰਗਰੀ, ਆਸਟ੍ਰੀਆ, ਸਰਬੀਆ ਤੇ ਚੈੱਕ ਗਣਰਾਜ ਵਿੱਚ ਯਹੂਦੀਆਂ ਖ਼ਿਲਾਫ਼ ਦੰਗੇ-ਫਸਾਦ ਅਕਸਰ ਹੀ ਹੁੰਦੇ ਰਹਿੰਦੇ ਸਨ। ਇਸ ਰੁਝਾਨ ਨੇ ਯਹੂਦੀਆਂ ਦੀ ਯਹੂਦ ਭੂਮੀ ਵੱਲ ਵਾਪਸੀ ਦੇ ਸੰਕਲਪ ਨੂੰ ਹੁਲਾਰਾ ਦਿੱਤਾ।...ਜਰਮਨੀ ਤੇ ਤੁਰਕੀ ਤੋਂ ਬਹੁਤਾ ਹੁੰਗਾਰਾ ਨਾ ਮਿਲਣ 'ਤੇ ਹਰਜ਼ਲ ਨੇ ਬ੍ਰਿਟੇਨ ਕੋਲ ਪਹੁੰਚ ਕਰਨੀ ਵਾਜਿਬ ਸਮਝੀ। ਬਸਤੀਵਾਦ ਬਾਰੇ ਬ੍ਰਿਟਿਸ਼ ਸਕੱਤਰ ਜੋਸੇਫ਼ ਚੈਂਬਰਲੇਨ ਨੂੰ ਹਰਜ਼ਲ ਵਰ੍ਹਿਆਂ ਤੋਂ ਜਾਣਦਾ ਸੀ। ਉਸ ਨੇ ਚੈਂਬਰਲੇਨ ਅੱਗੇ ਪ੍ਰਸਤਾਵ ਰੱਖਿਆ ਕਿ ਸਾਈਪ੍ਰਸ ਜਾਂ ਮਿਸਰ ਦੇ ਸਿਨਾਈ ਪ੍ਰਾਯਦੀਪ ਵਿੱਚ ਯਹੂਦੀ ਹੋਮਲੈਂਡ ਕਾਇਮ ਕਰਨ ਵਿੱਚ ਬ੍ਰਿਟੇਨ ਮਦਦ ਦੇਵੇ। ਚੈਂਬਰਲੇਨ ਨੂੰ ਇਹ ਤਜਵੀਜ਼ਾਂ ਗ਼ੈਰ-ਅਮਲੀ ਜਾਪੀਆਂ। 1902 ਵਿੱਚ ਉਹ ਅਫਰੀਕਾ ਦੇ ਦੌਰੇ 'ਤੇ ਸੀ। ਉੱਥੇ ਬਹੁਤ ਜ਼ਮੀਨਾਂ ਖਾਲੀ ਦੇਖ ਕੇ ਉਸ ਨੇ ਹਰਜ਼ਲ ਨੂੰ ਕਿਹਾ ਕਿ ਯਹੂਦੀ ਹੋਮਲੈਂਡ ਪੂਰਬੀ ਅਫਰੀਕਾ (ਯੂਗਾਂਡਾ) ਵਿੱਚ ਵਸਾਇਆ ਜਾ ਸਕਦਾ ਹੈ...।'' ਯਹੂਦੀਆਂ ਦੇ ਸਭ ਤੋਂ ਮੁਕੱਦਸ ਨਗਰ ਯੇਰੂਸ਼ਲਮ ਤੋਂ ਏਨੀ ਦੂਰੀ 'ਤੇ ਹੋਮਲੈਂਡ ਕਾਇਮ ਕਰਨ ਦਾ ਸੁਝਾਅ ਹਰ ਮੁਲਕ ਵਿਚਲੇ ਯਹੂਦੀਆਂ ਨੇ ਰੱਦ ਕਰ ਦਿੱਤਾ। ਪਰ ਬ੍ਰਿਟੇਨ ਦੇ ਰੁਖ਼ ਵਿੱਚ ਨਰਮੀ ਦੇਖ ਕੇ ਉਸ ਉੱਪਰ ਮੱਧ-ਪੂਰਬ ਵਿੱਚ ਹੀ ਯਹੂਦੀ ਹੋਮਲੈਂਡ ਦੀ ਸਥਾਪਨਾ ਲਈ ਦਬਾਅ ਬਰਕਰਾਰ ਰੱਖਿਆ ਗਿਆ। ਇਹ ਦਬਾਅ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਫ਼ਲਦਾਇਕ ਸਾਬਤ ਹੋਇਆ। ਯੁੱਧ 1919 ਵਿੱਚ ਸਮਾਪਤ ਹੋਇਆ। ਅਗਲੇ 29 ਵਰ੍ਹਿਆਂ ਦੇ ਅੰਦਰ 1948 'ਚ ਹੋਮਲੈਂਡ (ਇਜ਼ਰਾਈਲ) ਵਜੂਦ ਵਿੱਚ ਆ ਗਿਆ।

## ਹੋਮਲੈਂਡ ਦੀ ਪ੍ਰਾਪਤੀ ਤੇ ਜੰਗ

''1947 ਵਿੱਚ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਫ਼ਲਸਤੀਨ ਬਾਰੇ ਵਿਸ਼ੇਸ਼ ਕਮੇਟੀ (ਯੂਐੱਨਸਕੌਪ) ਕਾਇਮ ਕੀਤੀ। ਇਸ ਕਮੇਟੀ ਨੇ ਮਹਾਂ ਸਭਾ ਨੂੰ ਦਿੱਤੀ ਰਿਪੋਰਟ ਵਿੱਚ ਫ਼ਲਸਤੀਨ ਨੂੰ ਤਿੰਨ ਹਿੱਸਿਆਂ- ਆਜ਼ਾਦ ਅਰਬ ਰਾਜ, ਆਜ਼ਾਦ ਯਹੂਦੀ ਰਾਜ ਤੇ ਯੇਰੂਸ਼ਲਮ ਸ਼ਹਿਰ ਵਿੱਚ ਵੰਡਣਾ ਤਜਵੀਜ਼ ਕੀਤਾ। ਇਸ ਤਜਵੀਜ਼ ਵਿੱਚ ਯੇਰੂਸ਼ਲਮ ਦਾ ਰਾਜ ਪ੍ਰਬੰਧ ਇੱਕ ਕੌਮਾਂਤਰੀ ਨਿਗਰਾਨ ਏਜੰਸੀ ਨੂੰ ਸੌਂਪਣਾ ਸ਼ਾਮਿਲ ਸੀ। ਸੰਯੁਕਤ ਰਾਸ਼ਟਰ ਨੇ ਇਹ ਤਜਵੀਜ਼ ਪ੍ਰਵਾਨ ਕਰ ਲਈ। ਯਹੂਦੀਆਂ ਦੀ ਨੁਮਾਇਆ ਜਮਾਤ-ਜਿਊਇਸ਼ ਏਜੰਸੀ ਨੇ ਵੀ ਇਸ ਪ੍ਰਤੀ ਸਹਿਮਤੀ ਪ੍ਰਗਟਾਉਣ ਵਿੱਚ ਦੇਰ ਨਹੀਂ ਲਗਾਈ। ਅਰਬ ਰਾਸ਼ਟਰਾਂ ਨੇ ਇਸ ਦਾ ਵਿਰੋਧ ਕੀਤਾ। 14 ਮਈ 1948 ਨੂੰ ਫ਼ਲਸਤੀਨ 'ਤੇ ਬ੍ਰਿਟਿਸ਼ ਕੰਟਰੋਲ (ਜੋ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੋਇਆ ਸੀ) ਦੀ ਮਿਆਦ ਮੁੱਕਣੀ ਸੀ। ਉਸ ਦਿਨ ਯਹੂਦੀ ਲੋਕ ਪਰਿਸ਼ਦ (ਜੇਪੀਸੀ) ਤਲ ਅਵੀਵ ਮਿਊਜ਼ੀਅਮ ਵਿੱਚ ਇਕੱਤਰ ਹੋਈ। ਜਿਊਇਸ਼ ਏਜੰਸੀ ਨੇ ਇਹ ਪ੍ਰੋਗਰਾਮ ਗੁਪਤ ਰੱਖਿਆ ਤਾਂ ਜੋ ਬ੍ਰਿਟਿਸ਼ ਪ੍ਰਸ਼ਾਸਨ ਇਸ ਨੂੰ ਰੋਕਣ ਦਾ ਯਤਨ ਨਾ ਕਰੇ। ਪਰ ਪ੍ਰੋਗਰਾਮ ਦੀ ਕਾਰਵਾਈ ਨਵ-ਸਥਾਪਿਤ 'ਕੌਲ ਇਜ਼ਰਾਈਲ' ਰੇਡੀਓ ਸਟੇਸ਼ਨ ਤੋਂ ਸਿੱਧੇ ਤੌਰ 'ਤੇ ਪ੍ਰਸਾਰਿਤ ਕੀਤੀ ਗਈ। ਡੇਵਿਡ ਬੈੱਨ-ਗੁਰੀਅਨ, ਜੋ ਕਿ ਜਿਊਇਸ਼ ਏਜੰਸੀ ਦਾ ਮੁਖੀ ਸੀ, ਨੇ ਸਟੇਜ ਤੋਂ ਐਲਾਨ ਕੀਤਾ ਕਿ ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ ਪਾਸ ਮਤੇ ਮੁਤਾਬਿਕ ਫ਼ਲਸਤੀਨ ਵਿੱਚ ਯਹੂਦੀ ਰਾਸ਼ਟਰ ਦੀ ਸਥਾਪਨਾ ਕਰ ਦਿੱਤੀ ਗਈ ਹੈ। ਇਸ ਦਾ ਨਾਮ ਇਜ਼ਰਾਈਲ ਹੋਵੇਗਾ। ਸਟੇਜ ਦੇ ਪਿੱਛੇ ਦੀਵਾਰ ਉੱਤੇ ਥਿਓਡੋਰ ਹਰਜ਼ਲ ਦੀ ਵੱਡੀ ਸਾਰੀ ਤਸਵੀਰ ਸੀ। ਉਸ ਨੂੰ ਯਹੂਦੀ ਰਾਸ਼ਟਰ ਦੇ ਪਿਤਾਮਾ ਦਾ ਦਰਜਾ ਦਿੱਤਾ ਗਿਆ ਜੋ ਅੱਜ ਤੱਕ ਬਰਕਰਾਰ ਹੈ।''

''ਇਸ ਐਲਾਨ ਤੋਂ ਚੰਦ ਮਿੰਟਾਂ ਬਾਅਦ ਨਵੇਂ ਰਾਸ਼ਟਰ ਨੂੰ ਅਮਰੀਕਾ ਨੇ ਮਾਨਤਾ ਦੇ ਦਿੱਤੀ। ਅਗਲੇ ਦਿਨ ਚਾਰ ਦੇਸ਼ਾਂ- ਮਿਸਰ, ਸੀਰੀਆ, ਟਰਾਂਸਜੌਰਡਨ (ਹੁਣ ਜੌਰਡਨ ਜਾਂ ਅਰਬੀ ਨਾਮ ਯੁਰਦਨ) ਤੇ ਇਰਾਕ ਦੀਆਂ ਫ਼ੌਜਾਂ ਫ਼ਲਸਤੀਨ ਵਿੱਚ ਦਾਖ਼ਲ ਹੋ ਗਈਆਂ। ਇਸ ਤਰ੍ਹਾਂ ਪਹਿਲੀ ਅਰਬ-ਇਜ਼ਰਾਈਲ ਜੰਗ ਸ਼ੁਰੂ ਹੋ ਗਈ। ਪੰਜਵੀਂ ਫ਼ੌਜ ਫ਼ਲਸਤੀਨੀਆਂ ਦੀ ਸੀ। ਅਰਬ ਦੇਸ਼ਾਂ ਦੀ ਯੋਜਨਾ ਸੀ ਕਿ ਇਜ਼ਰਾਈਲ ਨੂੰ ਮੁੱਢ ਤੋਂ ਹੀ ਤਬਾਹ ਕਰ ਦਿੱਤਾ ਜਾਵੇ। ਪਰ ਯਹੂਦੀ ਫ਼ੌਜ ਇਸ ਦੇ ਜਵਾਬ ਲਈ ਤਿਆਰ ਸੀ। ਜੰਗ ਇੱਕ ਸਾਲ ਚੱਲਦੀ ਰਹੀ। ਜਦੋਂ ਜੰਗਬੰਦੀ ਹੋਈ ਤਾਂ ਇਤਿਹਾਸਕ ਫ਼ਲਸਤੀਨ ਅੰਦਰਲੇ ਸੰਯੁਕਤ ਰਾਸ਼ਟਰ ਯੋਜਨਾ ਨਾਲੋਂ ਕਿਤੇ ਵੱਧ ਇਲਾਕੇ ਇਜ਼ਰਾਈਲ ਦੇ ਕਬਜ਼ੇ ਹੇਠ ਸਨ। ਸੰਯੁਕਤ ਰਾਸ਼ਟਰ ਨੇ ਔਟੋਮਨ ਸਾਮਰਾਜ ਵਾਲੇ ਫ਼ਲਸਤੀਨ ਦਾ 55 ਫ਼ੀਸਦੀ ਹਿੱਸਾ ਇਜ਼ਰਾਈਲ ਨੂੰ ਦਿੱਤਾ ਸੀ। ਇਸ ਨੇ ਗਾਜ਼ਾ ਪੱਟੀ ਤੇ ਪੱਛਮੀ ਕੰਢੇ ਦਰਮਿਆਨ ਭੂਗੋਲਿਕ ਤਾਲਮੇਲ ਦੀ ਵਿਵਸਥਾ ਕੀਤੀ ਸੀ। ਜੰਗ ਖ਼ਤਮ ਹੋਣ 'ਤੇ 75 ਫ਼ੀਸਦੀ ਇਲਾਕਾ ਇਜ਼ਰਾਇਲੀ ਕਬਜ਼ੇ ਹੇਠ ਸੀ। ਇਸ ਵਿੱਚ ਪੱਛਮੀ ਯੇਰੂਸ਼ਲਮ ਵੀ ਸ਼ਾਮਿਲ ਸੀ। ਉਂਜ, ਨਾ ਸਿਰਫ਼ ਇਜ਼ਰਾਈਲ ਨੇ ਫ਼ਲਸਤੀਨੀ ਇਲਾਕਾ ਦੱਬਿਆ, ਜੌਰਡਨ ਨੇ ਪੱਛਮੀ ਕੰਢੇ ਤੇ ਪੂਰਬੀ ਯੇਰੂਸ਼ਲਮ ਅਤੇ ਮਿਸਰ ਨੇ ਗਾਜ਼ਾ ਪੱਟੀ ਦੱਬ ਲਈ। ਫ਼ਲਸਤੀਨੀਆ ਕੋਲ ਕੋਈ ਇਲਾਕਾ ਨਹੀਂ ਬਚਿਆ ਜਿਸ ਨੂੰ ਉਹ ਆਪਣਾ ਕਹਿ ਸਕਣ।''...

''...ਅਗਲੀ ਜੰਗ 1967 ਵਿੱਚ ਹੋਈ। ਇਸ ਨੂੰ ਛੇ-ਰੋਜ਼ਾ ਜੰਗ ਕਿਹਾ ਜਾਂਦਾ ਹੈ। ਮਿਸਰ ਦਾ ਰਾਸ਼ਟਰਪਤੀ ਗਮਾਲ ਅਬਦਲ ਨਾਸਿਰ ਅਰਬ ਜਗਤ ਤੋਂ ਇਲਾਵਾ ਆਲਮੀ ਮੰਚਾਂ 'ਤੇ ਵੀ ਕੱਦਾਵਰ ਨੇਤਾ ਕਬੂਲਿਆ ਜਾਂਦਾ ਸੀ। ਇਜ਼ਰਾਈਲ ਵਿਰੁੱਧ ਮੁਹਿੰਮ ਵਿੱਚ ਉਹ ਮੋਹਰੀ ਰਿਹਾ। ਪਰ ਇਜ਼ਰਾਈਲ ਨੇ 5 ਜੂਨ 1967 ਨੂੰ ਅਚਾਨਕ ਹਮਲਾ ਕਰ ਕੇ ਮਿਸਰ ਦੀ ਹਵਾਈ ਫ਼ੌਜ ਨਕਾਰਾ ਬਣਾ ਦਿੱਤੀ। ਇਸ 'ਤੇ ਜੌਰਡਨ ਨੇ ਪੂਰਬ ਵੱਲੋਂ ਅਤੇ ਸੀਰੀਆ ਨੇ ਉੱਤਰ ਵੱਲੋਂ ਇਜ਼ਰਾਈਲ 'ਤੇ ਹਮਲਾ ਕੀਤਾ। ਬਾਕੀ ਅਰਬ ਦੇਸ਼ ਵੀ ਉਨ੍ਹਾਂ ਦੀ ਹਮਾਇਤ 'ਤੇ ਆ ਗਏ, ਪਰ ਮਹਿਜ਼ ਛੇ ਦਿਨਾਂ ਦੇ ਅੰਦਰ ਇਹ ਸਾਰੇ ਮੁਲਕ ਸਫ਼ੈਦ ਝੰਡੇ ਲਹਿਰਾਉਣ ਲੱਗੇ। ਇਜ਼ਰਾਈਲ ਨੇ ਪੂਰਾ ਸਿਨਾਈ

# ਭਗਵਿਆਂ ਨੂੰ ਕਿਉਂ ਚੁਭਦੀ ਹੈ ਪੰਜਾਬੀ ਬੋਲੀ ?

ਲੇਖਕ {ਮਨਜੀਤ ਸਿੰਘ ਟਿਵਾਣਾ}

ਕਿਸੇ ਵੀ ਮਾਂ-ਬੋਲੀ ਦੀ ਸੰਸਾਰ ਪੱਧਰ ਉਤੇ ਸਰਬ ਪ੍ਰਵਾਨਿਤ ਪਰਿਭਾਸ਼ਾ ਤਹਿਤ ਇਸ ਨੂੰ ਮਾਂ ਦੀ ਬੋਲੀ ਮੰਨਿਆ ਜਾਂਦਾ ਹੈ। ਆਮ ਹਾਲਾਤ ਵਿਚ ਬੱਚਾ ਆਪਣੇ ਜੀਵਨ ਦੇ ਮੁਢਲੇ ਵਰ੍ਹੇ ਆਪਣੀ ਮਾਂ ਦੀ ਗੋਦ ਤੇ ਉਸ ਦੇ ਇਰਦ-ਗਿਰਦ ਹੀ ਗੁਜ਼ਾਰਦਾ ਹੈ। ਜਿਹੜਾ ਚੌਗਿਰਦਾ ਉਸ ਦੀ ਮਾਂ ਦਾ ਹੁੰਦਾ ਹੈ, ਬੱਚਾ ਵੀ ਉਸ ਨਾਲ ਜੁੜ ਕੇ ਪਰਵਾਨ ਚੜ੍ਹਦਾ ਹੈ। ਕਿਸੇ ਬੱਚੇ ਦੀ ਤੋਤਲੀ ਜ਼ੁਬਾਨ 'ਚੋਂ ਨਿਕਲਣ ਵਾਲੇ ਪਹਿਲੇ ਬੋਲਾਂ ਦੇ ਗਵਾਹ ਵੀ ਉਸ ਦੀ ਮਾਂ ਤੇ ਮਾਂ-ਬੋਲੀ ਬਣਦੇ ਹਨ। ਇਸ ਕਰਕੇ ਮਾਂ ਦੀ ਬੋਲੀ ਹੀ ਕਿਸੇ ਇਨਸਾਨ ਦੀ ਮਾਂ-ਬੋਲੀ ਹੁੰਦੀ ਹੈ। ਮਾਂ ਵਰਗਾ ਭਾਵੁਕ ਤੇ ਪਵਿੱਤਰ ਰਿਸ਼ਤਾ ਹੀ ਮਨੁੱਖ ਦਾ ਮਾਂ-ਬੋਲੀ ਨਾਲ ਹੁੰਦਾ ਹੈ। ਆਪਣੀ ਮਿੱਟੀ ਤੇ ਸੱਭਿਆਚਾਰ ਨਾਲ ਪੀਡੀਆਂ ਗੰਢਾਂ ਮਾਂ-ਬੋਲੀ ਵਿਚ ਹੀ ਬੱਝਦੀਆਂ ਹਨ। ਇਹਨਾਂ ਤਮਾਮ ਤੱਥਾਂ ਦੀ ਰੌਸ਼ਨੀ ਵਿਚ ਹੀ ਮਨੋਵਿਗਿਆਨ ਨੇ ਮੋਹਰ ਲਗਾਈ ਹੈ ਕਿ ਕਿਸੇ ਮਨੁੱਖ ਦੇ ਸੁਭਾਅ ਵਿਚ ਰਚੀ ਕੁਦਰਤੀ ਬੋਲੀ ਹੀ ਤਾਅ ਉਮਰ ਉਸ ਦੇ ਵਿਚਾਰ ਪ੍ਰਗਟਾਵੇ ਦਾ ਸਭ ਤੋਂ ਸਹਿਜ ਤੇ ਸਰਲ ਰਾਹ ਹੁੰਦੀ ਹੈ। ਮਾਂ-ਬੋਲੀ ਦੀ ਕੁੱਛੜ ਚੜ੍ਹ ਕੇ ਹੀ ਮਨੁੱਖ ਦੀ ਬੁੱਧੀ ਵਿਕਾਸ ਕਰਦੀ ਹੈ।ਇਹ ਇਕ ਕੁਦਰਤੀ ਵਰਤਾਰਾ ਹੈ ਜੋ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ। ਇਹ ਨਾ ਕਿਸੇ ਉਤੇ ਜਬਰੀ ਥੋਪੀ ਜਾ ਸਕਦੀ ਹੈ ਅਤੇ ਨਾ ਹੀ ਕਿਸੇ ਦੀ ਬਦਲੀ ਜਾ ਸਕਦੀ ਹੈ।

ਆਪਣੀ ਮਾਂ-ਬੋਲੀ ਦਾ ਮਾਣ-ਸਤਿਕਾਰ ਕਰਨਾ ਸਭ ਦਾ ਫਰਜ਼ ਹੈ। ਇਸ ਦਾ ਕਤਈ ਮਤਲਬ ਇਹ ਨਹੀਂ ਹੁੰਦਾ ਕਿ ਤੁਸੀਂ ਕਿਸੇ ਦੂਜੀ ਬੋਲੀ ਨੂੰ ਗੰਵਾਰ ਕਹਿ ਕੇ ਜਾਂ ਗਾਲੀ ਗਲੋਚ ਕਰ ਕੇ ਬੇਇੱਜ਼ਤ ਕਰੋ। ਭਾਸ਼ਾ ਵਿਭਾਗ ਪੰਜਾਬ ਦੇ ਵਿਹੜੇ ਵਿਚ ਹਿੰਦੀ ਭਾਸ਼ਾ ਦੇ ਠੇਕੇਦਾਰ ਬਣੇ ਭਗਵੇਂਵਾਦੀਆਂ ਦੀ ਪੰਜਾਬੀ ਬੋਲੀ ਪ੍ਰਤੀ ਈਰਖਾਲੂ ਸੋਚ ਦਾ ਪ੍ਰਗਟਾਵਾ ਹੋਇਆ ਹੈ। ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਸਿੰਘ ਮਾਨ ਅਤੇ ਪੰਜਾਬੀ ਬੋਲੀ ਦੇ ਨਿਰਾਦਰ ਦਾ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਸਖਤ ਨੋਟਿਸ ਲੈਣਾ ਚਾਹੀਦਾ ਹੈ। ਹਿੰਦੀ ਦਿਵਸ ਸਮਾਗਮ ਵਿਚ ਪੰਜਾਬੀ ਬੋਲੀ ਦੇ ਦੁਸ਼ਮਣ ਬਣੇ ਆ ਰਹੇ ਸੰਘ ਦੇ ਨੁਮਾਇੰਦਿਆਂ ਨੇ ਪੰਜਾਬੀ ਭਾਸ਼ਾ ਪ੍ਰਤੀ ਬਹੁਤ ਹੀ ਭੱਦੀ ਸ਼ਬਦਾਵਲੀ ਵਰਤੀ ਹੈ। ਪੰਜਾਬ ਸਰਕਾਰ ਨੇ ਸਮੁੱਚੇ ਮਾਮਲੇ ਉਤੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ ਅਤੇ ਭਾਸ਼ਾ ਵਿਭਾਗ ਵੀ ਲੀਪਾਪੋਚੀ ਕਰਦਾ ਨਜ਼ਰ ਆ ਰਿਹਾ ਹੈ।




ਦਰਅਸਲ ਪੰਜਾਬੀ ਬੋਲੀ ਨਾਲ ਅੰਦਰੋਂ ਖਾਰ ਖਾਣ ਵਾਲਾ ਭਗਵੀਂ ਸੋਚ ਦਾ ਇਹ ਵਤੀਰਾ ਚਿਰ ਪੁਰਾਣਾ ਹੈ। ਪੰਜਾਬ ਵਿਚ ਕਿੰਨੇ ਹੀ ਸਮੇਂ ਤੋਂ ਇਕ ਸਾਜ਼ਿਸ਼ ਤਹਿਤ ਪੰਜਾਬੀ ਭਾਸ਼ਾ ਨੂੰ ਠਿੱਬੀ ਲਾਉਣ ਦੇ ਕੋਝੇ ਯਤਨ ਕੀਤੇ ਜਾਂਦੇ ਰਹੇ ਹਨ। ਪੰਜਾਬ ਦੇ ਪੁਨਰਗਠਨ ਵੇਲੇ ਵੀ ਸੰਘੀਆਂ ਨੇ ਪੂਰਾ ਤਾਣ ਲਾ ਕੇ ਪੰਜਾਬ ਦੇ ਹਿੰਦੂਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਲਈ ਉਕਸਾਇਆ ਸੀ। ਅੱਜ ਜਦੋਂ ਸਮੁੱਚੀ ਲੋਕਾਈ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾ ਰਹੀ ਹੈ, ਤਾਂ ਉਸ ਜਗਤ ਗੁਰੂ ਨਾਨਕ ਦੀ ਬੋਲੀ ਨੂੰ ਸੰਘੀਆਂ ਵੱਲੋਂ 'ਗੰਵਾਰਾਂ ਦੀ ਭਾਸ਼ਾ' ਦੱਸਣਾ ਤੇ ਪੰਜਾਬੀਆਂ ਨੂੰ ਦੋ ਕੁ ਸਾਲ ਹੋਰ ਠਹਿਰ ਜਾਣ ਦੀਆਂ ਧਮਕੀਆਂ ਦੇਣਾ ਸਥਿਤੀ ਦੀ ਗੰਭੀਰਤਾ ਨੂੰ ਦਰਸਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਹਿੰਦੀ ਦਿਵਸ ਉਤੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਵੀ ਕਿਹਾ ਹੈ ਕਿ ਪੂਰੇ ਦੇਸ਼ ਲਈ ਇਕ ਭਾਸ਼ਾ ਜ਼ਰੂਰ ਹੋਣੀ ਚਾਹੀਦੀ ਹੈ। ਇਥੋਂ ਤਕ ਤਾਂ ਗੱਲ ਮੰਨਣਯੋਗ ਹੈ ਕਿ ਪੂਰੇ ਦੇਸ਼ ਵਿਚ ਆਪਸੀ ਸੰਪਰਕ ਲਈ ਕਿਸੇ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ ਪਰ ਗ੍ਰਿਹ ਮੰਤਰੀ ਜਦੋਂ ਇਹ ਕਹਿੰਦੇ ਹਨ ਕਿ ਹਿੰਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਸਿਰਫ ਇਹੋ ਦੇਸ਼ ਨੂੰ ਇਕਜੁੱਟ ਕਰ ਸਕਦੀ ਹੈ, ਤਾਂ ਭਗਵਿਆਂ ਦੀ ਭਾਸ਼ਾ ਦੇ ਨਾਮ ਉਤੇ ਕੀਤੀ ਜਾ ਰਹੀ ਸਿਆਸਤ ਨੰਗੀ ਹੋ ਜਾਂਦੀ ਹੈ।

ਨਹਿਰੂ ਕਾਲ ਵੇਲੇ ਸੰਵਿਧਾਨ ਮੁਤਾਬਕ ਹਿੰਦੀ ਅਤੇ ਅੰਗਰੇਜ਼ੀ ਨੂੰ 15 ਸਾਲਾਂ ਲਈ ਭਾਰਤ ਦੀ ਸੰਪਰਕ ਜਾਂ ਦਫਤਰੀ ਭਾਸ਼ਾ ਦਾ ਰੁਤਬਾ ਮਿਲਿਆ ਸੀ। ਭਾਰਤ ਦੇ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿਚ 22 ਭਾਸ਼ਾਵਾਂ ਦਰਜ ਹਨ ਅਤੇ ਸਾਰੀਆਂ ਨੂੰ ਬਰਾਬਰਤਾ ਦਿੱਤੀ ਗਈ ਹੈ। ਫਿਰ ਹੁਣ ਮਸਲਾ ਕੀ ਹੈ? ਸਚਾਈ ਇਹ ਕਿ ਪੂਰੇ ਦੇਸ਼ ਦੀਆਂ ਵੰਨ-ਸੁਵੰਨੀਆਂ ਬੋਲੀਆਂ ਨੂੰ ਹਿੰਦੀ ਦੇ ਗਲਬੇ ਹੇਠ ਮਸਲ ਦੇਣ ਵਾਸਤੇ ਹਿੰਦੀ ਨੂੰ ਰਾਸ਼ਟਰਵਾਦ ਦਾ ਪਲੇਥਣ ਲਾਉਣਾ ਜ਼ਰੂਰੀ ਹੈ। ਇਹੋ ਭਗਵਾਂਵਾਦ ਤੇ ਆਰਐਸਐਸ ਦਾ ਮੂਲ ਏਜੰਡਾ ਹੈ। ਸੰਵਿਧਾਨ ਬਣਨ ਵੇਲੇ ਇਹ ਕਿਹਾ ਗਿਆ ਸੀ ਕਿ ਹਿੰਦੀ ਤੇ ਅੰਗਰੇਜ਼ੀ ਦੋਵੇਂ ਦੇਸ਼ ਦੀਆਂ ਸੰਪਰਕ ਭਾਸ਼ਾਵਾਂ ਵਜੋਂ ਹੀ ਰਹਿਣਗੀਆਂ। ਬਾਅਦ ਵਿਚ ਸੰਨ 1963 ਵਿਚ ਸਰਕਾਰੀ ਭਾਸ਼ਾਵਾਂ ਬਾਰੇ ਦੁਬਾਰਾ ਕਾਨੂੰਨ ਬਣਾਇਆ ਗਿਆ, ਤਾਂ ਭਾਰਤ ਦੇ ਦੱਖਣ ਵਿਚ ਤਾਮਿਲਨਾਡੂ ਤੇ ਹੋਰ ਰਾਜਾਂ ਵਿਚ ਹਿੰਦੀ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਤੇ ਜਾਨਾਂ ਵੀ ਗਈਆਂ। ਇਸ ਤੋਂ ਬਾਅਦ ਹਿੰਦੀ ਤੇ ਅੰਗਰੇਜ਼ੀ ਦੀ ਲਗਾਤਾਰ ਵਰਤੋਂ ਨੂੰ ਹੀ ਮਾਨਤਾ ਦਿੱਤੀ ਗਈ।

ਪੰਜਾਬੀਆਂ ਤੇ ਖਾਸ ਕਰ ਕੇ ਸਿੱਖ ਕੌਮ ਅੱਗੇ ਪੰਜਾਬੀ ਮਾਂ ਬੋਲੀ ਤੇ ਮਾਤ-ਭੂਮੀ ਦੀ ਵਿਰਾਸਤੀ ਆਭਾ ਨੂੰ ਕਾਇਮ ਰੱਖਣ ਦਾ ਵੱਡਾ ਮਸਲਾ ਹੈ। ਸਿੱਖਾਂ ਦੇ ਹਾਜ਼ਰਾ ਹਜ਼ੂਰ ਗੁਰੂ ਦਾ ਰੁਤਬਾ ਪ੍ਰਾਪਤ ਗੁਰੂ ਗ੍ਰੰਥ ਸਾਹਿਬ ਵਿਚ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਦੀ ਪ੍ਰਮੁੱਖਤਾ ਹੈ। ਗੁਰੂ ਨਾਨਕ ਸਾਹਿਬ ਤੇ ਦੂਜੇ ਗੁਰੂ ਸਾਹਿਬਾਨਾਂ, ਭਗਤਾਂ, ਸੂਫੀਆਂ ਦੀ ਰਚੀ ਬਾਣੀ ਦਾ ਅਮੋਲਕ ਖਜ਼ਾਨਾ ਪੰਜਾਬੀ ਵਿਚ ਹੈ। ਇਹ ਰੱਬੀ ਬਾਣੀ ਕਥਿਤ ਹਿੰਦੂਤਵ ਤੇ ਪਾਖੰਡ ਦਾ ਭਾਂਡਾ ਭੰਨਦੀ ਹੈ। ਇਸ ਕਰਕੇ ਭਗਵਿਆਂ ਦੇ ਕਥਿਤ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਮਨਸੂਬਿਆਂ ਦੇ ਰਾਹ ਵਿਚ ਸਿੱਖ ਫਲਸਫਾ, ਪੰਜਾਬੀ ਬੋਲੀ ਤੇ ਗੁਰੂ ਗ੍ਰੰਥ ਸਾਹਿਬ ਵੱਡਾ ਅੜਿੱਕਾ ਹਨ। ਇਸੇ ਕਰਕੇ ਹੌਲੀ-ਹੌਲੀ ਪੰਜਾਬੀ ਬੋਲੀ ਤੇ ਸਿੱਖੀ ਦੇ ਨਿਆਰੇਪਣ ਨੂੰ ਖਤਮ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਪੰਜਾਬੀਆਂ ਨੂੰ ਭਾਰਤ ਦੇ ਅਜੋਕੇ ਹਾਲਾਤ ਦੇ ਮੱਦੇਨਜ਼ਰ ਪੰਜਾਬੀ 'ਤੇ ਹੋਏ ਸੱਜਰੇ ਹਮਲੇ ਨੂੰ ਧਿਆਨ ਵਿਚ ਰੱਖ ਕੇ ਅਗਾਊਂ ਰਣਨੀਤੀ ਬਣਾਉਣ ਤੇ ਨਵੀਂ ਸਿਆਸੀ ਸਫਬੰਦੀ ਦੀ ਵੱਡੀ ਲੋੜ ਹੈ।

ਭਗਵਿਆਂ ਨੂੰ ਵੀ ਇਤਿਹਾਸ ਤੋਂ ਸਬਕ ਲੈਣ ਦੀ ਸਲਾਹ ਹੈ ਕਿ ਬੋਲੀ ਦਾ ਮਸਲਾ ਕੋਈ ਧਾਰਾ ਤੋੜਨ ਜਾਂ ਮਸਜਿਦ ਢਾਹ ਕੇ ਮੰਦਿਰ ਬਣਾਉਣ ਵਰਗਾ ਨਹੀਂ ਹੈ। ਗਵਾਂਢੀ ਮੁਲਕ ਪਾਕਿਸਤਾਨ ਵੀ ਉਰਦੂ ਨੂੰ ਦੇਸ਼ ਦੀ ਰਾਸ਼ਟਰ ਭਾਸ਼ਾ ਬਣਾਉਣ ਦੀ ਜ਼ਿੱਦ ਕਰ ਕੇ ਸੰਨ 1971 ਵਿਚ ਦੇਸ਼ ਦੇ ਦੋ ਟੋਟੇ ਕਰਵਾ ਚੁੱਕਾ ਹੈ। ਇਹ ਬਹੁਤ ਹੀ ਗੰਭੀਰ ਮਸਲਾ ਹੈ। ਇਸ ਕਰ ਕੇ ਅੱਗ ਨਾਲ ਖੇਡਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

---

# ਮਾਤ-ਭਾਸ਼ਾ

## ਆਤਮ-ਨਿਰਭਰ ਭਾਰਤ ਦਾ ਰਾਹ

ਲੇਖਕ : ਪ੍ਰੋਫੈਸਰ ਰਾਘਵੇਂਦਰ ਪ੍ਰਸਾਦ ਤਿਵਾਰੀ
ਈਮੇਲ : mzurpt@gmail.com

ਮਨੁੱਖ ਨੇ ਆਦਿ ਕਾਲ ਤੋਂ ਹੀ ਵਿਕਾਸ ਦੇ ਅਨੇਕਾਂ ਮਾਪਦੰਡ ਸਥਾਪਿਤ ਕੀਤੇ ਹਨ। ਉਸ ਦੀਆਂ ਸ੍ਰੇਸ਼ਠ ਪ੍ਰਾਪਤੀਆਂ ਵਿੱਚੋਂ ਭਾਸ਼ਾ ਦੀ ਕਾਢ, ਇਸ ਦੀ ਸੁਧਾਈ ਅਤੇ ਇਸ ਦੀ ਕਦੇ ਨਾ ਮੁੱਕਣ ਵਾਲੀ ਨਿਰੰਤਰ ਯਾਤਰਾ ਇੱਕ ਵੱਡੀ ਪ੍ਰਾਪਤੀ ਹੈ। ਭਾਸ਼ਾ ਦੇ ਮਹੱਤਵ ਬਾਰੇ ਸੰਸਕ੍ਰਿਤ ਅਚਾਰੀਆ ਦੰਡੀ ਦਾ ਵਿਚਾਰ ਸੀ ਕਿ ਜੇ ਭਾਸ਼ਾ ਨਾਂ ਦੀ ਜੋਤੀ ਜਾਂ ਸ਼ਬਦ ਪ੍ਰਕਾਸ਼ ਨਾ ਹੁੰਦਾ ਤਾਂ ਇਹ ਸੰਸਾਰ ਹਨੇਰੇ ਵਿੱਚ ਰਹਿਣਾ ਸੀ। ਇਸ ਬਾਰੇ ਉਨ੍ਹਾਂ ਦਾ ਪ੍ਰਸਿੱਧ ਕਥਨ ਹੈ- ਇਦਮੰਧਮ ਤਮਹ ਕ੍ਰਿਤਸਨਮ ਜਯਤ ਭੁਵੰਤ੍ਰਯਾਮ। ਯਦਿ ਸ਼ਬਦਹ੍ਵਯਮ ਜੋਤਿਰਾਸੰਸਾਰਮ ਨ ਦੀਪਯਤੇ॥ ਇਸ ਦਾ ਭਾਵ ਹੈ ਕਿ ਅਸੀਂ ਸ਼ਬਦ ਜਾਂ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਬ੍ਰਹਿਮੰਡ ਅਤੇ ਇਸ ਦੇ ਵਿਭਿੰਨ ਹਿੱਸਿਆਂ ਨੂੰ ਜਾਣਨ ਅਤੇ ਇਨ੍ਹਾਂ ਦੀ ਸੁਯੋਗ ਵਰਤੋਂ ਕਰਨ ਦੀ ਪ੍ਰੇਰਨਾ ਹਾਸਿਲ ਕਰਦੇ ਹਾਂ। ਇਸ ਵਿਚਾਰ ਨੂੰ ਗਰਸੀਆ ਮਾਰਖੇਸ ਦੇ ਨਾਵਲ 'ਸੌ ਸਾਲ ਦਾ ਇਕਲਾਪਾ' ਵਿਚਲੇ ਉਸ ਪ੍ਰਸੰਗ ਤੋਂ ਸਮਝਿਆ ਜਾ ਸਕਦਾ ਹੈ, ਜਿਸ ਵਿੱਚ ਇੱਕ ਪਿੰਡ ਦੇ ਲੋਕ ਹੌਲੀ-ਹੌਲੀ ਵਸਤੂਆਂ ਅਤੇ ਜੀਵਾਂ ਦੇ ਨਾਮ ਭੁੱਲਣ ਲੱਗਦੇ ਹਨ। ਪਿੰਡ ਦਾ ਇੱਕ ਪਰਿਵਾਰ ਸਵੇਰੇ ਉੱਠਣ ਸਮੇਂ ਦੇਖਦਾ ਹੈ ਕਿ ਉਨ੍ਹਾਂ ਦੇ ਦਰਵਾਜ਼ੇ ਨੇੜੇ ਇੱਕ ਚਾਰ ਲੱਤਾਂ ਵਾਲਾ ਜਾਨਵਰ ਬੰਨ੍ਹਿਆ ਹੋਇਆ ਹੈ। ਪਿੰਡ ਦੇ ਲਗਭਗ ਸਾਰੇ ਲੋਕ ਇਸ ਦਾ ਨਾਮ ਅਤੇ ਉਪਯੋਗਤਾ ਭੁੱਲ ਚੁੱਕੇ ਹਨ। ਇਸ ਸਮੇਂ ਇੱਕ ਵਿਅਕਤੀ ਦੱਸਦਾ ਹੈ ਕਿ ਇਹ ਗਾਂ ਹੈ ਅਤੇ ਦੁੱਧ ਦਿੰਦੀ ਹੈ। ਹੌਲੀ-ਹੌਲੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦਾ ਦੁੱਧ ਮਨੁੱਖੀ ਜੀਵਨ ਲਈ ਬਹੁਤ ਲਾਭਦਾਇਕ ਹੈ। ਉਹ ਇਹ ਸਾਰੀਆਂ ਗੱਲਾਂ ਗੱਤੇ 'ਤੇ ਲਿਖ ਕੇ ਗਾਂ ਦੇ ਗਲੇ 'ਚ ਲਟਕਾ ਦਿੰਦੇ ਹਨ ਤਾਂ ਜੋ ਇਹ ਗੱਲਾਂ ਭੁੱਲ ਨਾ ਜਾਣ। ਇਸ ਉਦਾਹਰਨ ਨਾਲ ਆਚਾਰੀਆ ਦੰਡੀ ਦਾ ਕਥਨ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜੇਕਰ ਸ਼ਬਦ ਨਾਮ ਦਾ ਪ੍ਰਕਾਸ਼ ਨਾ ਹੋਵੇ ਤਾਂ ਇਹ ਬ੍ਰਹਿਮੰਡ ਹਨੇਰੇ ਵਿੱਚ ਹੀ ਡੁੱਬਿਆ ਰਹੇ।

ਸ਼ਬਦ ਜਾਂ ਭਾਸ਼ਾ ਨਾਲ ਸਾਡੀ ਜਾਣ-ਪਛਾਣ ਬਚਪਨ ਵਿੱਚ ਹੀ ਹੋ ਜਾਂਦੀ ਹੈ। ਬੱਚੇ ਦੇ ਮਾਤਾ-ਪਿਤਾ ਅਤੇ ਪਰਿਵਾਰਕ ਮੈਂਬਰ ਉਸ ਨਾਲ ਬਚਪਨ ਤੋਂ ਹੀ ਗੱਲਾਂ ਕਰਦੇ ਰਹਿੰਦੇ ਹਨ। ਬੱਚਾ ਆਰੰਭ ਵਿੱਚ ਤਾਂ ਇਨ੍ਹਾਂ ਸ਼ਬਦਾਂ ਨੂੰ ਨਹੀਂ ਸਮਝਦਾ, ਪਰ ਉਹ ਧੁਨੀਆਂ ਨੂੰ ਪਛਾਣਨ ਲੱਗਦਾ ਹੈ ਅਤੇ ਇਨ੍ਹਾਂ ਬਾਰੇ ਆਪਣੇ ਹਾਵ-ਭਾਵ ਪ੍ਰਗਟ ਕਰਦਾ ਹੈ। ਹੌਲੀ-ਹੌਲੀ ਉਹ ਉਨ੍ਹਾਂ ਸ਼ਬਦਾਂ ਦੇ ਅਰਥਾਂ ਨੂੰ ਸਮਝਦਾ ਹੋਇਆ ਇਨ੍ਹਾਂ ਨੂੰ ਅਮਲ ਵਿੱਚ ਲਿਆਉਂਦਾ ਹੈ। ਉਸ ਲਈ ਪਰਿਵਾਰ ਅਤੇ ਆਂਢ-ਗੁਆਂਢ ਦਾ ਵਾਤਾਵਰਨ ਹੀ ਭਾਸ਼ਾ ਸਿੱਖਣ ਦੀ ਪਹਿਲੀ ਪਾਠਸ਼ਾਲਾ ਹੈ। ਬਚਪਨ ਦੇ ਮਾਹੌਲ ਵਿੱਚ ਬੱਚਾ ਜਿਹੜੀ ਭਾਸ਼ਾ ਸਿੱਖਦਾ ਹੈ, ਉਹ ਉਸ ਦੀ ਮਾਂ-ਬੋਲੀ ਹੁੰਦੀ ਹੈ। ਇਸ ਲਈ ਮਾਂ-ਬੋਲੀ ਨੂੰ ਸਿਰਫ਼ ਮਾਂ ਦੀ ਭਾਸ਼ਾ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਇਸ ਨੂੰ ਬੱਚੇ ਦੇ ਮੁੱਢਲੇ ਵਾਤਾਵਰਨ ਦੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। 'ਸ਼ਬਦਾਂ ਦਾ ਸਫ਼ਰ' ਪੁਸਤਕ ਲਿਖਣ ਵਾਲੇ ਲੇਖਕ ਅਜੀਤ ਵਡਨੇਰਕਰ ਦਾ ਕਥਨ ਹੈ, "ਮੇਰਾ ਸਪੱਸ਼ਟ ਵਿਚਾਰ ਹੈ ਕਿ ਮਾਂ-ਬੋਲੀ ਵਿੱਚ 'ਮਾਂ' ਸ਼ਬਦ ਉਸ ਵਾਤਾਵਰਨ, ਸਥਾਨ ਤੇ ਸਮੂਹ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਦਰਸਾਉਂਦਾ ਹੈ, ਜਿਸ ਵਿੱਚ ਰਹਿ ਕੇ ਕੋਈ ਵਿਅਕਤੀ ਆਪਣੇ ਬਚਪਨ ਵਿੱਚ ਦੁਨੀਆ ਦੇ ਸੰਪਰਕ ਵਿੱਚ ਆਉਂਦਾ ਹੈ।"


ਪਿਛਲੇ ਕੁਝ ਸਾਲਾਂ ਵਿੱਚ ਵੀ ਮਾਂ-ਬੋਲੀ ਦੇ ਮਹੱਤਵ ਨੂੰ ਲੈ ਕੇ ਵਿਚਾਰ-ਚਰਚਾ ਵਿੱਚ ਵਧੇਰੇ ਗਤੀਸ਼ੀਲਤਾ ਆਈ ਹੈ। ਭਾਸ਼ਾ ਵਿਗਿਆਨੀਆਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਚਿੰਤਾ ਹੈ ਕਿ ਮਾਂ-ਬੋਲੀਆਂ ਬੜੀ ਤੇਜ਼ੀ ਨਾਲ ਅਲੋਪ ਹੋ ਰਹੀਆਂ ਹਨ। ਅੱਜ ਦੇਸ਼ 'ਚ ਅਜਿਹੀਆਂ ਕਈ ਮਾਂ-ਬੋਲੀਆਂ ਹਨ, ਜਿਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਅੱਜ ਜਦੋਂ ਧਰਤੀ ਨੂੰ ਇੱਕ ਵਿਸ਼ਵ-ਵਿਆਪੀ ਪਿੰਡ ਵਜੋਂ ਸਵੀਕਾਰ ਕੀਤਾ ਜਾ ਰਿਹਾ ਹੈ ਤਾਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇ ਸਿਰਫ਼ ਕੁਝ ਭਾਸ਼ਾਵਾਂ ਹੀ ਰਹਿ ਜਾਣਗੀਆਂ ਤਾਂ ਕੋਈ ਫ਼ਰਕ ਨਹੀਂ ਪਵੇਗਾ। ਪਰ ਅਜਿਹਾ ਸੋਚਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਕਿਸੇ ਭਾਸ਼ਾ ਵਿਸ਼ੇਸ਼ ਦਾ ਵਿਨਾਸ਼ ਅਸਲ ਵਿੱਚ ਸਮੁੱਚੇ ਸੱਭਿਆਚਾਰ ਅਤੇ ਜੀਵਨ-ਦ੍ਰਿਸ਼ਟੀ ਦਾ ਵਿਨਾਸ਼ ਹੁੰਦਾ ਹੈ। ਇਸ ਬਾਰੇ ਭਾਸ਼ਾ ਅਤੇ ਸਾਹਿਤ ਦੇ ਪ੍ਰਬੁੱਧ ਵਿਦਵਾਨ ਪ੍ਰੋ. ਰਾਧਾਵੱਲਭ ਤ੍ਰਿਪਾਠੀ ਦਾ ਕਹਿਣਾ ਹੈ ਕਿ "ਹਰ ਵਾਤਾਵਰਨ ਦੀ ਆਪਣੀ ਸ਼ਬਦਾਵਲੀ ਹੁੰਦੀ ਹੈ ਜਿਸ ਵਿੱਚ ਉਸ ਦੇ ਆਲੇ-ਦੁਆਲੇ ਦੀਆਂ ਵਸਤੂਆਂ ਅਤੇ ਜੀਵਾਂ ਦਾ ਨਾਮ ਰੱਖਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦੇ ਗੁਆਚਣ ਨਾਲ ਇੱਕ ਸੰਸਾਰ ਅਲੋਪ ਹੋ ਰਿਹਾ ਹੈ, ਇੱਕ ਵਿਰਾਸਤ ਤਬਾਹ ਹੋ ਰਹੀ ਹੈ।"

ਆਜ਼ਾਦੀ ਤੋਂ ਪਹਿਲਾਂ ਦੀ ਬਸਤੀਵਾਦੀ ਅੰਗਰੇਜ਼ ਸਰਕਾਰ ਨੇ ਆਪਣੇ ਕੰਮ ਦੀ ਸੌਖ ਲਈ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾ ਦਾ ਮਾਧਿਅਮ ਬਣਾਇਆ। ਸਿੱਟੇ ਵਜੋਂ ਪ੍ਰਬੰਧ ਦੇ ਸਾਰੇ ਕੰਮ ਅੰਗਰੇਜ਼ੀ ਭਾਸ਼ਾ ਵਿੱਚ ਕੀਤੇ ਜਾਣ ਲੱਗੇ। ਅੰਗਰੇਜ਼ੀ ਭਾਸ਼ਾ ਦਾ ਗਿਆਨ ਲਾਜ਼ਮੀ ਹੋ ਗਿਆ ਅਤੇ ਸਾਡੇ ਸਕੂਲਾਂ ਵਿੱਚ ਅੰਗਰੇਜ਼ੀ ਦੀ ਜੜ੍ਹ ਲੱਗ ਗਈ। ਫਲਸਰੂਪ ਸਾਡੀ ਸਦੀਆਂ ਪੁਰਾਣੀ ਆਤਮ-ਨਿਰਭਰ ਗਿਆਨ ਪਰੰਪਰਾ ਅਤੇ ਆਰਥਿਕਤਾ ਤਬਾਹੀ ਦੇ ਕੰਢੇ 'ਤੇ ਆ ਗਈ। ਅਜਿਹੀ ਸਥਿਤੀ ਵਿੱਚ ਭਾਰਤੀਆਂ ਨੂੰ ਰੋਜ਼ੀ-ਰੋਟੀ ਲਈ ਨੌਕਰੀਆਂ 'ਤੇ ਨਿਰਭਰ ਹੋਣਾ ਪਿਆ ਅਤੇ ਮਜਬੂਰੀ ਵਸ ਅੰਗਰੇਜ਼ੀ ਸਿੱਖਣੀ ਪਈ। ਇਸ ਤਰ੍ਹਾਂ ਹੌਲੀ ਹੌਲੀ ਅੰਗਰੇਜ਼ੀ ਭਾਸ਼ਾ ਸੱਤਾ ਅਤੇ ਸਰਵਉੱਚਤਾ ਦਾ ਯੰਤਰ ਬਣ ਗਈ। ਆਜ਼ਾਦੀ-ਅੰਦੋਲਨ ਦੇ ਅਣਗਿਣਤ ਨਾਇਕ ਅਤੇ ਨਾਇਕਾਵਾਂ ਦਾ ਇਹ ਸੁਪਨਾ ਸੀ ਕਿ ਵਿਦੇਸ਼ੀ ਵਿਵਸਥਾ ਦੇ ਖ਼ਾਤਮੇ ਮਗਰੋਂ ਦੇਸ਼ ਵਿੱਚ ਹਰ ਪੱਧਰ 'ਤੇ ਇੱਥੋਂ ਦੀ ਆਪਣੀ ਭਾਸ਼ਾ ਦੀ ਵਰਤੋਂ ਕੀਤੀ ਜਾਵੇਗੀ। ਵਿਡੰਬਨਾ ਇਹ ਹੈ ਕਿ ਇਹ ਸੁਪਨਾ ਆਜ਼ਾਦੀ ਦੇ 75 ਸਾਲ ਮਗਰੋਂ ਵੀ ਸੁਪਨਾ ਹੀ ਹੈ। ਅੱਜ ਵੀ ਨਾ ਤਾਂ ਆਪਣੀ ਮਾਂ-ਬੋਲੀ ਵਿੱਚ ਸਿੱਖਿਆ ਹੈ, ਨਾ ਸਿਹਤ ਅਤੇ ਨਾ ਹੀ ਨਿਆਂ ਦੀ ਵਿਵਸਥਾ। ਮੁੱਢਲੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤੱਕ ਅੰਗਰੇਜ਼ੀ ਦਾ ਹੀ ਦਬਦਬਾ ਹੈ। ਸਾਡੀ ਨਿਆਂ ਪ੍ਰਣਾਲੀ ਵਿੱਚ ਅਜੇ ਵੀ ਭਾਰਤੀ ਭਾਸ਼ਾਵਾਂ ਦਾ ਸਥਾਨ ਨਾ ਹੋਣ ਦੇ ਬਰਾਬਰ ਹੈ। ਬਿਮਾਰੀਆਂ ਅਤੇ ਦਵਾਈਆਂ ਦੇ ਨਾਵਾਂ ਸਮੇਤ ਨੁਸਖੇ ਵੀ ਅੰਗਰੇਜ਼ੀ ਵਿੱਚ ਲਿਖੇ ਜਾਂਦੇ ਹਨ। ਭਾਰਤ ਵਰਗੇ ਲੋਕਤੰਤਰੀ ਦੇਸ਼ ਲਈ ਇਹ ਬੜਾ ਜ਼ਰੂਰੀ ਹੈ ਕਿ ਸ਼ਾਸਨ-ਪ੍ਰਸ਼ਾਸਨ ਅਤੇ ਜੀਵਨ ਸ਼ੈਲੀ ਵਿੱਚ ਆਮ ਨਾਗਰਿਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਹੋਵੇ। ਇਹ ਤਾਂ ਹੀ ਸੰਭਵ ਹੈ ਜੇ ਮਾਂ ਬੋਲੀ ਦੀ ਵਰਤੋਂ ਜੀਵਨ ਦੇ ਹਰ ਖੇਤਰ ਵਿੱਚ ਕੀਤੀ ਜਾਵੇ। ਸਿੱਖਿਆ ਦੇ ਖੇਤਰ ਵਿੱਚ ਜੇਕਰ ਦੇਖਿਆ ਜਾਵੇ ਤਾਂ ਮਾਤ ਭਾਸ਼ਾ ਵਿੱਚ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਮੁਹੱਈਆ ਕਰਵਾ ਕੇ ਹੀ ਸਿੱਖਿਆ ਨੂੰ ਸਹੀ ਅਰਥਾਂ ਵਿੱਚ ਸਮਾਵੇਸ਼ੀ ਬਣਾਇਆ ਜਾ ਸਕਦਾ ਹੈ। ਸਾਡੀ ਦੁਰਦਸ਼ਾ ਦੀ ਹੱਦ ਇਹ ਹੈ ਕਿ ਭਾਸ਼ਾ ਦੇ ਕਾਰਨ ਵਿਦਿਆਰਥੀਆਂ ਵਿੱਚ ਭੇਦ-ਭਾਵ ਵਧ ਰਿਹਾ ਹੈ। ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਰਤੀ ਭਾਸ਼ਾ ਵਿੱਚ ਪੜ੍ਹੇ-ਲਿਖੇ ਵਿਅਕਤੀ ਨੂੰ ਨੀਵਾਂ ਸਮਝਿਆ ਜਾਂਦਾ ਹੈ। ਸਿੱਟੇ ਵਜੋਂ ਮਾਪੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਭੇਜਣ ਲਈ ਆਪਣੀ ਸਾਰੀ ਜਮ੍ਹਾਂ-ਪੂੰਜੀ ਦਾਅ 'ਤੇ ਲਾ ਦਿੰਦੇ ਹਨ। ਇਸ ਦੇ ਨਾਲ ਹੀ ਬੱਚੇ ਆਪਣੀ ਸਾਰੀ ਊਰਜਾ ਵਿਦੇਸ਼ੀ ਭਾਸ਼ਾ ਸਿੱਖਣ ਵਿੱਚ ਬਰਬਾਦ ਕਰ ਦਿੰਦੇ ਹਨ। ਅੱਜ ਬਹੁਤ ਸਾਰੀਆਂ ਖੋਜਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜੇਕਰ ਵਿਦਿਆਰਥੀ ਨੂੰ ਉਸ ਦੀ ਮਾਂ ਬੋਲੀ ਵਿੱਚ ਪੜ੍ਹਾਇਆ ਜਾਂਦਾ ਹੈ ਤਾਂ ਉਹ ਇਸ ਵਿਸ਼ੇ ਨੂੰ ਤੇਜ਼ੀ ਨਾਲ ਸਿੱਖਦਾ ਅਤੇ ਸਮਝਦਾ ਹੈ। ਜਪਾਨ, ਫਰਾਂਸ, ਜਰਮਨੀ ਵਰਗੇ ਕਈ ਦੇਸ਼ ਆਪਣੀ ਮਾਂ ਬੋਲੀ ਦੀ ਸਰਬਪੱਖੀ ਵਰਤੋਂ ਕਰਕੇ ਆਤਮ-ਨਿਰਭਰ ਹੋ ਗਏ ਹਨ। ਭਾਰਤ ਵਰਗੇ ਬਹੁ-ਭਾਸ਼ਾਈ ਦੇਸ਼ ਨੂੰ ਆਪਣੀ ਮਾਂ-ਬੋਲੀ ਦੀ ਸੁਰੱਖਿਆ ਅਤੇ ਵਿਕਾਸ ਲਈ ਇਨ੍ਹਾਂ ਦੇਸ਼ਾਂ ਵੱਲੋਂ ਅਪਣਾਈਆਂ ਨੀਤੀਆਂ ਅਤੇ ਢੰਗਾਂ ਨੂੰ ਸਮਝਣਾ ਅਤੇ ਲਾਗੂ ਕਰਨਾ ਚਾਹੀਦਾ ਹੈ।

ਇਨ੍ਹਾਂ ਹਾਲਤਾਂ ਵਿੱਚ 'ਰਾਸ਼ਟਰੀ ਸਿੱਖਿਆ ਨੀਤੀ-2020' ਵਿੱਚ ਸ਼ਾਮਲ ਭਾਸ਼ਾ ਤਜਵੀਜ਼ਾਂ ਤੋਂ ਇੱਕ ਨਵੀਂ ਉਮੀਦ ਦੀ ਕਿਰਨ ਉੱਭਰ ਕੇ ਸਾਹਮਣੇ ਆਈ ਹੈ। ਇਸ ਨੀਤੀ ਵਿੱਚ ਇਹ ਪ੍ਰਸਤਾਵ ਦਿੱਤਾ ਗਿਆ ਹੈ ਕਿ ਅਸੀਂ ਅਜਿਹਾ ਪ੍ਰਬੰਧ ਤਿਆਰ ਕਰੀਏ, ਜਿਸ ਵਿੱਚ ਘੱਟੋ ਘੱਟ ਪੰਜਵੀਂ ਜਮਾਤ ਤੱਕ ਬੱਚਾ ਆਪਣੀ ਮਾਂ-ਬੋਲੀ ਵਿੱਚ ਸਿੱਖਿਆ ਹਾਸਿਲ ਕਰੇ। ਇਸ ਦੇ ਨਾਲ ਹੀ ਕੋਸ਼ਿਸ਼ ਕੀਤੀ ਜਾਵੇ ਕਿ ਜੇਕਰ ਬੱਚਾ ਆਪਣੀ ਮਾਂ ਬੋਲੀ ਵਿੱਚ ਪੜ੍ਹਾਈ ਜਾਰੀ ਰੱਖਣੀ ਚਾਹੁੰਦਾ ਹੈ ਤਾਂ ਉਸ ਲਈ ਸੁਖਾਵਾਂ ਮਾਹੌਲ ਸਿਰਜਿਆ ਜਾਵੇ। ਦੇਸ਼-ਵਿਦੇਸ਼ ਵਿੱਚ ਕੀਤੀ ਗਈ ਖੋਜ ਤੋਂ ਪਤਾ ਲੱਗਦਾ ਹੈ ਕਿ ਤਿੰਨ ਸਾਲ ਦੀ ਉਮਰ ਤੱਕ ਬੱਚਾ ਆਪਣੇ ਆਲੇ-ਦੁਆਲੇ ਤੋਂ ਕਰੀਬ ਇੱਕ ਹਜ਼ਾਰ ਸ਼ਬਦ ਸਿੱਖ ਲੈਂਦਾ ਹੈ। ਇਨ੍ਹਾਂ ਸ਼ਬਦਾਂ ਨੂੰ ਆਪਣੀ ਸਿੱਖਿਆ ਵਿੱਚ ਸ਼ਾਮਲ ਕਰਨ ਨਾਲ ਉਸ ਦਾ ਸਿੱਖਣ ਦਾ ਰਾਹ ਸੌਖਾ ਅਤੇ ਸਾਰਥਕ ਹੋ ਜਾਵੇਗਾ।

ਹਾਲ ਹੀ ਵਿੱਚ ਇੰਗਲੈਂਡ ਵਿੱਚ ਯੂਨੀਵਰਸਿਟੀ ਆਫ ਰੀਡਿੰਗ ਦੇ ਖੋਜਕਰਤਾਵਾਂ ਨੇ ਵੇਖਿਆ ਕਿ ਜਿਹੜੇ ਬੱਚੇ ਰੋਜ਼ਾਨਾ ਜ਼ਿੰਦਗੀ ਵਿੱਚ ਕਈ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੇ ਮੁਕਾਬਲੇ ਵਿੱਚ ਉਨ੍ਹਾਂ ਬੱਚਿਆਂ ਨਾਲੋਂ ਬੁੱਧੀ ਦੇ ਟੈਸਟਾਂ ਵਿੱਚ ਬਿਹਤਰ ਅੰਕ ਪ੍ਰਾਪਤ ਕੀਤੇ ਜੋ ਸਿਰਫ਼ ਗੈਰ-ਮਾਂ-ਬੋਲੀਆਂ ਨੂੰ ਜਾਣਦੇ ਸਨ। ਅਜਿਹੀ ਖੋਜ ਤੋਂ ਪ੍ਰੇਰਨਾ ਲੈ ਕੇ ਸਾਨੂੰ ਬੱਚਿਆਂ ਨੂੰ ਆਪਣੀ ਮਾਂ-ਬੋਲੀ ਵਿੱਚ ਵਿਵਹਾਰ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਦੂਜੀਆਂ ਭਾਸ਼ਾਵਾਂ ਦਾ ਗਿਆਨ ਕਿਸੇ ਕਿਸਮ ਦਾ ਕੋਈ ਔਗੁਣ ਨਹੀਂ ਬਲਕਿ ਇੱਕ ਵਾਧੂ ਹੁਨਰ ਹੈ। ਪਰ ਆਪਣੀ ਮਾਂ-ਬੋਲੀ ਨੂੰ ਨੁਕਸਾਨ ਪਹੁੰਚਾ ਕੇ ਕਿਸੇ ਵਿਦੇਸ਼ੀ ਭਾਸ਼ਾ ਦੀ ਵਰਤੋਂ ਕਰਨਾ ਤਰਕਸੰਗਤ ਅਤੇ ਜਾਇਜ਼ ਨਹੀਂ ਹੈ।

(ਅਨੁਵਾਦਕ: ਡਾ. ਰਮਨਪ੍ਰੀਤ ਕੌਰ ਅਤੇ ਡਾ. ਅਮਨਦੀਪ ਸਿੰਘ)




# ਊੜੇ-ਐੜੇ ਵਾਲਾ ਕਾਇਦਾ

ਗੱਲ ਤਾਂ ਕੁੱਝ ਵੀ ਨਹੀਂ ਸੀ, ਘੱਟੋ-ਘੱਟ ਮੇਰੇ ਵਾਸਤੇ ਤਾਂ ਕੋਈ ਖਾਸ ਗੱਲ ਨਹੀਂ ਸੀ ਪਰ ਇਸ ਘਟਨਾ ਨੇ ਆਪਣਿਆਂ ਦੀ ਜ਼ਿਹਨੀਅਤ ਬਾਰੇ ਸੋਚਣ ਲਈ ਮਜਬੂਰ ਜ਼ਰੂਰ ਕਰ ਦਿੱਤਾ ਸੀ ਤੇ ਮੈਂ ਕਾਫ਼ੀ ਦੇਰ ਨਾਪ-ਤੋਲ ਵਿੱਚ ਜੁਟਿਆ ਰਿਹਾ ਕਿ ਸਭ ਤੋਂ ਪੁਰਾਣੀ ਸੱਭਿਅਤਾ ਦਾ ਦਮ ਭਰਨ ਵਾਲੇ ਅਸੀਂ ਲੋਕ ਕਿੱਥੇ ਖੜ੍ਹੇ ਹਾਂ।

ਇਨਸਾਨ ਦੀ ਜ਼ਹਿਨੀਅਤ ਉਸਦਾ ਆਲਾ-ਦੁਆਲਾ ਤੈਅ ਕਰਦਾ ਹੈ। ਜਦ ਉਹ ਫੁੱਲਾਂ ਸੰਗ ਰਹੇਗਾ, ਉਸਦਾ ਮਿਜ਼ਾਜ ਕੋਮਲ ਹੋਣਾ ਤੈਅ ਹੈ। ਪੱਥਰ-ਲੋਹੇ ਨਾਲ ਰੋਜ਼ਾਨਾ ਘੁਲਣ ਵਾਲਾ ਮਨੁੱਖ ਸਖ਼ਤ ਜਾਨ ਹੋ ਜਾਂਦਾ ਹੈ। ਹਸਪਤਾਲ ਵਿੱਚ ਕੰਮ ਕਰਦੇ ਮੁਲਾਜ਼ਮ ਲਈ ਕਿਸੇ ਇਨਸਾਨ ਦੀ ਮੌਤ ਇੱਕ ਆਮ ਗੱਲ ਹੋ ਜਾਂਦੀ ਹੈ। ਜਦ ਤੁਹਾਡੇ ਦੁਆਲੇ ਨਿੱਤ ਦਿਨ ਹਾਦਸੇ ਵਾਪਰਦੇ ਰਹਿੰਦੇ ਹਨ ਤਾਂ ਤੁਸੀਂ ਥੱਕ ਹਾਰ ਕੇ 'ਹੋਊ ਪਰੇ' ਕਰਨ ਲੱਗ ਜਾਂਦੇ ਓ! ਐਪਰ ਇਸਦਾ ਅਰਥ ਇਹ ਨਹੀਂ ਹੁੰਦਾ ਕਿ ਤੁਹਾਡੇ ਅੰਦਰਲਾ ਇਨਸਾਨ ਮਰ-ਮੁੱਕ ਗਿਆ ਹੈ। ਉਹ ਜਿਊਂਦਾ ਹੁੰਦੈ, ਲੋੜ ਉਸ ਨੂੰ ਜਗਾਉਣ ਦੀ ਹੁੰਦੀ ਹੈ। ਲੋੜ ਉਸ ਨੂੰ ਬਚਾ ਕੇ ਰੱਖਣ ਦੀ ਹੁੰਦੀ ਹੈ। ...ਤੇ ਇਹ ਕੋਈ ਸੌਖਾ ਨਹੀਂ, ਬਹੁਤ ਟੇਢਾ ਕਾਰਜ ਹੈ। ਤੁਹਾਡੇ ਆਲੇ-ਦੁਆਲੇ ਸਿਰਜਿਆ ਮਾਹੌਲ ਤੁਹਾਡੀਆਂ ਸੰਵੇਦਨਾਵਾਂ ਨੂੰ ਖਤਮ ਕਰਨ 'ਤੇ ਤੁੱਲਿਆ ਹੁੰਦਾ ਹੈ। ਤੁਸੀਂ ਇਸ ਗੁੱਝੇ ਹਮਲੇ ਤੋਂ ਕਿਵੇਂ ਬਚਣਾ ਹੈ, ਇਸਦੇ ਢੰਗ-ਤਰੀਕੇ ਤੁਹਾਨੂੰ ਖ਼ੁਦ ਲੱਭਣੇ ਪੈਂਦੇ ਹਨ।

ਗੱਲ ਪਿਛਲੇ ਦਿਨਾਂ ਦੀ ਹੈ। ਮਨਟਿਕਾ (ਕੈਲੀਫੋਰਨੀਆ ਦਾ ਇੱਕ ਸ਼ਹਿਰ) ਗਿਆ ਹੋਇਆ ਸੀ ਲੋਡ ਲੈ ਕੇ। ਕੰਪਲੈਕਸ ਬਹੁਤ ਵੱਡਾ ਸੀ। ਟਰੱਕ ਪਾਰਕਿੰਗ ਪੂਰਬ-ਪੱਛਮ ਵਾਲੇ ਪਾਸੇ ਸੀ। ਓਥੇ ਟਰੱਕ ਪਾਰਕ ਕਰਕੇ ਚੈੱਕ-ਇਨ ਵਾਸਤੇ ਕਾਫ਼ੀ ਦੂਰ ਸਥਿੱਤ ਦਫਤਰ ਤੁਰਕੇ ਜਾਣਾ ਪੈਣਾ ਸੀ। ਸਮੇਂ ਦੀ ਬੱਚਤ ਲਈ ਮੂੰਹ 'ਤੇ ਮਾਸਕ ਪਾ ਕੇ, ਛੋਹਲੇ ਕਦਮੀ ਪੈਦਲ ਚੱਲਣ ਲਈ ਬਣੀ ਪੱਟੀ ਦੀ ਵਰਤੋਂ ਕਰਦਿਆਂ ਆਪਣੇ ਧਿਆਨ ਜਾ ਰਿਹਾ ਸੀ। ਅਚਾਨਕ ਇੱਕ ਕਾਰ ਮੇਰੇ ਬਿਲਕੁਲ ਨਾਲ ਦੀ ਹੋ ਕੇ ਲੰਘੀ। ਮੈਂ ਸੋਚਿਆ ਕਿ ਗਲਤੀ ਮੇਰੀ ਸੀ, ਮੈਨੂੰ ਦੇਖਕੇ ਤੁਰਨਾ ਚਾਹੀਦਾ ਸੀ। ਏਨੇ ਨੂੰ ਕਾਰ ਚਾਲਕ ਨੇ ਬ੍ਰੇਕ ਮਾਰੀ। ਵਿੱਚੋਂ ਉਤਰ ਕੇ ਉਹ ਮੇਰੇ ਵੱਲ ਆਉਣ ਲੱਗਾ। ਮੈਂ ਸੋਚਿਆ ਕਿ ਮੇਰੇ ਗਲ਼ ਪਵੇਗਾ ਕਿ ਕਿੱਧਰ ਮੂੰਹ ਚੁੱਕਿਆ ਤੇਰਾ, ਦੇਖ ਕੇ ਨਹੀਂ ਤੁਰ ਹੁੰਦਾ। ਅਜਿਹੇ ਮੌਕੇ ਆਪਾਂ ਸਭ ਅਜਿਹੇ ਦ੍ਰਿਸ਼ ਦੀ ਆਸ ਹੀ ਕਰ ਸਕਦੇ ਹਾਂ। ਕਾਰ ਵਾਲਾ ਸਾਈਕਲ ਸਵਾਰ ਦੇ ਗਲ਼ ਹੀ ਪਵੇਗਾ, ਗਲਤੀ ਭਾਵੇਂ ਖ਼ੁਦ ਉਸੇ ਦੀ ਹੋਵੇ। ਗੱਲ ਔਕਾਤ ਦੀ ਹੁੰਦੀ ਹੈ, ਕਾਰ ਸਵਾਰ ਅੱਗੇ ਆਮ ਬੰਦੇ ਦੀ ਕੀ ਔਕਾਤ! ਮੈਂ ਆਪਣੇ ਆਪ ਨੂੰ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਕਰ ਰਿਹਾ ਸੀ। ਸੋਚਿਆ, ਗੁਜ਼ਾਰੇ ਯੋਗ ਅੰਗਰੇਜ਼ੀ ਆਉਂਦੀ ਐ, ਡਰਨ ਦੀ ਕੀ ਲੋੜ ਐ! ਪਰ ਇਹ ਕੀ! ਤਸਵੀਰ ਅਸਲੋਂ ਵੱਖਰੀ ਸੀ।

ਕੋਟ-ਪੈਂਟ ਵਾਲਾ ਇੱਕ ਬਣਦਾ-ਫਬਦਾ ਮਨੁੱਖ ਮੇਰੇ ਅੱਗੇ ਇੱਕ ਹੱਥ ਛਾਤੀ 'ਤੇ ਰੱਖ ਕੇ ਲਿਫ਼ਿਆ ਖੜ੍ਹਾ ਸੀ। ਕਾਰ ਵਿੱਚੋਂ ਉੱਤਰ ਕੇ ਇੱਕ ਸੋਹਣੀ ਸੁਨੱਖੀ ਬੀਬੀ ਵੀ ਉਸ ਨਾਲ ਉਸੇ ਮੁਦਰਾ ਵਿੱਚ ਆ ਖੜੋਈ ਸੀ। ਮੈਂ ਸਗੋਂ ਉਨ੍ਹਾਂ ਨੂੰ ਕਹਿ ਰਿਹਾ ਸਾਂ, "ਨੋ ਨੋ ਸਰ, ਇੱਟ ਵਾਜ਼ ਮਾਈ ਫਾਲਟ ... ਕੁੱਡ ਨਾਟ ਨੋਟਿਸ ਯੂਅਰ ਕਾਰ!" ਪਰ ਉਹ ਦੋਵੇਂ ਫੇਰ ਵੀ ਵਾਰ ਵਾਰ ਮੈਥੋਂ ਮੁਆਫ਼ੀ ਮੰਗੀ ਜਾ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਕਾਰ ਵਿੱਚ ਸਨ ਤੇ ਇੱਕ ਪੈਦਲ ਵਿਅਕਤੀ ਦੀ ਸੁਰੱਖਿਆ ਉਨ੍ਹਾਂ ਦੀ ਜ਼ਿੰਮੇਵਾਰੀ ਸੀ! ਮੈਂ ਉਨ੍ਹਾਂ ਨੂੰ ਇਹ ਕਹਿਕੇ ਸ਼ਾਂਤ ਕੀਤਾ ਕਿ ਇਹ ਕੋਈ ਵੱਡਾ ਮਸਲਾ ਨਹੀਂ, ਉਹ ਆਰਾਮ ਨਾਲ ਜਾ ਸਕਦੇ ਹਨ। ਮੇਰਾ ਸਾਰਾ ਧਿਆਨ ਜਲਦੀ ਤੋਂ ਜਲਦੀ ਚੈੱਕ-ਇਨ ਕਰਵਾ ਕੇ ਸਮਾਂ ਬਚਾਉਣ ਵੱਲ ਸੀ। ਉਹ ਖੁਸ਼ ਸਨ ਕਿ ਮੈਂ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਹੈ।

ਜਦ ਮੈਂ ਚੈੱਕ-ਇਨ ਕਰਵਾ ਕੇ ਦਫਤਰ ਵਿੱਚੋਂ ਵਾਪਸ ਪੌੜੀਆਂ ਉੱਤਰਿਆ ਤਾਂ ਉੱਥੇ ਬੈਠਾ ਕੰਪਨੀ ਮੁਲਾਜ਼ਮ ਮੈਨੂੰ ਕਹਿਣ ਲੱਗਾ ਕਿ ਤੂੰ ਖ਼ੁਸ਼ਕਿਸਮਤ ਰਿਹਾ ਕਿ ਬਚ ਗਿਆ। ਮੈਂ ਫੇਰ ਕਿਹਾ ਕਿ ਇਹ ਕੋਈ ਵੱਡੀ ਗੱਲ ਨਹੀਂ। ਉਸ ਕੋਲ਼ੋਂ ਮੈਨੂੰ ਪਤਾ ਲੱਗਾ ਕਿ ਕਾਰ ਸਵਾਰ ਉਸ ਕੰਪਨੀ ਦਾ ਕੋਈ ਸੀਨੀਅਰ ਅਫਸਰ ਸੀ। ਅਹੁਦਾ ਉਸਨੇ ਦੱਸਿਆ ਸੀ ਪਰ ਮੈਨੂੰ ਯਾਦ ਨਹੀਂ ਰਿਹਾ।

ਮੈਂ ਆਪਣੇ ਟਰੱਕ ਵਿੱਚ ਆ ਕੇ ਲੰਮਾ ਪੈ ਗਿਆ ਤੇ ਵਾਪਰੀ ਇਸ ਘਟਨਾ ਬਾਰੇ ਸੋਚਣ ਲੱਗਾ। ਸੋਚਾਂ ਦੀ ਤੰਦ ਗੁਰੂ ਨਾਨਕ ਚੌਕ ਜਲੰਧਰ ਤੱਕ ਚਲੇ ਗਈ। ਤਕੜਾ ਜਾਮ ਲੱਗਾ ਹੋਇਆ ਸੀ। ਦੂਸਰੇ ਨੂੰ ਮਿੱਧ ਕੇ ਆਪਣਾ ਰਾਹ ਪੱਧਰਾ ਕਰਨ ਦੀ ਵਾਦੀ ਹਾਲਾਤ ਨੂੰ ਹੋਰ ਵੀ ਪੇਚੀਦਾ ਬਣਾ ਰਹੀ ਸੀ। ਆਪਣੇ ਮੋਟਰ ਸਾਈਕਲ 'ਤੇ ਇੱਕ ਪਾਸੇ ਖੜ੍ਹੇ ਹੋਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ। ਅਚਾਨਕ ਇੱਕ ਐੱਸ ਯੂ ਵੀ ਨੇ ਮੈਨੂੰ ਟੱਕਰ ਮਾਰ ਦਿੱਤੀ ਤੇ ਮੋਟਰ ਸਾਈਕਲ ਡਿਗ ਪਿਆ। ਮੈਂ ਕਿਉਂਕਿ ਖੜ੍ਹਾ ਸੀ, ਇਸ ਲਈ ਸੱਟ ਲੱਗਣ ਦਾ

**ਲੇਖਕ : ਇੰਦਰਜੀਤ ਚੁਗਾਵਾਂ**

ਤਾਂ ਸੁਆਲ ਈ ਨਹੀਂ ਸੀ। ਮੈਂ ਦੇਖਿਆ ਕਿ ਇੱਕ ਅਮੀਰਜ਼ਾਦਾ ਆਪਣੀ ਨਵ-ਵਿਆਹੀ ਨਾਲ ਬੈਠਾ ਮੇਰੇ ਵੱਲ ਹਿਕਾਰਤ ਭਰੀ ਨਜ਼ਰ ਨਾਲ ਦੇਖ ਰਿਹਾ ਸੀ। ਏਥੇ ਈ ਬੱਸ ਨਹੀਂ, ਉਹ ਹੌਲੀ ਹੌਲੀ ਆਪਣੀ ਗੱਡੀ ਦਾ ਦਬਾਅ ਮੇਰੇ ਮੋਟਰਸਾਈਕਲ 'ਤੇ ਵਧਾਈ ਜਾ ਰਿਹਾ ਸੀ।

ਗੱਲ ਜਲਦੀ ਹੀ ਮੇਰੀ ਸਮਝ ਵਿੱਚ ਆ ਗਈ। ਉਸਦੀ ਨਜ਼ਰ ਵਿੱਚ ਮੈਂ ਇੱਕ ਪੇਂਡੂ ਅਨਪੜ੍ਹ ਸੀ, ਜੋ ਸ਼ਹਿਰ ਦੁੱਧ ਵੇਚਣ ਆਇਆ ਹੋਇਐ। ਮੇਰੇ ਮੋਟਰ ਸਾਈਕਲ ਨਾਲ ਟੰਗੀ ਦੁੱਧ ਵਾਲੀ ਕੇਨੀ ਉਲਟ ਗਈ ਸੀ ਤੇ ਸਾਰਾ ਦੁੱਧ ਵਾਹਨਾਂ ਨਾਲ ਹਫੀ ਪਈ ਸੜਕ ਦਾ ਮੂੰਹ ਥੰਦਾ-ਤਰ ਕਰ ਰਿਹਾ ਸੀ। ਮੇਰੇ ਲਈ ਇਹ ਕੇਵਲ ਦੁੱਧ ਨਹੀਂ ਸੀ! ਇਹ ਮੇਰੀ ਹਮਸਫ਼ਰ ਪੰਮ ਦੇ ਪਸੀਨੇ ਦੀ ਪੈਦਾਵਾਰ ਸੀ! ਪਰਛਾਵੇਂ ਵਾਂਗ ਮੱਝਾਂ-ਗਾਂਵਾਂ ਦੇ ਨਾਲ ਰਹਿਕੇ, ਉਨ੍ਹਾਂ ਦੀ ਦੇਖ-ਭਾਲ ਕਰਕੇ ਬਾਲ਼ਟੀ ਦਾ ਸ਼ਿੰਗਾਰ ਬਣੇ ਦੁੱਧ ਦੀ ਕੀਮਤ ਇੱਕ ਪਸ਼ੂ-ਪਾਲਕ ਹੀ ਜਾਣਦਾ ਹੈ! ਦੂਸਰੇ ਲੋਕ ਸਿਰਫ ਦੁੱਧ ਦੀ ਕੁਆਲਟੀ ਤੇ ਕੀਮਤ ਹੀ ਜਾਣ ਸਕਦੇ ਹਨ!

ਮੇਰੀ ਮਦਦ ਲਈ ਬਹੁੜੇ ਆਸ-ਪਾਸ ਖੜ੍ਹੇ ਦੋ ਚਾਰ ਨੌਜਵਾਨਾਂ ਨੇ ਮੈਨੂੰ ਕਿਹਾ, "ਅੰਕਲ, ਤੂੰ ਇਸ਼ਾਰਾ ਤਾਂ ਕਰ ...!" ਪਰ ਨਹੀਂ, ਮੈਂ ਹੰਗਾਮਾ ਨਹੀਂ ਸੀ ਚਾਹੁੰਦਾ। ਲੋਕ ਪਹਿਲਾਂ ਹੀ ਜਾਮ ਨੇ ਪ੍ਰੇਸ਼ਾਨ ਕਰ ਰੱਖੇ ਸਨ ਪਰ ਇਹ ਹੈਂਕੜਬਾਜ਼ ਸੁੱਕਾ ਚਲੇ ਜਾਵੇ, ਇਹ ਵੀ ਨਹੀਂ ਸੀ ਚਾਹੁੰਦਾ। ਮੋਟਰ ਸਾਈਕਲ ਉਨ੍ਹਾਂ ਨੌਜਵਾਨਾਂ ਨੇ ਸਾਂਭ ਲਿਆ। ਮੈਂ ਬਿਨ ਭੜਕਾਹਟ ਉਸ ਅਮੀਰਜ਼ਾਦੇ ਕੋਲ ਗਿਆ ਤੇ ਜੇਬ ਵਿੱਚੋਂ ਆਪਣਾ ਸ਼ਨਾਖ਼ਤ ਕਾਰਡ ਕੱਢਕੇ ਉਸਦੀ ਨਵ-ਵਿਆਹੀ ਦੇ ਹੱਥ ਦੇ ਕੇ ਪਿੱਛੇ ਹੋ ਗਿਆ। ਉਸਨੇ ਸ਼ਨਾਖ਼ਤੀ ਕਾਰਡ ਆਪਣੇ ਪਤੀ ਸਾਹਿਬ ਅੱਗੇ ਕਰ ਦਿੱਤਾ ਤੇ ਕੰਨ ਫੜਕੇ ਬੈਠ ਗਈ। ਕੋਈ ਕੁੜਤਾ-ਪਜਾਮਾ ਧਾਰੀ, ਇੱਕ ਪੇਂਡੂ ਜਿਹਾ ਕਿਸੇ ਅਖਬਾਰ ਦਾ ਸਮਾਚਾਰ ਸੰਪਾਦਕ ਵੀ ਹੋ ਸਕਦੈ, ਇਹ ਗੱਲ ਉਸਦੇ ਸੁਪਨੇ ਵਿੱਚ ਵੀ ਨਹੀਂ ਆਈ ਹੋਣੀ।

ਪੈਂਟ-ਕਮੀਜ਼ ਮੇਰੀ ਪਹਿਲੀ ਪਸੰਦ ਨਹੀਂ। ਮੈਂ ਕੁੜਤੇ—ਜਾਮੇ ਵਿੱਚ ਜ਼ਿਆਦਾ ਸਹਿਜ ਮਹਿਸੂਸ ਕਰਦਾ ਹਾਂ। ਪੈਂਟ-ਕਮੀਜ਼ ਸਰਦੀਆਂ ਦੇ ਮੌਸਮ ਵਿੱਚ ਹੀ ਪਹਿਨੀ ਦੀ ਸੀ। 'ਨਵਾਂ ਜ਼ਮਾਨਾ' ਆਉਣ ਲੱਗੇ ਆਪਣੇ ਦੋਸਤ ਲਾਭ ਸਿੰਘ ਵਾਸਤੇ ਪਿੰਡੋਂ ਦੁੱਧ ਲੈ ਆਉਣਾ ਕਿਉਂਕਿ ਖ਼ਾਲਸ ਦੁੱਧ ਸ਼ਹਿਰ ਵਿੱਚ ਭਾਲਿਆਂ ਨਹੀਂ ਮਿਲਦਾ। ਜਦ ਸੁਸ਼ੀਲ-ਕਮਲ ਦੁਸਾਂਝ ਜਲੰਧਰ ਰਹਿੰਦੇ ਸਨ, ਉਨ੍ਹਾਂ ਨੂੰ ਵੀ ਮੈਂ ਦੁੱਧ ਲਿਆ ਕੇ ਦਿੰਦਾ ਸੀ। ਲਾਭ ਸਿੰਘ ਦੇ ਨਾਲ ਦੇ ਘਰ ਵਿੱਚ ਜਾਗਰਣ ਵਾਲਾ ਰਿਸ਼ੀ ਨਾਗਰ ਰਹਿੰਦਾ ਸੀ। ਉਸਨੇ ਮਜ਼ਾਕ ਵਿੱਚ ਮੈਨੂੰ ਦੇਖਕੇ ਉੱਚੀ ਆਵਾਜ਼ 'ਚ ਕਹਿਣਾ, " ਦੋਧੀ ਆ ਗਿਆ ਬਈ ਓਏ ...!" ਇਹ ਕੰਮ ਕੋਈ ਮਾੜਾ ਨਹੀਂ ਪਰ ਮੈਂ ਸਿਰਫ ਆਪਣੇਦੋਸਤਾਂ ਖਾਤਰ ਇਹ ਸੇਵਾ ਨਿਭਾਉਂਦਾ ਸੀ। ਜੋ ਲੋਕ ਮੈਨੂੰ ਨਹੀਂ ਸੀ ਜਾਣਦੇ, ਉਨ੍ਹਾਂ ਵਾਸਤੇ ਤਾਂ ਮੈਂ ਇੱਕ ਦੋਧੀ ਹੀ ਸੀ ਤੇ ਇਸ ਅਮੀਰਜ਼ਾਦੇ ਨੇ ਵੀ ਮੈਨੂੰ ਇੱਕ ਦੋਧੀ ਹੀ ਸਮਝਿਆ ਹੋਣੈਂ! ਦੋਧੀ ਦਾ ਕੀ ਐ, ਜਿਹੜਾ ਚਾਹੇ ਬੇਇੱਜ਼ਤ ਕਰਕੇ ਤੁਰਦਾ ਬਣੇ ... ਕੌਣ ਐ ਰੋਕਣ ਵਾਲਾ!

ਇਸ ਨਵ-ਵਿਆਹੇ ਜੋੜੇ ਵੱਲ ਕੌੜ ਨਾਲ ਦੇਖਦਿਆਂ ਮੈਂ ਕਿਹਾ, "ਬੁਲਾਵਾਂ ਮੀਡੀਆ?"

ਦੇਖਿਆ ਭਾਵੇਂ ਮੈਂ ਕੌੜ ਨਾਲ ਸੀ ਪਰ ਆਪਾ ਬੇਕਾਬੂ ਨਹੀਂ ਹੋਣ ਦਿੱਤਾ ਮੈਂ। ਨਵ-ਵਿਆਹੀ ਤਰਲੇ ਕਰਨ ਲੱਗੀ, ਉਹ ਖ਼ੁਦ ਜਿਵੇਂ ਮਿੱਟੀ ਹੋ ਗਿਆ ਹੋਵੇ। ਕੋਈ ਬੋਲ ਨਹੀਂ, ਨੀਵੀਂ ਪਾਈ ਸਟੀਅਰਿੰਗ ਫੜੀ ਬੈਠਾ ਰਿਹਾ। ਉਸ ਨਵ-ਵਿਆਹੀ ਨੇ ਇਹ ਕਹਿਕੇ ਮੈਨੂੰ ਗ਼ੁੱਸਾ ਚੜ੍ਹਾ ਦਿੱਤਾ, "ਅੰਕਲ, ਜੇ ਸਾਨੂੰ ਪਤਾ ਹੁੰਦਾ ਕਿ ਤੁਸੀਂ ਪੱਤਰਕਾਰ ਓ, ਅਸੀਂ ਭਲਾ ਇਸ ਤਰ੍ਹਾਂ ਕਰ ਸਕਦੇ ਸੀ!"

ਕਮਾਲ ਦੀ ਗੱਲ ਨਹੀਂ ... ਉਹ ਮੁਆਫ਼ੀ ਇਸ ਕਰਕੇ ਨਹੀਂ ਸੀ ਮੰਗ ਰਹੀ ਕਿ ਉਨ੍ਹਾਂ ਨੇ ਇੱਕ ਮਨੁੱਖ ਨੂੰ ਗੱਡੀ ਹੇਠ ਦੇਣ ਦੀ ਭੁੱਲ ਕੀਤੀ ਸੀ, ਮੁਆਫ਼ੀ ਇਸ ਕਰਕੇ ਮੰਗੀ ਜਾ ਰਹੀ ਸੀ ਕਿ ਉਨ੍ਹਾਂ ਇੱਕ ਰਸੂਖਦਾਰ ਸਮਝੇ ਜਾਂਦੇ ਭਾਈਚਾਰੇ ਦੇ ਇੱਕ ਮੈਂਬਰ ਨਾਲ ਆਢਾ ਲੈ ਲਿਆ ਹੈ।

ਖਿਝ ਤਾਂ ਬਹੁਤ ਆਈ ਪਰ ਹਾਲਾਤ ਜ਼ਬਤ ਵਿੱਚ ਰਹਿਣ ਦੀ ਮੰਗ ਕਰ ਰਹੇ ਸਨ। ਆਪਣਾ ਗ਼ੁੱਸਾ ਕੱਢਣ ਲਈ ਮੈਂ ਉਨ੍ਹਾਂ ਦੋਹਾਂ ਨੂੰ ਸੁਆਲ ਕੀਤਾ, "ਸਕੂਲੇ ਵੀ ਗਏਂ ਓਂ ਕਦੇ?"

ਉਹ ਬੰਦਾ ਤਾਂ ਘੁੱਗੂ-ਬਾਟਾ ਬਣਿਆਂ ਬੈਠਾ ਸੀ, ਨਵ-ਵਿਆਹੀ ਨੇ ਹੀ ਜੁਆਬ ਦਿੱਤਾ, "ਅੰਕਲ, ਮੈਂ ਐਮ ਐੱਸਸੀ ਹਾਂ ਤੇ ਇਹ ਵੀ ਪੋਸਟ ਗ੍ਰੈਜੂਏਟ ਹਨ।"

ਮੈਂ ਇਹ ਕਹਿਕੇ ਆਪਣਾ ਮੋਟਰ ਸਾਈਕਲ ਸਾਂਭਿਆ, "ਪੋਸਟਗ੍ਰੈਜੂਏਟ ਭਾਵੇਂ ਤੁਸੀਂ ਦੋਵੇਂ ਈ ਓ ਪਰ ਸਕੂਲੇ ਤੁਸੀਂ ਇੱਕ ਦਿਨ ਵੀ ਨਹੀਂ ਗਏ। ਬਜ਼ਾਰੋਂ ਕਾਇਦਾ ਲੈ ਕੇ ਊੜਾ-ਐੜਾ ਮੁੜ ਤੋਂ ਪੜ੍ਹਿਓ ...!" ਉਹ ਮੇਰੇ ਵੱਲ ਸਵਾਲੀਆ ਨਜ਼ਰ ਨਾਲ ਤੱਕ ਰਹੀ ਸੀ। ਉਹਨੂੰ ਸ਼ਾਇਦ ਕਾਇਦੇ ਦਾ ਮਤਲਬ ਈ ਨਹੀਂ ਸੀ ਸਮਝ ਆਇਆ, ਊੜਾ ਐੜਾ ਤਾਂ ਦੂਰ ਦੀ ਗੱਲ ਸੀ।

ਇਹ ਸਭ ਕਾਫ਼ੀ ਦੇਰ ਇੱਕ ਫਿਲਮ ਵਾਂਗ ਜ਼ਿਹਨ ਵਿੱਚ ਚੱਲਦਾ ਰਿਹਾ। ਮੈਂ ਸੋਚ ਰਿਹਾ ਹਾਂ ਕਿ ਚੱਜ-ਆਚਾਰ, ਸ਼ਿਸ਼ਟਾਚਾਰ ਸਾਡੇ ਸੱਭਿਆਚਾਰ ਵਿੱਚੋਂ ਖੰਭ ਲਾ ਕੇ ਕਿੱਥੇ ਉਡ ਗਏ ਹਨ। ਕੋਠੀਆਂ, ਕਾਰਾਂ ਤਾਂ ਖ਼ੂਬ ਨਜ਼ਰੀਂ ਪੈਂਦੀਆਂ ਹਨ ਪਰ ਘਰ ਨਹੀਂ ਨਜ਼ਰ ਆ ਰਹੇ ਜਿਨ੍ਹਾਂ ਦੀ ਛੱਤਾਂ ਹੇਠ ਮਨੁੱਖ ਦਾ ਵਾਸਾ ਹੁੰਦਾ ਸੀ ...! ਇਹ ਸਵਾਲ ਵਾਰ ਵਾਰ ਜ਼ਿਹਨ ਵਿੱਚ ਸਿਰ ਚੁੱਕ ਰਿਹੈ ਕਿ ਸਾਨੂੰ ਊੜੇ-ਐੜੇ ਵਾਲੇ ਕਾਇਦੇ ਵੱਲ ਫੇਰ ਤੋਂ ਮੁੜਨ ਦੀ ਲੋੜ ਤਾਂ ਨਹੀਂ ਹੈ?

# ਸ਼ਰਧਾ

ਸਾਡਾ ਮਨ ਵੀ ਬੜੀ ਅਜ਼ੀਬ ਸ਼ੈਅ ਹੈ। ਇੱਕ ਪਲ ਵਿੱਚ ਹੀ ਪਤਾ ਨਹੀਂ ਕਿਧਰੋਂ ਕਿੱਧਰ ਤਕ ਘੁੰਮ ਆਉਂਦਾ ਹੈ। ਜਿਸ ਤਰ੍ਹਾਂ ਪਤਝੜ ਦੇ ਪੱਤੇ ਹਵਾ ਦੇ ਇੱਕ ਬੁੱਲੇ ਨਾਲ ਸੰਵਰੇ ਸੰਵਾਰੇ ਵਿਹੜੇ ਵਿੱਚ ਅਚਾਨਕ ਆ ਕੇ ਤੁਹਾਡੇ ਸਾਹਮਣੇ ਆ ਕੇ ਰੁਕ ਜਾਂਦੇ ਹਨ, ਉਸੇ ਤਰ੍ਹਾਂ ਮਨ ਵਿੱਚ ਸਾਂਭੀਆਂ ਪੁਰਾਣੀਆਂ ਯਾਦਾਂ ਚੁੱਪ ਚੁਪੀਤੀਆਂ ਇਹਨਾਂ ਪੱਤਿਆਂ ਦੀ ਤਰ੍ਹਾਂ ਤੁਹਾਡੀਆਂ ਅੱਖਾਂ ਸਾਹਮਣੇ ਆਣ ਖੜ੍ਹੀਆਂ ਹੋ ਜਾਂਦੀਆਂ ਹਨ। ਅੱਜ ਵੀ ਇੱਕ ਅਜਿਹੀ ਘਟਨਾ ਯਾਦ ਆ ਗਈ ਹੈ, ਜੋ ਹੈ ਤਾਂ ਬਹੁਤ ਵਰ੍ਹੇ ਪਹਿਲਾਂ ਦੀ, ਪਰ ਅੱਜ ਦੇ ਸਮੇਂ ਵਿੱਚ ਵੀ ਬਹੁਤ ਮਹੱਤਤਾ ਰੱਖਦੀ ਹੈ।

ਸਾਡੇ ਆਪਣੇ ਨੇੜਲਿਆਂ ਵਿੱਚੋਂ ਲੱਗਦੇ ਵੀਰ ਨੇ ਆਪਣੇ ਤਿੰਨ ਹੋਰ ਦੋਸਤਾਂ ਨਾਲ ਕੁਝ ਦਿਨਾਂ ਲਈ ਬਾਹਰ ਘੁੰਮਣ ਜਾਣ ਦੀ ਸਲਾਹ ਬਣਾਈ। ਉਹਨਾਂ ਨੇ ਕਿਸੇ ਰਮਣੀਕ ਪਹਾੜੀ ਸਥਾਨ 'ਤੇ ਕੁਝ ਦਿਨ ਗੁਜ਼ਾਰਨੇ ਸਨ। ਸਾਰੀ ਸਕੀਮ ਬਣਾ ਕੇ ਜਦੋਂ ਉਹ ਘਰੋਂ ਤੁਰਨ ਲੱਗੇ ਤਾਂ ਵੀਰ ਦਾ ਇੱਕ ਦੋਸਤ ਕਹਿਣ ਲੱਗਾ, "ਆਪਾਂ ਨੂੰ ਮੰਜ਼ਲ 'ਤੇ ਪਹੁੰਚਣ ਲਈ ਇੱਕ ਰਾਤ ਰਾਹ ਵਿੱਚ ਰਹਿਣਾ ਪਵੇਗਾ। ਆਪਾਂ ਉਹ ਰਾਤ ਮੇਰੇ ਬਚਪਨ ਦੇ ਯਾਰ ਸਾਧੂ ਕੋਲ ਰਹਾਂਗੇ। ਭਾਵੇਂ ਮਾਪਿਆਂ ਨੇ ਤਾਂ ਉਸ ਦਾ ਨਾਂ ਸੁਤੇ-ਸਿੱਧ ਹੀ ਸਾਧੂ ਰੱਖਿਆ ਸੀ ਪਰ ਉਹ ਤਾਂ ਸੱਚਮੁੱਚ ਹੀ ਸਾਧੂ ਬਣ ਗਿਆ ਹੈ। ... ਛੋਟੀ ਉਮਰ ਵਿੱਚ ਹੀ ਉਹ ਇੱਕ ਡੇਰੇ ਦੇ ਮੁਖੀ ਦਾ ਸ਼ਰਧਾਲੂ ਬਣ ਗਿਆ ਤੇ ਅੱਜ ਕੱਲ੍ਹ ਉਸ ਡੇਰੇ ਦਾ ਮਾਲਕ ਹੈ। ਉਸ ਡੇਰੇ ਦੇ ਮੰਨਤਾਂ ਕਰਨ ਵਾਲੇ ਭਗਤਾਂ ਦੀ ਗਿਣਤੀ ਲੱਖਾਂ ਵਿੱਚ ਹੈ।"

ਵੀਰੇ ਨੇ ਵਾਪਸ ਆ ਕੇ ਸਾਨੂੰ ਉਸ ਸਾਧੂ ਦੇ ਡੇਰੇ ਦੀਆਂ ਗੱਲਾਂ ਸੁਣਾਈਆਂ ਸਨ। ਉਸ ਨੇ ਦੱਸਿਆ ਸੀ:

ਅਸੀਂ ਆਥਣੇ ਜਿਹੇ ਡੇਰੇ ਵਿੱਚ ਪਹੁੰਚ ਗਏ। ਨੀਮ ਪਹਾੜੀ ਇਲਾਕੇ ਵਿੱਚ ਨਦੀ ਦੇ ਕੰਢੇ ਬਣਿਆ, ਚਾਰ ਚੁਫੇਰੇ ਸੰਘਣੇ ਹਰਿਆਲੇ ਰੁੱਖਾਂ ਨਾਲ ਭਰਿਆ ਹੋਇਆ ਇਹ ਡੇਰਾ ਬਹੁਤ ਖ਼ੂਬਸੂਰਤ ਜਗ੍ਹਾ 'ਤੇ ਹੈ। ਆਸੇ ਪਾਸੇ ਦੇ ਮਨਮੋਹਕ ਦ੍ਰਿਸ਼ਾਂ ਨੇ ਤਾਂ ਸਾਨੂੰ ਕੀਲ ਹੀ ਲਿਆ। ਡੇਰੇ ਦੇ ਅੰਦਰ ਜਾ ਕੇ ਹਰ ਤਰ੍ਹਾਂ ਦੀਆਂ ਮਿਲਦੀਆਂ ਸਹੂਲਤਾਂ, ਸਾਡਾ ਇੱਥੇ ਰਹਿਣ ਦਾ ਕੀਤਾ ਫੈਸਲਾ ਸਹੀ ਸਾਬਤ ਕਰ ਰਹੀਆਂ ਸਨ।

ਜਿਉਂ ਹੀ ਸੂਰਜ ਨੇ ਕਿਸੇ ਹੋਰ ਦੇਸ ਵਿੱਚ ਹਨੇਰੇ ਨੂੰ ਲੋਅ ਵਿੱਚ ਬਦਲਣ ਲਈ ਇਸ ਖਿੱਤੇ ਵਿੱਚੋਂ ਵਿਦਾ ਲਈ ਤਾਂ ਸਾਨੂੰ ਅਟੈਚੀ ਵਿੱਚ ਪਈ ਬੋਤਲ ਸੈਨਤਾਂ ਮਾਰਨ ਲੱਗ ਪਈ। ਅਸੀਂ ਆਪਣੇ ਦੋਸਤ ਨੂੰ ਹੁੰਝਾ ਮਾਰਨ ਲੱਗ ਪਏ ਕਿ ਹੁਣ ਆਪਣੇ ਯਾਰ ਸਾਧੂ ਕੋਲੋਂ ਇਜਾਜ਼ਤ ਲੈ ਲਵੇ। ਖਹਿੜਾ ਨਾ ਛੁੱਟਦਾ ਦੇਖ ਕੇ ਦੋਸਤ ਸਾਧੂ ਨੂੰ ਆਪਣੇ ਕੋਲ ਸੱਦ ਕੇ ਕਹਿਣ ਲੱਗਾ, "ਮਹਾਤਮਾ ਜੀ, ਅਸੀਂ ਤਾਂ ਘਰੋਂ ਚਾਰ ਦਿਨ ਸ਼ੁਗਲ-ਮੇਲਾ ਕਰਨ ਆਏ ਹਾਂ। ਸਾਨੂੰ ਕੋਈ ਅਜਿਹੀ ਥਾਂ ਦੱਸੋ, ਜਿੱਥੇ ਬੈਠ ਕੇ ਘੁੱਟ ਘੁੱਟ ਪੀ ਕੇ ਥਕੇਵਾਂ ਲਾਹ ਲਈਏ।"

ਸਾਧੂ ਸਾਨੂੰ ਇੱਕ ਕਮਰੇ ਵਿੱਚ ਲੈ ਗਿਆ। ਦਰਵਾਜਾ ਭੇੜ ਕੇ ਉਹ ਸਾਡੇ ਕੋਲ ਹੀ ਬੈਠ ਗਿਆ। ਅਸੀਂ ਬੋਤਲ ਕੱਢ ਕੇ ਚਹੁੰ ਗਲਾਸਾਂ ਵਿੱਚ ਪਾ ਲਈ ਤਾਂ ਸਾਡਾ ਮਿੱਤਰ ਆਪਣੇ ਦੋਸਤੀ ਵਾਲੇ ਲਹਿਜ਼ੇ ਵਿੱਚ ਪੁੱਛਣ ਲੱਗਾ, "ਸਾਧੂ, ਲਵੇਂਗਾ ਤੂੰ ਵੀ ਦੋ ਘੁੱਟਾਂ?" "ਲੇ ਲੇਂਗੇ" ਸਾਧੂ ਦਾ ਜਵਾਬ ਸੀ।

ਅਸੀਂ ਅਜੇ ਗਲਾਸ ਚੁੱਕੇ ਹੀ ਸੀ ਕਿ ਇੱਕ ਭਗਤ ਨੇ ਦਰਵਾਜ਼ੇ ਨੇ ਦਰਵਾਜਜਾ ਖਟਖਟਕਾਇਆ ਅਤੇ ਬਿਨਾਂ ਜਵਾਬ ਦੀ ਉਡੀਕ ਕੀਤਿਆਂ ਦਰਵਾਜਾ ਖੋਲ੍ਹ ਕੇ ਅੰਦਰ ਆ ਗਿਆ। ਅਸੀਂ ਝੱਟ ਗਲਾਸ ਆਸੇ ਪਾਸੇ ਰੱਖਣ ਲੱਗ ਪਏ ਪਰ ਸਾਧੂ ਨੇ ਆਪਣਾ ਗਲਾਸ ਹੱਥ ਵਿੱਚ ਫੜੀ ਰੱਖਿਆ। ਸਾਨੂੰ ਬੜੀ ਨਮੋਸ਼ੀ ਹੋਈ। ਜਿਉਂ ਹੀ ਭਗਤ ਵਾਪਸ ਗਿਆ, ਦੋਸਤ ਕਹਿਣ

**ਲੇਖਕ : ਸ਼ਵਿੰਦਰ ਕੌਰ**

ਲੱਗਾ, "ਯਾਰ ਅਸੀਂ ਐਵੇਂ ਤੈਨੂੰ ਪਾ ਦਿੱਤੀ, ਭਗਤ ਕੀ ਸੋਚੇਗਾ?"

"ਸ਼ਰਧਾ ਅੰਧੀ ਹੋਤੀ ਹੈ। ਅੰਧਾ ਭਗਤ ਸੋਚਤਾ ਨਹੀਂ ਹੈ।" ਸਾਧੂ ਨੇ ਸਹਿਜ ਨਾਲ ਜਵਾਬ ਦਿੱਤਾ।

"ਪਰ ਗਲਾਸ ਤਾਂ ਤੇਰੇ ਹੱਥ ਵਿੱਚ ਸੀ...।" ਮੈਂ ਹੈਰਾਨੀ ਨਾਲ ਕਿਹਾ।

"ਉਸ ਕੋ ਯੇ ਦਿਖਾਈ ਨਹੀਂ ਦੀਆ ਹੋਗਾ।" ਸਾਧੂ ਦਾ ਜਵਾਬ ਸੀ।

"ਪਰ ਸਾਹਮਣੇ ਰੰਮ ਵਾਲੀ ਬੋਤਲ ਤਾਂ ਪਈ ਸੀ।" ਮੇਰੇ ਕੋਲੋਂ ਫਿਰ ਕਿਹਾ ਗਿਆ।

"ਅਗਰ ਉਸ ਨੇ ਯੇ ਦੇਖ ਭੀ ਲੀ ਹੋਗੀ ਤੋਂ ਵੋ ਸੋਚੇਗਾ ਕਿ ਮਹਾਤਮਾ ਕਾ ਯੇਹ ਭੀ ਕੋਈ ਕੌਤਕ ਹੋਗਾ।"

ਅੱਜ ਜਦੋਂ ਥਾਂ ਥਾਂ ਉੱਗੇ ਡੇਰਿਆਂ ਅਤੇ ਧਾਰਮਿਕ ਸਥਾਨਾਂ 'ਤੇ ਮੱਥੇ ਰਗੜਦੇ ਲੋਕ ਆਪ ਦਿਨੋ-ਦਿਨ ਰੋਟੀ ਤੋਂ ਆਤਰ ਹੁੰਦੇ ਜਾ ਰਹੇ ਹਨ ਪਰ ਦੇਰਿਆਂ ਦੀ ਸੰਪਤੀ ਕਰੋੜਾਂ ਅਰਬਾਂ ਵਿੱਚ ਵਧ-ਫੁੱਲ ਰਹੀ ਹਨ ਤਾਂ ਸਾਧੂ ਦੀ ਕਹੀ ਇਹ ਗੱਲ ਸੱਚ ਲੱਗ ਰਹੀ ਹੈ।

ਇਸੇ ਤਰ੍ਹਾਂ ਫਿਲਮੀ ਚਕਾਚੌਂਧ ਦੇ ਹੀਰੋ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ ਦੀਆਂ ਮਸ਼ਹੂਰੀਆਂ ਦੇ ਕੇ ਆਪ ਕਰੋੜਾਂ ਰੁਪਏ ਕਮਾਉਂਦੇ ਹਨ ਪਰ ਅਸੀਂ ਲੋਕ ਬਿਨਾਂ ਸੋਚੇ ਸਮਝੇ ਉਹਨਾਂ ਵਸਤਾਂ ਨੂੰ ਖਰੀਦਣ ਲਈ ਉਤਾਵਲੇ ਹੋ ਜਾਂਦੇ ਹਾਂ।

ਸਾਡੇ ਸਿਆਸੀ ਰਹਿਬਰ ਆਪਣੀਆਂ ਕੁਰਸੀਆਂ ਕਾਇਮ ਰੱਖਣ ਲਈ ਅਜਿਹੇ ਭਾਸ਼ਣ ਦਿੰਦੇ ਹਨ ਜਾਂ ਸ਼ੋਸ਼ੇ ਛੱਡਦੇ ਹਨ ਕਿ ਸਾਡਾ ਧਿਆਨ ਅਸਲ ਮੁੱਦਿਆਂ, ਜਿਵੇਂ ਛਾਲਾਂ ਮਾਰਦੀ ਮਹਿੰਗਾਈ, ਨਾਕਸ ਸਿਹਤ ਸਹੂਲਤਾਂ, ਚਰਮਰਾ ਰਿਹਾ ਵਿੱਦਿਅਕ ਢਾਂਚਾ, ਵਿਗੜੀ ਕਾਨੂੰਨ ਵਿਵਸਥਾ, ਭ੍ਰਿਸ਼ਟਾਚਾਰ ਤੋਂ ਭਟਕਾ ਕੇ ਜਾਤ-ਪਾਤ, ਧਰਮ ਦੇ ਨਾਂ 'ਤੇ ਵੰਡੀਆਂ ਪਾ ਕੇ ਲੋਕਾਂ ਵਿੱਚ ਨਫ਼ਰਤ ਪੈਦਾ ਕਰ ਰਹੇ ਹਨ। ਅਸੀਂ ਉਨ੍ਹਾਂ ਦੀ ਲਾਲਸਾ ਨੂੰ ਅੱਖਾਂ ਤੋਂ ਪਰੋਖੇ ਕਰ ਕੇ ਅੰਨ੍ਹੇ ਵਾਹ ਉਹਨਾਂ ਦੇ ਮਗਰ ਲੱਗ ਰਹੇ ਹਾਂ।

ਕੁਰਸੀ ਦੀ ਖਾਤਰ ਸਿਆਸੀ ਫਿਜ਼ਾ ਨੂੰ ਆਪਣੇ ਹੱਕ ਵਿੱਚ ਬਣਾਉਣ ਲਈ ਝੂਠ ਦਾ ਸਹਾਰਾ ਲੈਣ ਸਮੇਂ ਇਹ ਲੋਕ ਹਰ ਤਰ੍ਹਾਂ ਦੀਆਂ ਹੱਦਾਂ ਟੱਪ ਜਾਂਦੇ ਹਨ। ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨੂੰ ਪੰਜਾਬ ਆਮਦ 'ਤੇ ਕਿਸੇ ਨੇ ਓਏ ਤਕ ਨਹੀਂ ਕਿਹਾ ਪਰ ਉਸ ਦੀ ਸੁਰੱਖਿਆ ਨੂੰ ਲੈ ਕੇ ਉਹ ਰੌਲਾ ਪਾਇਆ ਗਿਆ ਕਿ ਪੁੱਛੋ ਹੀ ਨਾ। ਲੋਕ ਬਿਨਾਂ ਸੱਚ ਨੂੰ ਜਾਣੇ ਹਰ ਤਰ੍ਹਾਂ ਦੀਆਂ ਧਾਰਮਿਕ ਰਸਮਾਂ ਜਿਵੇਂ ਹਵਨ ਆਦਿ ਉਸ ਦੀ ਲੰਮੀ ਉਮਰ ਲਈ ਕਰਵਾ ਰਹੇ ਹਨ।

ਆਖ਼ਿਰ ਉਹ ਸੁਲੱਖਣੀ ਘੜੀ ਕਦ ਆਵੇਗੀ ਜਦ ਅਸੀਂ ਆਪਣੇ ਸਿਰਾਂ ਤੋਂ ਕੰਮ ਲੈ ਕੇ ਇਹਨਾਂ ਅਖੌਤੀ ਰਹਿਬਰਾਂ ਦੀ ਅਸਲੀਅਤ ਨੂੰ ਪਛਾਣ ਕੇ ਆਮ ਲੋਕਾਈ ਦੀ ਜ਼ਿੰਦਗੀ ਦਾ ਪੱਧਰ ਉੱਚਾ ਚੁੱਕਣ ਦਾ ਯਤਨ ਕਰਾਂਗੇ?

# ਸਿੱਖਿਆ ਦਾ ਮਾਧਿਅਮ ਬਣੇ ਮਾਂ-ਬੋਲੀ

ਲੇਖਕ : ਦਵਿੰਦਰ ਕੌਰ ਖੁਸ਼ ਧਾਲੀਵਾਲ, ਸੰਪਰਕ: 88472-27740

ਭਾਰਤ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਅੰਗਰੇਜ਼ੀ ਭਾਸ਼ਾ ਦਾ ਦਬਦਬਾ ਬਰਕਰਾਰ ਹੈ ਅਤੇ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਭਾਰਤੀ ਉਪਮਹਾਂਦੀਪ ਵਿੱਚ ਵਸਦੇ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਦੀਆਂ ਭਾਸ਼ਾਵਾਂ ਨੂੰ ਅੰਗਰੇਜ਼ੀ ਨੇ ਨੁੱਕਰੇ ਲਾ ਛੱਡਿਆ ਹੈ। ਸਭ ਸੂਬਿਆਂ ਅਤੇ ਕੇਂਦਰੀ ਪੱਧਰ 'ਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਅੰਗਰੇਜ਼ੀ ਹੈ। ਉਚੇਰੀ ਸਿੱਖਿਆ, ਖ਼ਾਸ ਕਰਕੇ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਦਾ ਮਾਧਿਅਮ ਵੀ ਅੰਗਰੇਜ਼ੀ ਹੀ ਹੈ। ਨੌਕਰੀਆਂ ਅਤੇ ਉੱਚ ਸਿੱਖਿਆ ਲਈ ਲਗਭਗ ਸਾਰੀਆਂ ਪ੍ਰੀਖਿਆਵਾਂ ਦਾ ਮਾਧਿਅਮ ਵੀ ਅੰਗਰੇਜ਼ੀ ਹੈ। ਭਾਰਤ ਵਿੱਚ ਚੰਗੇ ਕਰੀਅਰ ਦਾ ਰਾਹ ਚੰਗੀ ਅੰਗਰੇਜ਼ੀ ਰਾਹੀਂ ਲੰਘਦਾ ਹੈ। ਅੱਜ ਅੰਗਰੇਜ਼ੀ ਇੱਕ ਫੈਸ਼ਨ ਅਤੇ ਸਮਾਜਿਕ ਮਾਣ ਸਨਮਾਨ ਦਾ ਇੱਕ ਚਿੰਨ੍ਹ ਹੈ।

ਪੰਜਾਬੀ ਭਾਸ਼ਾ ਦੇ ਸੰਦਰਭ 'ਚ ਗੱਲ ਕਰਨੀ ਹੋਵੇ ਤਾਂ ਅਸੀਂ ਦੂਹਰੀ ਗ਼ੁਲਾਮੀ ਦੇ ਸ਼ਿਕਾਰ ਹਾਂ। ਅਸੀਂ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਦੀ ਗ਼ੁਲਾਮੀ ਵੀ ਹੰਢਾ ਰਹੇ ਹਾਂ। ਪੰਜਾਬ ਦੇ ਕਈ ਸ਼ਹਿਰੀ ਖੇਤਰਾਂ ਵਿੱਚ ਅੱਜ ਹਿੰਦੀ ਅਖ਼ਬਾਰਾਂ ਦੀ ਸਰਕੂਲੇਸ਼ਨ ਪੰਜਾਬੀ ਅਖ਼ਬਾਰਾਂ ਨੂੰ ਪਿੱਛੇ ਛੱਡ ਗਈ ਹੈ ਅਤੇ ਕਈ ਥਾਵੇਂ ਬਰਾਬਰ ਦੀ ਟੱਕਰ ਦੇ ਰਹੀ ਹੈ। ਇਸ ਦੀ ਇੱਕ ਵਜ੍ਹਾ ਤਾਂ ਇਹ ਹੈ ਕਿ ਪੰਜਾਬ ਦੇ ਸ਼ਹਿਰਾਂ ਵਿੱਚ ਹਿੰਦੀ ਭਾਸ਼ੀ ਆਬਾਦੀ ਵੱਡੀ ਗਿਣਤੀ 'ਚ ਆਣ ਵਸੀ ਹੈ। ਨਿਸ਼ਚੇ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਅਖ਼ਬਾਰ ਅਤੇ ਜਾਣਕਾਰੀ ਦੇ ਹੋਰ ਸਾਧਨ ਮੁਹੱਈਆ ਹੋਣਾ ਗ਼ਲਤ ਨਹੀਂ ਹੈ। ਇਸ ਦੀ ਦੂਜੀ ਵਜ੍ਹਾ ਇਹ ਹੈ ਕਿ ਅੱਜ ਪੰਜਾਬ ਦਾ ਮੱਧ ਵਰਗ ਅਤੇ ਖ਼ਾਸਕਰ ਸ਼ਹਿਰੀ ਮੱਧ ਵਰਗ ਆਪਣੀ ਮਾਂ ਬੋਲੀ ਨਾਲ ਗੱਦਾਰੀ ਕਰ ਗਿਆ ਹੈ। ਉਹ ਅੰਗਰੇਜ਼ੀ ਹਿੰਦੀ ਮਗਰ ਦੌੜ ਰਿਹਾ ਹੈ। ਇਨ੍ਹਾਂ ਘਰਾਂ 'ਚ ਬੱਚਿਆਂ ਨੂੰ ਬਚਪਨ ਤੋਂ ਹੀ ਅੰਗਰੇਜ਼ੀ ਤੇ ਦੂਜੇ ਨੰਬਰ 'ਤੇ ਹਿੰਦੀ ਬੋਲਣ ਦੀ ਆਦਤ ਪਾਈ ਜਾ ਰਹੀ ਹੈ। ਪੰਜਾਬੀ ਬੋਲਣ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ। ਪੰਜਾਬ ਦਾ ਮੱਧ ਵਰਗ (ਸ਼ਹਿਰੀ) ਹੁਣ ਅੰਗਰੇਜ਼ੀ ਜਾਂ ਹਿੰਦੀ ਬੋਲਣ 'ਚ ਹੀ ਮਾਣ ਸਮਝਦਾ ਹੈ।

ਹਿੰਦੀ ਭਾਰਤ ਦੇ ਬਹੁਤ ਵੱਡੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਭਾਰਤ ਦੇ ਹਾਕਮ ਇਸ ਨੂੰ ਕੌਮੀ ਭਾਸ਼ਾ ਕਹਿੰਦੇ ਹਨ, ਪਰ ਇਹ ਦੇਸ਼ ਵਿੱਚ ਸਰਕਾਰੀ ਕੰਮਕਾਜ ਦੀ ਭਾਸ਼ਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਦੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕਾਂ 'ਤੇ ਹਿੰਦੀ ਥੋਪਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਖ਼ਾਸਕਰ ਦੱਖਣੀ ਸੂਬਿਆਂ 'ਚ ਜ਼ਬਰਦਸਤ ਵਿਰੋਧ ਹੋਇਆ। ਜਦ ਭਾਰਤ ਹੀ ਇੱਕ ਕੌਮ ਨਹੀਂ ਤਾਂ ਇਸ ਦੀ ਕੋਈ ਕੌਮੀ ਭਾਸ਼ਾ ਵੀ ਨਹੀਂ ਹੋ ਸਕਦੀ। ਭਾਰਤੀ ਉਪ-ਮਹਾਂਦੀਪ ਕਈ ਕੌਮੀਅਤਾਂ ਦਾ ਘਰ ਹੈ। ਸਾਂਝੇ ਖਿੱਤੇ ਅਤੇ ਸਾਂਝੇ ਸੱਭਿਆਚਾਰ ਤੋਂ ਇਲਾਵਾ ਭਾਸ਼ਾ ਉਹ ਅਹਿਮ ਅੰਗ ਹੈ ਜੋ ਮਿਲ ਕੇ ਕਿਸੇ ਕੌਮੀਅਤ ਦੀ ਰਚਨਾ ਕਰਦੇ ਹਨ। ਇਸ ਲਈ ਵੱਖ-ਵੱਖ ਕੌਮੀਅਤਾਂ ਦੀਆਂ ਭਾਸ਼ਾਵਾਂ ਨੂੰ ਦਬਾਏ ਜਾਣ ਦਾ ਜ਼ਬਰਦਸਤ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਹਾਂ, ਭਾਰਤ 'ਚ ਵਸਦੀਆਂ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ ਆਪਸ ਵਿੱਚ ਸੰਚਾਰ ਕਰਨ ਲਈ ਇੱਕ ਸੰਪਰਕ ਭਾਸ਼ਾ ਦੀ ਲੋੜ ਜ਼ਰੂਰ ਹੈ। ਆਪਣੇ ਭੂਗੋਲਿਕ ਪਸਾਰੇ ਕਾਰਨ ਹਿੰਦੀ ਅਜਿਹੀ ਸੰਪਰਕ ਭਾਸ਼ਾ ਵਜੋਂ ਸਭ ਤੋਂ ਯੋਗ ਹੋ ਸਕਦੀ ਹੈ, ਪਰ ਇਸ ਦੀ ਚੋਣ ਵੀ ਭਾਰਤ ਦੀਆਂ ਸਭ ਕੌਮੀਅਤਾਂ ਦੇ ਲੋਕਾਂ ਦੀ ਆਪਸੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ।

ਪੰਜਾਬ ਵਿੱਚ ਅੱਜ ਅਜਿਹੇ ਸਕੂਲ ਵੀ ਹਨ ਜਿੱਥੇ ਪੰਜਾਬੀ ਬੋਲਣ ਉੱਪਰ ਪਾਬੰਦੀ ਹੈ। ਨਿਸ਼ਚੇ ਹੀ ਭਾਰਤ ਦੇ ਹੋਰਨਾਂ ਸੂਬਿਆਂ 'ਚ ਵੀ ਅਜਿਹੇ ਸਕੂਲ ਹੋਣਗੇ ਜਿੱਥੇ ਬੱਚਿਆਂ ਦੇ ਮਾਂ ਬੋਲੀ ਬੋਲਣ 'ਤੇ ਪਾਬੰਦੀ ਹੋਵੇਗੀ। ਅਜਿਹੇ ਸਕੂਲਾਂ ਬਾਰੇ ਜਾਣ ਕੇ ਕੀਨੀਆ ਦੇ ਲੇਖਕ ਨਗੂਗੀ ਵਾ ਥਯੋਂਗੋ ਦੇ ਬੋਲ ਯਾਦ ਆਉਂਦੇ ਹਨ। ਨਗੂਗੀ ਦਾ ਕਹਿਣਾ ਹੈ ਕਿ ਜਦੋਂ ਉਸ ਦਾ ਦੇਸ਼ ਬ੍ਰਿਟੇਨ ਦਾ ਗ਼ੁਲਾਮ ਸੀ, ਜਿਹੜੇ ਸਕੂਲ ਵਿੱਚ ਉਹ ਬਚਪਨ ਵਿੱਚ ਪੜ੍ਹਦਾ ਸੀ, ਉੱਥੇ ਬੱਚਿਆਂ 'ਤੇ ਸਥਾਨਕ ਭਾਸ਼ਾ (ਗਿਕਯੂ) ਬੋਲਣ 'ਤੇ ਪਾਬੰਦੀ ਸੀ। ਜੇਕਰ ਬੱਚੇ ਕਦੇ ਗ਼ਲਤੀ ਨਾਲ ਵੀ ਆਪਣੀ ਮਾਂ ਬੋਲੀ 'ਚ ਗੱਲ ਕਰ ਲੈਂਦੇ ਤਾਂ ਉਨ੍ਹਾਂ ਨੂੰ ਬੈਂਤਾਂ ਨਾਲ ਕੁੱਟਿਆ ਜਾਂਦਾ ਸੀ। ਬੱਚੇ ਦੇ ਮੂੰਹ 'ਚ ਕਾਗਜ਼ ਤੁੰਨ ਦਿੱਤੇ ਜਾਂਦੇ ਸਨ, ਫਿਰ ਇੱਕ ਬੱਚੇ ਦੇ ਮੂੰਹ 'ਚੋਂ ਉਹ ਕਾਗਜ਼ ਕੱਢ ਕੇ ਦੂਸਰੇ ਬੱਚੇ ਦੇ ਮੂੰਹ ਵਿੱਚ ਤੁੰਨੇ ਜਾਂਦੇ ਸਨ, ਫਿਰ ਇਹੀ ਕਾਗਜ਼ ਤੀਸਰੇ, ਫਿਰ ਚੌਥੇ ਅਤੇ ਅੱਗੇ ਉਨ੍ਹਾਂ ਸਭ ਬੱਚਿਆਂ ਦੇ ਵਿੱਚ ਇਹ ਜੂਠੇ ਕਾਗਜ਼ ਦਿੱਤੇ ਜਾਂਦੇ ਸਨ, ਜਿਨ੍ਹਾਂ ਆਪਣੀ ਮਾਂ ਬੋਲੀ ਬੋਲਣ ਦਾ 'ਗੁਨਾਹ' ਕੀਤਾ ਹੋਵੇ।

ਪੰਜਾਬੀ ਭਾਸ਼ਾ ਸਭ ਕੁਝ ਨੂੰ ਪ੍ਰਗਟਾਉਣ ਦੇ ਪੂਰੀ ਤਰ੍ਹਾਂ ਸਮੱਰਥ ਹੈ, ਪਰ ਸਾਡੇ ਕੁਝ ਬੁੱਧੀਜੀਵੀਆਂ ਦਾ ਅੰਗਰੇਜ਼ੀ ਪ੍ਰੇਮ ਇਹ ਦਿਖਾਉਂਦਾ ਹੈ ਕਿ ਪੰਜਾਬੀ ਜ਼ੁਬਾਨ ਅਤੇ ਪੰਜਾਬੀ ਲੋਕਾਂ ਤੋਂ ਉਹ ਕਿੰਨੇ ਦੂਰ ਜਾ ਚੁੱਕੇ ਹਨ। ਚਾਹੀਦਾ ਤਾਂ ਇਹ ਹੈ ਕਿ ਆਪਣੀ ਭਾਸ਼ਾ ਵਿੱਚ ਲਿਖਿਆ ਜਾਵੇ ਅਤੇ ਬਾਅਦ ਵਿੱਚ ਲੋੜ ਮੁਤਾਬਿਕ



ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇ।

ਪੰਜਾਬੀ ਦੇ ਸਾਹਿਤਕ ਪਰਚਿਆਂ ਤੋਂ ਪੰਜਾਬੀ ਭਾਸ਼ਾ ਦੀ ਤਰੱਕੀ ਦੀ ਆਸ ਕੀਤੀ ਜਾਂਦੀ ਹੈ, ਪਰ ਕਈ ਪਰਚੇ ਪੰਜਾਬੀ ਭਾਸ਼ਾ ਦਾ ਕਬਾੜਾ ਕਰੀ ਜਾ ਰਹੇ ਹਨ। ਇਨ੍ਹਾਂ ਵਿੱਚ ਛਪਦੇ ਕੁਝ ਸਾਹਿਤ ਚੋਰ ਲੇਖਕ ਅਕਸਰ ਹਿੰਦੀ ਅਤੇ ਜੇਕਰ ਕਿਸੇ ਦੀ ਪਹੁੰਚ ਹੋਵੇ ਤਾਂ ਅੰਗਰੇਜ਼ੀ ਤੋਂ 'ਮਾਲ' ਚੋਰੀ ਕਰਦੇ ਹਨ। ਚੋਰੀ ਕੀਤੇ ਹੋਏ ਇਸ 'ਮਾਲ' ਰਾਹੀਂ ਉਹ ਹਿੰਦੀ, ਅੰਗਰੇਜ਼ੀ ਦੇ ਸ਼ਬਦ ਵੀ ਥੋਕ 'ਚ ਪੰਜਾਬੀ ਭਾਸ਼ਾ ਵਿੱਚ ਲਿਆ ਰਹੇ ਹਨ। ਹਾਲਾਂਕਿ, ਹੋਰਨਾਂ ਭਾਸ਼ਾਵਾਂ 'ਚੋਂ ਲਏ ਜਾਣ ਵਾਲੇ ਸ਼ਬਦਾਂ ਦੇ ਅਰਥਾਂ ਨੂੰ ਪ੍ਰਗਟਾਉਣ ਦੇ ਸਮਰੱਥ ਸਾਰੇ ਸ਼ਬਦ ਪੰਜਾਬੀ ਭਾਸ਼ਾ 'ਚ ਵੀ ਮੌਜੂਦ ਹਨ। ਕੁਝ ਬੁੱਧੀਜੀਵੀ ਸਿਰਫ਼ ਬੌਧਿਕਤਾ ਘੋਟਣ ਲਈ ਵੀ ਹਿੰਦੀ ਅੰਗਰੇਜ਼ੀ ਦਾ ਇਸਤੇਮਾਲ ਕਰਦੇ ਹਨ। ਕਈ ਸਿਆਸੀ ਪਾਰਟੀਆਂ/ਗਰੁੱਪ ਵੀ ਆਪਣੇ ਰਸਾਲੇ ਅਤੇ ਅਖ਼ਬਾਰ ਅੰਗਰੇਜ਼ੀ ਵਿੱਚ ਹੀ ਕੱਢਦੇ ਹਨ। ਇੱਥੋਂ ਤੱਕ ਕਿ ਸਾਮਰਾਜਵਾਦੀ ਗ਼ੁਲਾਮੀ ਵਿਰੁੱਧ ਸਭ ਤੋਂ ਵੱਧ ਨਾਅਰੇ ਲਾਉਣ ਵਾਲਿਆਂ ਦਾ ਵੀ ਇਹੋ ਹਾਲ ਹੈ। ਸਾਮਰਾਜਵਾਦੀ ਗ਼ੁਲਾਮੀ ਵਿਰੁੱਧ ਨਾਅਰੇ ਲਾਉਣ ਵਾਲੇ ਖ਼ੁਦ ਹੀ ਮਾਨਸਿਕ ਤੌਰ 'ਤੇ ਸਾਮਰਾਜਵਾਦੀਆਂ (ਅਮਰੀਕਾ, ਬ੍ਰਿਟੇਨ) ਦੀ ਭਾਸ਼ਾ ਦੇ ਗ਼ੁਲਾਮ ਹਨ।

'ਪੜ੍ਹੇ ਲਿਖੇ' ਲੋਕਾਂ ਦਰਮਿਆਨ ਰੋਜ਼ਮੱਰ੍ਹਾ ਦੀ ਗੱਲਬਾਤ 'ਚ ਅੰਗਰੇਜ਼ੀ ਦੇ ਸ਼ਬਦਾਂ ਦਾ ਵੱਡੀ ਪੱਧਰ 'ਤੇ ਇਸਤੇਮਾਲ ਫੈਸ਼ਨ ਬਣ ਚੁੱਕਾ ਹੈ। ਇਹ ਮਾਨਸਿਕ ਗ਼ੁਲਾਮੀ ਦਾ ਇੱਕ ਹੋਰ ਪ੍ਰਗਟਾਵਾ ਹੈ।

ਅੰਗਰੇਜ਼ੀ ਸਾਡੀ ਚੋਣ ਨਹੀਂ, ਮਜਬੂਰੀ ਹੈ। ਹਾਕਮਾਂ ਨੇ ਸਾਡੇ ਉੱਪਰ ਇੱਕ ਵਿਦੇਸ਼ੀ ਭਾਸ਼ਾ ਥੋਪ ਰੱਖੀ ਹੈ। ਪੰਜਾਬ ਵਿੱਚ ਪਹਿਲਾਂ ਛੇਵੀਂ ਜਮਾਤ ਤੋਂ ਅੰਗਰੇਜ਼ੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਸੀ ਤੇ ਬਾਅਦ ਵਿੱਚ ਜਥੇਦਾਰ ਤੋਤਾ ਸਿੰਘ ਨੇ ਇਸ ਨੂੰ ਪਹਿਲੀ ਜਮਾਤ ਤੋਂ ਲਾਜ਼ਮੀ ਬਣਾ ਦਿੱਤਾ। ਅਨੇਕਾਂ ਵਿਦਿਆਰਥੀ ਅੰਗਰੇਜ਼ੀ ਚੰਗੀ ਨਾ ਹੋਣ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਪਾਉਂਦੇ। ਇਹ ਕੋਈ ਪੈਮਾਨਾ ਨਹੀਂ ਕਿ ਜੋ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ ਉਹੀ ਵਿਦਿਆਰਥੀ ਬੁੱਧੀਮਾਨ ਹੋਵੇਗਾ। ਸੰਸਾਰ ਵਿੱਚ ਅਨੇਕਾਂ ਅਜਿਹੇ ਦੇਸ਼ ਹਨ ਜੋ ਅੰਗਰੇਜ਼ੀ ਦੇ ਗ਼ੁਲਾਮ ਨਹੀਂ ਹਨ। ਉੱਥੋਂ ਦੇ ਲੋਕਾਂ ਨੇ ਆਪਣੀਆਂ ਭਾਸ਼ਾਵਾਂ ਵਿੱਚ ਪੜ੍ਹਾਈ ਕਰਕੇ ਸਾਹਿਤ, ਕਲਾ, ਵਿਗਿਆਨ ਆਦਿ ਗਿਆਨ ਦੇ ਹਰ ਖੇਤਰ 'ਚ ਨਵੇਂ-ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਰੂਸ, ਜਪਾਨ, ਫਰਾਂਸ, ਜਰਮਨੀ ਆਦਿ ਅਜਿਹੇ ਕਈ ਦੇਸ਼ ਹਨ ਜਿਨ੍ਹਾਂ ਦਾ ਅੰਗਰੇਜ਼ੀ ਤੋਂ ਬਿਨਾਂ ਹੀ ਸਰਦਾ ਹੈ। ਇਨ੍ਹਾਂ ਮੁਲਕਾਂ 'ਚ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ 'ਚ ਹੀ ਪੜ੍ਹਨ ਦਾ ਮੌਕਾ ਮਿਲਦਾ ਹੈ। ਦੇਖਿਆ ਜਾਵੇ ਤਾਂ ਅੰਗਰੇਜ਼ੀ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਦੀ ਹੀ ਭਾਸ਼ਾ ਹੈ। ਦੁਨੀਆ ਦੇ ਕਈ ਦੇਸ਼ਾਂ, ਖ਼ਾਸਕਰ ਅਫ਼ਰੀਕਾ ਅਤੇ ਏਸ਼ਿਆਈ ਦੇਸ਼ਾਂ ਵਿੱਚ ਜਿੱਥੇ ਲਗਭਗ ਪਿਛਲੀ ਇੱਕ ਸਦੀ ਤੋਂ ਅੰਗਰੇਜ਼ੀ ਸਥਾਨਕ ਭਾਸ਼ਾਵਾਂ ਨੂੰ ਦਬਾ ਰਹੀ ਹੈ, ਉੱਥੇ ਇਹ ਵਸੋਂ ਦੇ ਸਿਰਫ਼ ਇੱਕ ਛੋਟੇ ਜਿਹੇ ਹਿੱਸੇ (ਹਾਕਮ ਜਮਾਤਾਂ ਅਤੇ ਸ਼ਹਿਰੀ ਉੱਚ ਮੱਧਵਰਗ) ਦੀ ਹੀ ਭਾਸ਼ਾ ਬਣ ਸਕੀ ਹੈ। ਅੰਗਰੇਜ਼ੀ ਕਿਸੇ ਵੀ ਤਰ੍ਹਾਂ ਕੌਮਾਂਤਰੀ ਭਾਸ਼ਾ ਨਹੀਂ ਹੈ, ਜਿਵੇਂ ਕਿ ਕੁਝ ਲੋਕ ਇਸ ਨੂੰ ਪੇਸ਼ ਕਰਦੇ ਹਨ।


ਬੇਸ਼ੱਕ ਸੰਸਾਰ ਭਾਈਚਾਰੇ ਨੂੰ ਇੱਕ ਅਜਿਹੀ ਭਾਸ਼ਾ ਦੀ ਲੋੜ ਹੈ, ਜਿਸ ਰਾਹੀਂ ਵੱਖ-ਵੱਖ ਭਾਸ਼ਾਵਾਂ ਦੇ ਲੋਕ ਇੱਕ ਦੂਸਰੇ ਨਾਲ ਸੰਚਾਰ ਕਰ ਸਕਣ। ਇਹ ਭਾਸ਼ਾ ਅੰਗਰੇਜ਼ੀ ਵੀ ਹੋ ਸਕਦੀ ਹੈ ਅਤੇ ਸੰਸਾਰ ਦੀ ਕੋਈ ਹੋਰ ਭਾਸ਼ਾ ਵੀ। ਇਹ ਤਾਂ ਸੰਸਾਰ ਭਾਈਚਾਰਾ ਆਪਸੀ ਰਜ਼ਾਮੰਦੀ ਨਾਲ ਹੀ ਇੱਕ ਕੌਮਾਂਤਰੀ ਸੰਪਰਕ ਭਾਸ਼ਾ ਦੀ ਚੋਣ ਕਰੇ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਸੰਸਾਰ ਦੇ ਲੋਕ ਸਰਮਾਏਦਾਰ-ਸਾਮਰਾਜਵਾਦੀ ਦਾਬੇ ਤੋਂ ਮੁਕਤ ਹੋਣਗੇ। ਅੱਜ ਦੇ ਸਮੇਂ ਵਿੱਚ ਤਾਂ ਭਾਸ਼ਾ ਵੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਸਥਾਨਕ ਜੋਟੀਦਾਰਾਂ ਦੇ ਹੱਥਾਂ ਵਿੱਚ ਕਿਰਤੀ ਲੋਕਾਂ ਨੂੰ ਲੁੱਟਣ, ਉਨ੍ਹਾਂ ਦੀ ਭਾਸ਼ਾ ਅਤੇ ਸੱਭਿਆਚਾਰ ਨੂੰ ਖ਼ਤਮ ਕਰਨ ਦਾ ਜ਼ਬਰਦਸਤ ਹਥਿਆਰ ਹੈ। ਭਾਸ਼ਾ ਉਹ ਸਾਧਨ ਹੈ ਜਿਸ ਰਾਹੀਂ ਇਨਸਾਨ ਆਪਸ ਵਿੱਚ ਸੰਵਾਦ ਕਰਦੇ, ਬੀਤੇ ਤੋਂ ਸਬਕ ਲੈਂਦੇ ਅਤੇ ਭਵਿੱਖ ਦੇ ਸੁਪਨੇ ਵੇਖਦੇ ਹਨ। ਕਿਰਤੀ ਲੋਕ ਲੁੱਟ, ਅਨਿਆਂ ਅਤੇ ਦਾਬੇ ਤੋਂ ਮੁਕਤ ਸਮਾਜ ਦੇ ਸੁਪਨੇ ਆਪਣੀ ਭਾਸ਼ਾ 'ਚ ਹੀ ਦੇਖ ਸਕਦੇ ਹਨ। ਆਪਣੀ ਭਾਸ਼ਾ 'ਚ ਹੀ ਉਹ ਸਰਮਾਏਦਾਰ-ਸਾਮਰਾਜਵਾਦੀ ਲੁੱਟ-ਦਾਬੇ ਤੋਂ ਮੁਕਤੀ ਦੀਆਂ ਯੋਜਨਾਵਾਂ ਘੜ ਕੇ ਉਨ੍ਹਾਂ ਨੂੰ ਅਮਲ 'ਚ ਲਿਆ ਸਕਦੇ ਹਨ। ਭਾਸ਼ਾ ਜਮਾਤੀ ਸੰਘਰਸ਼ ਦਾ ਸਭ ਤੋਂ ਮਹੱਤਵਪੂਰਨ ਹਥਿਆਰ ਹੈ ਤੇ ਹਾਕਮ ਸਾਥੋਂ ਇਹ ਹਥਿਆਰ ਖੋਹ ਲੈਣਾ ਚਾਹੁੰਦੇ ਹਨ।

ਭਾਸ਼ਾ ਦੇ ਮਾਮਲੇ 'ਚ ਸਾਡੇ ਸਮਾਜ ਦੀ ਹਾਲਤ ਬਹੁਤ ਗੰਭੀਰ ਹੈ। ਚਾਰੇ ਪਾਸੇ ਅੰਗਰੇਜ਼ੀ ਦਾ ਬੋਲਬਾਲਾ ਹੈ। ਅੰਗਰੇਜ਼ੀ ਸਿੱਖਣ ਲਈ ਪੂਰੇ ਸਮਾਜ ਵਿੱਚ ਦੌੜ ਜਿਹੀ ਲੱਗੀ ਹੋਈ ਹੈ। ਅੰਗਰੇਜ਼ੀ ਜਾਣਨ ਦਾ ਮਤਲਬ ਵਿਦਵਾਨਾਂ 'ਚ ਵੱਡਾ ਵਿਦਵਾਨ ਹੋਣਾ ਸਮਝਿਆ ਜਾਂਦਾ ਹੈ। ਜੋ ਅੰਗਰੇਜ਼ੀ ਨਹੀਂ ਸਿੱਖ ਪਾਉਂਦਾ, ਉਹ ਹੀਣ ਭਾਵਨਾ ਦਾ ਸ਼ਿਕਾਰ ਰਹਿੰਦਾ ਹੈ। ਅਜਿਹੇ ਸਮੇਂ ਇਸ ਭਾਸ਼ਾਈ ਗ਼ੁਲਾਮੀ ਵਿਰੁੱਧ ਬੋਲਣਾ ਧਾਰਾ ਦੇ ਖ਼ਿਲਾਫ਼ ਖੜ੍ਹੇ ਹੋਣਾ ਹੈ, ਪਰ ਸਾਨੂੰ ਧਾਰਾ ਦੇ ਖ਼ਿਲਾਫ਼ ਖੜ੍ਹੇ ਹੋਣਾ ਹੀ ਹੋਵੇਗਾ। ਅੱਜ ਪੂਰੇ ਭਾਰਤ ਵਿੱਚ ਗ਼ਰੀਬ ਕਿਰਤੀ ਲੋਕ ਹੀ ਆਪਣੀਆਂ ਮਾਂ-ਬੋਲੀਆਂ ਨੂੰ ਬਚਾ-ਸਾਂਭ ਰਹੇ ਹਨ। ਪੰਜਾਬ ਵਿੱਚ ਵੀ ਪੰਜਾਬ ਦੇ ਕਿਰਤੀ ਲੋਕ ਹੀ ਪੰਜਾਬੀ ਭਾਸ਼ਾ ਨੂੰ ਸਾਂਭ ਰਹੇ ਹਨ। ਕਿਰਤੀ ਲੋਕਾਂ ਦੀ ਪੂਰਨ ਮੁਕਤੀ ਲਈ ਸਮਰਪਿਤ ਪਾਰਟੀਆਂ/ਜਥੇਬੰਦੀਆਂ ਨੂੰ ਭਾਸ਼ਾਈ ਗ਼ੁਲਾਮੀ ਦੇ ਖ਼ਿਲਾਫ਼ ਖੜ੍ਹੇ ਹੋਣਾ ਹੀ ਹੋਵੇਗਾ।

ਭਾਸ਼ਾਈ ਗ਼ੁਲਾਮੀ ਵਿਰੁੱਧ ਸੰਘਰਸ਼ ਅੱਜ ਮੁਕੰਮਲ ਲੋਕ ਮੁਕਤੀ ਦੇ ਪ੍ਰੋਜੈਕਟ ਦਾ ਅਹਿਮ ਅੰਗ ਹੈ। ਅੰਗਰੇਜ਼ੀ ਦੀ ਗ਼ੁਲਾਮੀ ਵਿਰੁੱਧ ਸਾਨੂੰ ਕੁਝ ਠੋਸ ਕਦਮ ਚੁੱਕਣੇ ਹੋਣਗੇ। ਸਾਨੂੰ ਪੜ੍ਹਾਈ ਲਿਖਾਈ ਆਪਣੀ ਭਾਸ਼ਾ ਵਿੱਚ ਹੀ ਕਰਨੀ ਚਾਹੀਦੀ ਹੈ। ਜੋ ਗਿਆਨ ਸਾਡੀ ਭਾਸ਼ਾ ਵਿੱਚ ਮੁਹੱਈਆ ਨਾ ਹੋਵੇ, ਉਹ ਹੀ ਕਿਸੇ ਦੂਜੀ ਭਾਸ਼ਾ ਵਿੱਚ ਪੜ੍ਹਨਾ ਚਾਹੀਦਾ ਹੈ। ਲਿਖਣਾ ਸਾਨੂੰ ਪੰਜਾਬੀ 'ਚ ਹੀ ਚਾਹੀਦਾ ਹੈ ਅਤੇ ਬਾਅਦ ਵਿੱਚ ਲੋੜ ਮੁਤਾਬਿਕ ਦੂਜੀ ਭਾਸ਼ਾ ਵਿੱਚ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ। ਆਮ ਲੋਕਾਂ 'ਚ ਵੀ ਸਾਨੂੰ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨ ਦੇ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ। ਆਮ ਲੋਕਾਂ 'ਚ ਲੇਖਾਂ, ਦੁਵਰਕੀਆਂ ਰਾਹੀਂ ਅਤੇ ਜ਼ੁਬਾਨੀ ਵੀ ਅੰਗਰੇਜ਼ੀ ਦੀ ਗ਼ੁਲਾਮੀ ਵਿਰੁੱਧ ਪ੍ਰਚਾਰ ਕਰਨਾ ਹੋਵੇਗਾ। ਅੰਗਰੇਜ਼ੀ ਨਾ ਸਿੱਖ ਸਕਣ ਦੀ ਹੀਣ ਭਾਵਨਾ 'ਚੋਂ ਲੋਕਾਂ ਨੂੰ ਉਭਾਰਨਾ ਹੋਵੇਗਾ। ਆਮ ਲੋਕਾਂ (ਪੰਜਾਬੀ ਭਾਸ਼ੀ) ਨਾਲ ਗੱਲਬਾਤ ਸਮੇਂ ਦੂਜੀਆਂ ਭਾਸ਼ਾਵਾਂ (ਅੰਗਰੇਜ਼ੀ, ਹਿੰਦੀ) ਦੇ ਸ਼ਬਦਾਂ ਦੀ ਵਰਤੋਂ ਤੋਂ ਬਚਦਿਆਂ ਸ਼ੁੱਧ ਪੰਜਾਬੀ ਬੋਲਣੀ ਚਾਹੀਦੀ ਹੈ।

ਸਰਕਾਰ ਤੋਂ ਵੀ ਇਹ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਮਾਤ ਭਾਸ਼ਾ ਨੂੰ ਅਮਲੀ ਰੂਪ ਵਿੱਚ ਵਿੱਦਿਆ ਦਾ ਮਾਧਿਅਮ ਬਣਾਇਆ ਜਾਵੇ, ਸਿਰਫ਼ ਕਾਗਜ਼ੀਂ-ਪੱਤਰੀਂ ਨਹੀਂ। ਇਹ ਸਰਬ-ਪ੍ਰਵਾਨਿਤ ਤੱਥ ਹੈ ਕਿ ਇਨਸਾਨ ਜਿਸ ਭਾਸ਼ਾ ਵਿੱਚ ਸੋਚਦਾ ਹੈ ਉਸੇ ਭਾਸ਼ਾ 'ਚ ਬਿਹਤਰ ਪੜ੍ਹ ਸਕਦਾ ਹੈ। ਭਾਸ਼ਾ ਦਾ ਲੋਕਾਂ ਦੇ ਸੱਭਿਆਚਾਰਕ ਜੀਵਨ ਅਤੇ ਉਨ੍ਹਾਂ ਦੇ ਭੂਗੋਲਿਕ ਵਾਤਾਵਰਣ ਨਾਲ ਡੂੰਘਾ ਸਬੰਧ ਹੁੰਦਾ ਹੈ। ਇਸ ਲਈ ਮਨੁੱਖ ਆਪਣੀ ਮਾਤ ਭਾਸ਼ਾ 'ਚ ਹੀ ਬਿਹਤਰ ਤਰੀਕੇ ਨਾਲ ਗਿਆਨ ਹਾਸਲ ਕਰ ਸਕਦਾ ਹੈ। ਹੋਰ ਭਾਸ਼ਾਵਾਂ ਸਿੱਖਣਾ ਕੋਈ ਬੁਰਾਈ ਦੀ ਗੱਲ ਨਹੀਂ, ਸਗੋਂ ਚੰਗੀ ਗੱਲ ਹੈ। ਕੋਈ ਜਿੰਨੀਆਂ ਵਧੇਰੇ ਭਾਸ਼ਾਵਾਂ ਸਿੱਖ ਸਕੇ, ਮਨੁੱਖਤਾ ਦੁਆਰਾ ਸਿਰਜੇ ਗਿਆਨ ਦੇ ਵਸੀਲਿਆਂ ਤੱਕ ਉਸ ਦੀ ਓਨੀ ਹੀ ਵਧੇਰੇ ਪਹੁੰਚ ਹੋਵੇਗੀ। ਕੋਈ ਵੀ ਭਾਸ਼ਾ ਕਿਸੇ ਭਾਸ਼ਾਈ ਸਮੂਹ ਜਾਂ ਕੌਮ ਉੱਪਰ ਥੋਪੀ ਨਹੀਂ ਜਾਣੀ ਚਾਹੀਦੀ। ਇਸ ਲਈ ਅੰਗਰੇਜ਼ੀ ਵੀ ਵਿਦਿਆਰਥੀਆਂ ਉੱਪਰ ਲਾਜ਼ਮੀ ਵਿਸ਼ੇ ਵਜੋਂ ਥੋਪੀ ਨਹੀਂ ਜਾਣੀ ਚਾਹੀਦੀ, ਸਗੋਂ ਇੱਕ ਚੋਣਵਾਂ ਵਿਸ਼ਾ ਹੋਣੀ ਚਾਹੀਦੀ ਹੈ ਤਾਂ ਕਿ ਜਿਸ ਨੂੰ ਜ਼ਰੂਰਤ ਜਾਪੇ ਉਹ ਹੀ ਅੰਗਰੇਜ਼ੀ ਪੜ੍ਹੇ। ਸਿਰਫ਼ ਅੰਗਰੇਜ਼ੀ ਹੀ ਕਿਉਂ, ਸੰਸਾਰ ਦੀਆਂ ਹੋਰ ਭਾਸ਼ਾਵਾਂ ਦੀ ਸਿੱਖਿਆ ਵੀ ਵਿਦਿਆਰਥੀਆਂ ਲਈ ਮੁਹੱਈਆ ਹੋਣੀ ਚਾਹੀਦੀ ਹੈ। ਭਾਸ਼ਾ ਦੀ ਚੋਣ ਦਾ ਹੱਕ ਵਿਦਿਆਰਥੀਆਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਭਾਸ਼ਾ ਦੀ ਸਮੱਸਿਆ ਬਾਰੇ ਇਹ ਕੋਈ ਅੰਤਿਮ ਸ਼ਬਦ ਨਹੀਂ ਹਨ। ਇਸ ਮਸਲੇ ਦੇ ਵੱਖ-ਵੱਖ ਪੱਖਾਂ ਉੱਪਰ ਬਹੁਤ ਕੁਝ ਲਿਖਿਆ ਜਾਣਾ ਚਾਹੀਦਾ ਹੈ।


JARNAIL SINGH




ART CLASSES

604-825-4659
604-724-6922
604-595-5885

#106- 12882-85 Ave. Surrey




- ਡਾ. ਰੂਪ ਸਿੰਘ -

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਕਿਹਾ ਹੈ, ਜਿਸ ਤੋਂ ਸਾਕਾ ਸ਼ਬਦ ਸਿੱਖ ਸ਼ਬਦਾਵਲੀ ਦਾ ਅਟੁੱਟ ਹਿੱਸਾ ਬਣ ਗਿਆ। ਸਾਕੇ ਦਾ ਅਰਥ ਹੈ, ਕੋਈ ਐਸਾ ਕਰਮ ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਲਾਇਕ ਹੋਵੇ। ਵਚਿੱਤਰ, ਅਨੋਖੀ, ਅਦੁੱਤੀ, ਅਜੀਬ ਘਟਨਾ ਨੂੰ ਸਾਕਾ ਕਿਹਾ ਜਾਂਦਾ ਹੈ। ਸਪੱਸ਼ਟ ਹੈ ਕਿ ਇਹ ਸ਼ਬਦ ਭਾਰੀ ਦੁਖਾਂਤਕ ਘਟਨਾ ਵਾਸਤੇ ਵਰਤਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਇਸ ਅਰਥ ਭਾਵ ਵਾਲੇ ਸਾਕਿਆਂ ਸਨਮੁੱਖ ਹੋਣਾ ਪਿਆ। ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ ਦਾ ਸਾਕਾ, ਸਾਕਾ ਗੁਰੂ ਕਾ ਬਾਗ ਆਦਿ। ਅੰਗਰੇਜ਼ੀ ਸ਼ਾਸਕਾਂ ਦੀ ਸ਼ਹਿ 'ਤੇ ਮਹੰਤਸ਼ਾਹੀ ਦੇ ਤਾਂਡਵ ਨਾਚ ਦੀ ਦਰਦਨਾਕ ਕਹਾਣੀ ਨੂੰ ਸਾਕਾ ਨਨਕਾਣਾ ਸਾਹਿਬ ਰੂਪਮਾਨ ਕਰਦਾ ਹੈ। ਇਨ੍ਹਾਂ ਸਾਕਿਆਂ ਨੂੰ ਢਾਡੀ ਬੀਰਰਸੀ ਵਾਰਾਂ ਰਾਹੀਂ ਪ੍ਰਗਟ ਕਰਨ ਲਈ 'ਸਾਕਾ ਕਾੜ੍ਹ' ਰੂਪ ਪ੍ਰਚਲਿਤ ਹੋਇਆ।

ਨਨਕਾਣਾ ਸਾਹਿਬ, ਨਾਨਕਿਆਣਾ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਾਨਕ ਆਯਨ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਯਨ ਭਾਵ ਘਰ। ਇਸ ਧਰਤ-ਸੁਹਾਵੀ ਦਾ ਪਹਿਲਾ ਨਾਂਅ ਰਾਇਪੁਰ ਫਿਰ ਤਲਵੰਡੀ ਰਾਇ ਭੋਇ ਤੇ ਸਦੀਵੀ ਨਾਂਅ ਨਨਕਾਣਾ ਸਾਹਿਬ ਪ੍ਰਚਲਿਤ ਹੋਇਆ। ਨਨਕਾਣਾ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅਨੇਕਾਂ ਅਲੌਕਿਕ ਚੋਜ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ 1613 ਈ: ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ ਨਾਲ ਯਾਦਗਾਰੀ ਅਸਥਾਨ ਸਥਾਪਿਤ ਹੋਇਆ, ਜੋ ਸਮੇਂ ਦੇ ਬੀਤਣ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂਅ ਨਾਲ ਵਿਸ਼ਵ ਪ੍ਰਸਿੱਧ ਹੋਇਆ। ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਜੀ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੌਂਪੀ ਸੀ। ਇਸ ਤਰ੍ਹਾਂ ਅਰੰਭ ਤੋਂ ਹੀ ਇਸ ਪਵਿੱਤਰ ਅਸਥਾਨ ਦਾ ਪ੍ਰਬੰਧ ਉਦਾਸੀ ਸੰਪਰਦਾ ਦੇ ਮਹੰਤ-ਪੁਜਾਰੀ ਹੀ ਕਰਦੇ ਰਹੇ। ਸਿੱਖ ਰਾਜ ਕਾਲ ਸਮੇਂ ਗੁਰਦੁਆਰਿਆਂ ਦੇ ਨਾਂਅ ਲੱਗੀਆਂ ਬੇਸ਼ੁਮਾਰ ਜਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ-ਅਯਾਸ਼ ਤੇ ਭ੍ਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਮਹੰਤਾਂ-ਪੁਜਾਰੀਆਂ ਨੇ ਗੁਰਦੁਆਰਿਆਂ ਨੂੰ ਐਸ਼ਪ੍ਰਸਤੀ ਦੇ ਡੇਰੇ (ਅੱਡੇ) ਬਣਾ ਲਿਆ।

ਜਦ ਸਿੱਖਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਸਨ, ਤਦ ਵੀ ਗੁਰਦੁਆਰਾ ਪ੍ਰਬੰਧ ਆਮ ਕਰਕੇ ਪਿਤਾਪੁਰਖੀ ਮਹੰਤਾਂ-ਉਦਾਸੀਆਂ ਤੇ ਨਿਰਮਲਿਆਂ ਪਾਸ ਹੀ ਸੀ। ਗੁਰੂ-ਘਰ ਦਾ ਪ੍ਰਬੰਧ ਉਸ ਸਮੇਂ ਤੱਕ ਠੀਕ ਚਲਦਾ ਰਿਹਾ, ਜਦੋਂ ਤੱਕ ਸਿੱਖ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਸਰ ਕਰਦੇ ਰਹੇ। ਪਰ ਜਦ ਵੀ ਮਹੰਤਾਂ-ਪੁਜਾਰੀਆਂ, ਧਰਮੀ ਸਦਵਾਉਣ ਵਾਲਿਆਂ ਦਾ ਜੀਵਨ 'ਕਰਤੂਤਿ ਪਸੂ ਕੀ ਮਾਨਸ ਜਾਤਿ' ਵਾਲਾ ਹੋ ਜਾਵੇਗਾ ਤਾਂ ਗਿਰਾਵਟ ਆਉਣੀ ਨਿਸ਼ਚਿਤ ਹੈ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦਾ ਸ਼ਰਾਬ ਪੀ ਕੇ ਆਈ ਸੰਗਤ ਦੀ ਬੇਇੱਜ਼ਤੀ ਕਰਨਾ, ਬੀਬੀਆਂ ਦੀ ਅਜ਼ਮਤ ਨੂੰ ਹੱਥ ਪਾਉਣਾ ਨਿੱਤ ਦਾ ਕਰਮ ਬਣ ਗਿਆ ਸੀ। ਮਹੰਤਾਂ ਦੇ ਕੁਕਰਮਾਂ-ਦੁਰਾਚਾਰਾਂ ਦੇ ਦਾਗ਼ ਨੂੰ ਧੋਣ ਵਾਸਤੇ ਪਵਿੱਤਰ ਖੂਨ ਦੀ ਜ਼ਰੂਰਤ ਸੀ, ਜਿਸ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਪੂਰਾ ਕੀਤਾ। ਇਸ ਸਮੇਂ ਸਿੱਖ ਸਮਾਜ ਵਿਚ ਸਿੱਖ ਜਾਗ੍ਰਤੀ ਵਜੋਂ ਸਿੰਘ ਸਭਾ ਲਹਿਰ ਚੱਲ ਰਹੀ ਸੀ। ਚੇਤੰਨ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਪਰਿਵਾਰਕ ਪ੍ਰਬੰਧ ਤੋਂ ਪੰਥਕ ਪ੍ਰਬੰਧ 'ਚ ਲਿਆਉਣ ਲਈ ਕਮਰਕੱਸੇ ਕਰ ਲਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਆਜ਼ਾਦ ਕਰਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ ਫਰਵਰੀ, 1920 ਨੂੰ ਦਰਸ਼ਨੀ ਡਿਉੜੀ ਰਸਤੇ ਅੰਦਰ ਦਾਖ਼ਲ ਹੋਇਆ, ਜਿੱਥੇ ਇਨ੍ਹਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸੁਆਗਤ' ਮਹੰਤ, ਉਸ ਦੇ ਗੁੰਡਿਆਂ, ਬਦਮਾਸ਼ਾਂ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ, ਗੁਰੂ-ਘਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਖ਼ਾਤਰ ਗੁਰੂ ਕੇ ਲਾਲ ਸ਼ਾਂਤਮਈ ਰਹਿ ਕੇ ਸ਼ਹਾਦਤਾਂ ਪ੍ਰਾਪਤ ਕਰ ਗਏ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਮਾਨਾਂ, ਬਾਬਾ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ ਕੂਕਾ ਆਦਿ ਨੇ ਵੀ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਰੈਣ ਦਾਸ ਤੇ ਮਿਸਟਰ ਕਰੀ ਡੀ.ਸੀ. ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਵੀਜ਼ਨ ਦੀ ਸ਼ਹਿ 'ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖੂਨ ਨਾਲ ਲਾਲ ਹੋ ਗਈ। ਬਾਬਾ ਕਰਤਾਰ ਸਿੰਘ (ਬੇਦੀ) ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗ਼ਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ, ਜਿਸ 'ਤੇ ਉਸ ਨੂੰ ਹੁਣ ਤੱਕ ਦੀ ਸਭ ਤੋਂ ਸਖ਼ਤ ਤਨਖਾਹ ਲਾਈ ਗਈ।

ਇਹ ਦੁਖਾਂਤਕ ਸਾਕਾ ਗੁਰੂ ਨਾਨਕ ਦੇ ਘਰ ਨੂੰ ਕਪਟੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਗਏ ਗੁਰਸਿੱਖਾਂ ਨਾਲ ਵਾਪਰਿਆ, ਇਸ ਤੋਂ ਵੱਧ ਦਰਦਨਾਕ ਘਟਨਾ ਕੀ ਹੋ ਸਕਦੀ ਹੈ। ਹਰ ਸਿੱਖ ਵਾਸਤੇ ਨਨਕਾਣਾ ਸਾਹਿਬ ਪਵਿੱਤਰ ਧਰਤੀ ਹੈ। ਇਥੋਂ ਦਾ ਮਹੰਤ ਨਰੈਣ ਦਾਸ ਸਭ ਤੋਂ ਵੱਡਾ ਗੁਰੂ-ਘਰ ਦਾ ਦੋਖੀ ਸਾਬਤ ਹੋਇਆ। ਇਹ ਕੁਕਰਮੀ ਬਣ ਚੁੱਕਾ ਸੀ। ਧਰਮ-ਕਰਮ ਇਸ ਵਿਚੋਂ ਗਾਇਬ ਹੋ ਚੁੱਕਾ ਸੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਅਜਿਹੇ ਹੀ ਕਪਟੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ 'ਚ ਲਿਆਉਣ ਲਈ ਗੁਰਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਅਰੰਭ ਕੀਤੀ, ਜਿਸ ਤਹਿਤ ਸਭ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਕਤੂਬਰ, 1920 ਨੂੰ ਪੰਥਕ ਪ੍ਰਬੰਧ 'ਚ ਲਿਆ ਗਿਆ। ਫਿਰ ਅਕਤੂਬਰ, 1920 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ 'ਚ ਆਇਆ।

ਸ਼ਾਂਤਮਈ ਸਿੱਖ ਸੇਵਕਾਂ ਦੇ ਖੂਨ ਨਾਲ ਮਹੰਤ ਨਰੈਣ ਦਾਸ ਤੇ ਉਸ ਦੇ ਗੁੰਡਿਆਂ ਨੇ ਗੁਰਦੁਆਰਾ ਜਨਮ ਅਸਥਾਨ ਨੂੰ ਲਥਪਥ ਕਰ ਦਿੱਤਾ। ਇਹ ਗੁਰਦੁਆਰਾ ਸਾਹਿਬਾਨ ਦੀ ਸੁਤੰਤਰਤਾ, ਆਜ਼ਾਦੀ ਲਈ ਕੀਤਾ ਗਿਆ ਸੱਤਿਆਗ੍ਰਹਿ ਸੀ। ਜਬਰ-ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਸਤਿ-ਸੰਤੋਖ, ਸਬਰ ਦੇ ਧਾਰਨੀ ਹੋ ਸ਼ਾਂਤਮਈ ਰਹਿ ਕੇ ਕੀਤਾ ਗਿਆ ਵਿਦਰੋਹ, ਰੋਸ ਤੇ ਰੋਹ ਸੀ।

ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ-ਚਰਮ ਸੀਮਾ ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਤੇ ਬੈਠਾ ਗ੍ਰੰਥੀ ਸਿੰਘ ਵੀ ਸ਼ਹੀਦ ਹੋ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੇ ਪਾਵਨ ਸਰੂਪ 'ਚ ਵੀ ਗੋਲੀਆਂ ਲੱਗੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਗੁਰਸਿੱਖਾਂ ਦੇ ਸਤਿ-ਸਿਦਕ, ਸਬਰ ਦੀ ਪਰਖ ਹੋਈ। ਗੁਰੂ ਕੇ ਲਾਲਾਂ ਨੇ 'ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥' ਦੇ ਮਹਾਂਵਾਕ ਨੂੰ ਪ੍ਰਤੱਖ ਕਰ ਦਿਖਾਇਆ। ਇਹ ਸ਼ਹੀਦਾਂ ਦੇ ਪਵਿੱਤਰ ਖੂਨ ਸਦਕਾ ਹੀ ਅੰਗਰੇਜ਼ ਰਾਜ ਕਾਲ ਸਮੇਂ ਸੁਤੰਤਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਹੋਂਦ 'ਚ ਆਈ, ਜਿਸ ਨੂੰ ਸਿੱਖ ਪਾਰਲੀਮੈਂਟ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਇਸ ਦੁਖਾਂਤਕ ਸਾਕੇ ਨੂੰ ਸ਼ਬਦੀ ਰੂਪ ਨਹੀਂ ਦਿੱਤਾ ਜਾ ਸਕਦਾ। ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ 'ਤੇ ਦਰਸ਼ਨ-ਦੀਦਾਰ ਕਰ ਰਹੇ ਸ਼ਾਂਤਮਈ ਗੁਰਸਿੱਖਾਂ 'ਤੇ ਜਦੋਂ ਮਹੰਤ ਤੇ ਉਸ ਦੇ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰਸਾਇਆ ਹੋਵੇਗਾ, ਕਿੰਨੀ ਕਰੁਣਾਮਈ-ਦੁਖਦਾਈ ਘੜੀ ਹੋਵੇਗੀ, ਕੇਵਲ ਕਲਪਨਾ ਹੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੇ ਆਪਣੇ ਪਾਕ-ਪਵਿੱਤਰ ਖੂਨ ਨਾਲ ਮਹੰਤਾਂ ਦੇ ਪਾਪਾਂ ਨਾਲ ਗੰਧਲੀ ਹੋਈ ਧਰਤੀ ਨੂੰ ਧੋ ਕੇ ਪਵਿੱਤਰ ਕਰ ਦਿੱਤਾ। ਕੋਮਲ-ਦਿਲ ਕਵੀ ਚਰਨ ਸਿੰਘ ਸ਼ਫ਼ਰੀ ਦੇ ਬੋਲ ਹਨ :

ਸੜਦੇ ਜੰਡ ਨੇ ਪੁੱਛਿਆ ਭੱਠ ਕੋਲੋਂ-ਸੜਨ ਵਾਲਾ ਕੀ ਸੜ ਕੇ ਮਰ ਗਿਆ ਏ?

ਭਖਦੇ ਭੱਠ ਨੇ ਅੱਗੋਂ ਜੁਆਬ ਦਿੱਤਾ-ਉਹ ਤਾਂ ਮੈਨੂੰ ਵੀ ਠੰਢਿਆਂ ਕਰ ਗਿਆ ਏ...


ਕਿੰਨੇ ਸਬਰ, ਸਹਿਜ, ਸੀਤਲਤਾ ਦੇ ਧਾਰਨੀ ਹੋਣਗੇ ਗੁਰੂ-ਘਰ ਦੇ ਪਰਵਾਨੇ-ਗੁਰਸਿੱਖ, ਜਿਨ੍ਹਾਂ ਨੂੰ ਜ਼ਿੰਦਾ ਜੰਡ ਨਾਲ ਬੰਨ੍ਹ, ਭੱਠ ਵਿਚ ਸੁੱਟ ਸਾੜਿਆ ਗਿਆ, ਪਰ ਕਿਸੇ ਨੇ ਸੀ ਨਹੀਂ ਉਚਾਰੀ। ਗੁਰਦੁਆਰਾ ਜਨਮ ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪ੍ਰੈਲ, 1921 'ਚ ਮਹੰਤ ਨਰੈਣ ਦਾਸ ਤੇ ਉਸ ਦੇ ਚਾਟੜਿਆਂ 'ਤੇ ਮੁਕੱਦਮਾ ਚੱਲਣਾ ਸ਼ੁਰੂ ਹੋਇਆ। 12 ਅਕਤੂਬਰ, 1921 ਨੂੰ ਮਹੰਤ ਨਰੈਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਮੌਤ ਦੀ ਸਜ਼ਾ, 8 ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈ ਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ। ਪਰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਜੀ ਦੀ ਇਤਿਹਾਸਕ ਇਮਾਰਤ, ਵਿਸ਼ਾਲ ਦਰਸ਼ਨੀ ਡਿਉੜੀ ਤੇ ਖੁੱਲ੍ਹਾ ਵਿਹੜਾ ਸਮੇਂ-ਸਥਾਨ ਤੋਂ ਸੁਤੰਤਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ। ਇਹ ਸਾਕੇ ਸਿੱਖੀ-ਸਿਦਕ, ਸਬਰ, ਸਾਹਸ ਤੇ ਸ਼ਹਾਦਤ ਨੂੰ ਪ੍ਰਤੱਖ ਤੌਰ 'ਤੇ ਰੂਪਮਾਨ ਕਰਦੇ ਹਨ। ਲੋੜ ਹੈ ਇਨ੍ਹਾਂ ਤੋਂ ਪ੍ਰੇਰਨਾ ਲੈ ਸਿੱਖ ਜੀਵਨ ਜਾਚ 'ਚ ਸਤਿ-ਸੰਤੋਖ ਦੇ ਧਾਰਨੀ ਹੋ ਸਮੇਂ ਦੇ ਹਾਣੀ ਹੋਣ ਦੀ!

ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ 'ਚ ਸਥਾਪਿਤ ਕੀਤਾ ਅਤੇ ਸ਼ਹੀਦੀ ਜੀਵਨ ਪੁਸਤਕ ਉਚੇਚੇ ਤੌਰ 'ਤੇ ਲਿਖਵਾਈ, ਜਿਸ ਵਿਚ 86 ਸ਼ਹੀਦਾਂ ਦਾ ਜੀਵਨ ਵਰਣਨ ਕੀਤਾ ਗਿਆ।

ਦੇਸ਼ ਦੀ ਵੰਡ ਸਮੇਂ ਤੱਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਰਹੀ, ਪਰ ਦੇਸ਼ ਦੇ ਬਟਵਾਰੇ ਨਾਲ ਜਿੱਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿਛੜ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਹਰ ਸਿੱਖ ਸਵੇਰੇ-ਸ਼ਾਮ ਇਨ੍ਹਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ-ਦੀਦਾਰ ਲਈ ਅਰਜੋਈ-ਜੋਦੜੀ ਕਰਦਾ ਹੈ।

ਜਿਸ ਧਰਤ ਸੁਹਾਵੀ ਤੋਂ 'ਨਾਨਕ ਨਿਰਮਲ ਪੰਥ' ਦਾ ਆਗਾਜ਼ ਹੋਇਆ, ਉਸ ਧਰਤੀ ਦੇ ਜ਼ਰੇ-ਜ਼ਰੇ ਨਾਲ ਹਰ ਨਾਨਕ ਨਾਮ ਲੇਵਾ ਦੀ ਮੁਹੱਬਤ ਹੋਣੀ ਲਾਜ਼ਮੀ ਹੈ। ਜਿਸ ਧਰਤੀ ਤੋਂ ਚੱਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਸੰਦੇਸ਼ ਸਮੁੱਚੀ ਮਾਨਵਤਾ ਨੂੰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਜਬਰ-ਜ਼ੁਲਮ ਦੇ ਵਿਰੁੱਧ ਬੁਲੰਦ-ਆਵਾਜ਼ ਸਮੇਂ ਦੇ ਬਾਦਸ਼ਾਹ ਬਾਬਰ ਨੂੰ ਜਾਬਰ ਕਹਿ ਸਮੇਂ-ਸਥਾਨ ਤੇ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਸਮੇਂ ਸਿਰ ਸੱਚ ਦੇ ਸਿਧਾਂਤ ਲਿਖੇ, ਸੱਚ ਦੇ ਸੋਹਲੇ ਗਾਏ-ਸੱਚ ਨੂੰ ਜੀਵਨ 'ਚ ਜੀਅ ਕੇ ਦਰਸਾਇਆ। ਪਰ ਅੱਜ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਦਵਾਉਣ ਵਾਲੇ ਹੀ ਬਹੁਤੇ ਸਮੇਂ ਸਿਰ ਸੱਚ ਤਾਂ ਕੀ ਬੋਲਣਾ, ਸਗੋਂ ਸੱਚ ਬੋਲਣ ਤੋਂ ਹੀ ਕੰਨੀ ਕਤਰਾਉਂਦੇ ਹਾਂ।

-ਮੋਬਾ: 98146-37979




# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 55

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਸਆਦਤਯਾਰ ਖ਼ਾਂ ਸੂਬੇਦਾਰ ਲਾਹੌਰ

ਏਸ ਸਮੇਂ ਸਿੰਘਾਂ ਨੇ ਆਪੋ ਆਪਣੇ ਇਲਾਕੇ ਫੇਰ ਮੱਲ ਲਏ ਤੇ ਇਲਾਕਿਆਂ ਵਿਚ ਥਾਂ ਥਾਂ ਕਿਲੇ ਬਣਾ ਲਏ। ਸ: ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿੱਚ ਕਿਲਾ ਬਣਾ ਲਿਆ ਤੇ ਟਾਕਰੇ ਲਈ ਉਸਨੂੰ ਚੰਗੀ ਤਰਾਂ ਪੱਕਾ ਕਰ ਲਿਆ ਫ਼ ਇਲਾਕਿਆਂ ਇਲਾਕੇ ਸਿੱਖਾਂ ਦੇ ਕਬਜ਼ੇ ਵਿਚ ਚਲੇ ਗਏ। ਪਿੰਡਾਂ ਦੇ ਜ਼ਿਮੀਂਦਾਰ ਬਹੁਤੇ ਆਪ ਸਿੱਖ ਬਣ ਗਏ ਤੇ ਰਹਿੰਦਿਆਂ ਨੇ ਸਿੱਖਾਂ ਦੀ ਈਨ ਮੰਨ ਲਈ। ਪਠਾਣਾਂ ਦਾ ਰਾਜ ਕੇਵਲ ਸ਼ਹਿਰਾਂ ਦੀਆਂ ਕੰਧਾਂ ਦੇ ਅੰਦਰ-ਅੰਦਰ ਹੀ ਰਹਿ ਗਿਆ ਸੀ। ਬਾਹਰ ਪਿੰਡਾਂ ਵਿਚ ਸਾਰੇ ਸਿੱਖਾਂ ਦਾ ਰਾਜ ਕਾਇਮ ਹੋ ਗਿਆ ਸੀ।

### ਰੁਸਤਮ ਖਾਂ ਸਿੱਖਾਂ ਦੇ ਕਾਬੂ

ਕੋਈ ਹਾਕਮ ਦਲੇਰੀ ਕਰਕੇ ਸ਼ਹਿਰੋਂ ਬਾਹਰ ਨਿਕਲਦਾ ਵੀ, ਤਾਂ ਉਸ ਨੂੰ ਆਪਣੀ ਭੁੱਲ ਉਤੇ ਜ਼ਰੂਰ ਪਛਤਾਉਣਾ ਪੈਂਦਾ। ਸਿਆਲਕੋਟ ਦੇ ਫ਼ੌਜਦਾਰ ਰੁਸਤਮ ਖ਼ਾਂ ਨੇ ਅਜੇਹੀ ਭੁੱਲ ਕੀਤੀ। ਅਕਤੂਬਰ, 1760 ਈ: ਵਿਚ ਉਹ ਫ਼ੌਜ ਲੈ ਕੇ ਸਿੱਖਾਂ ਦੇ ਮਗਰ ਪਿਆ। ਲੜਾਈ ਵਿਚ ਉਹਦੀ ਫ਼ੌਜ ਹਾਰ ਗਈ ਤੇ ਉਹ ਸਿੱਖਾਂ ਦੇ ਕਾਬੂ ਆ ਗਿਆ। ਅੰਤ ਉਹਨੇ ਨਜ਼ਰਾਨਾ ਦੇ ਕੇ ਸਿੱਖਾਂ ਤੋਂ ਰਿਹਾਈ ਪਾਈ।

### ਰੁਸਤਮ ਖਾਂ ਸਿੱਖਾਂ ਦੇ ਕਾਬੂ

ਸਾਰਾ ਉਦਾਲਾ ਮੱਲ ਕੇ ਸਿੱਖ ਲਾਹੌਰ ਦੇ ਨੇੜੇ ਆ ਢੁਕੇ। ਉਹਨਾਂ ਸ਼ਹਿਰ ਦੀਆਂ ਕੰਧਾਂ ਤਕ ਛਾਪੇ ਮਾਰ-ਮਾਰ ਕੇ ਸੂਬੇਦਾਰ ਦਾ ਨੱਕ ਦਮ ਕਰ ਦਿੱਤਾ। ਬਾਹਰ ਨਿਕਲ ਕੇ ਸਿੱਖਾਂ ਦਾ ਟਾਕਰਾ ਕਰਨ ਦੀ ਆਦਤਯਾਰਖ਼ਾਂ ਵਿਚ ਹਿੰਮਤ ਨਹੀਂ ਸੀ। ਸੋ, ਉਹਨੇ ਤੰਗ ਆ ਕੇ ਲਾਹੌਰ ਦੀ ਹਕੂਮਤ ਵੱਲੋਂ ਆਪਣਾ ਤਿਆਗ-ਪੱਤਰ (ਇਸਤੀਫ਼ਾ) ਸਰ ਬੁਲੰਦ ਖ਼ਾਂ ਦੀ ਸੇਵਾ ਵਿਚ ਭੇਜ ਦਿੱਤਾ।

### ਦੀਵਾਨ ਸੂਰਤ ਸਿੰਘ ਸੂਬੇਦਾਰ ਲਾਹੌਰ

ਪਰ ਸਦਕੇ ਆਖੋ ਸਰਬੁਲੰਦਖ਼ਾਂ ਦੇ, ਉਹ ਫੇਰਵੀ ਜਲੰਧਰੋਂ ਬਾਹਰ ਨਾ ਨਿਕਲਿਆ। ਉਹਨੇ ਓਥੇ ਬੈਠੇ ਹੀ ਲਾਹੌਰ ਦੀ ਹਕੂਮਤ ਦੀਵਾਨ ਸੂਰਤ ਸਿੰਘ (ਹਿੰਦੂ) ਦੇ ਨਾਮ ਲਿਖ ਭੇਜੀ।

### ਮੀਰ ਮੁਹੰਮਦ ਖਾਂ ਸੂਬੇਦਾਰ ਲਾਹੌਰ

ਦੀਵਾਨ ਇਹ ਕੰਮ ਸੰਭਾਲਣ ਵਾਸਤੇ ਤਿਆਰ ਨਹੀਂ ਸੀ, ਪਰ ਕੁਛ ਚਿਰ ਵਾਸਤੇ ਬਦੋਬਦੀ ਇਹ ਅਹੁਦਾ ਉਹਦੇ ਮੱਥੇ ਮੱੜਿਆ ਗਿਆ। ਅੰਤ ਮੀਰ ਮੁਹੰਮਦ ਖ਼ਾਂ ਨੂੰ ਲਾਹੌਰ ਦਾ ਹਾਕਮ ਬਣਾ ਕੇ ਭੇਜਿਆ ਗਿਆ।

### ਸਰਹਿੰਦ ਲੁੱਟੀ

ਸਿੰਘਾਂ ਨੂੰ ਪਤਾ ਲੱਗਾ, ਕਿ ਜ਼ੈਨਖ਼ਾਂ ਸਰਹਿੰਦ ਵਿਚੋਂ ਬਾਹਰ ਗਿਆ ਹੋਇਆ ਹੈ। ਸ: ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਸਿੰਘ ਰਾਤੋ ਰਾਤ ਧਾਈਕੋਂ ਸਰਹਿੰਦ ਜਾਂ ਵੜੇ। ਉਸ ਵੇਲੇ ਮਲੇਰਕੋਟਲੇ ਵਾਲਾ ਭੀਖਣਖ਼ਾਂ ਸਰਹਿੰਦ ਵਿਚ ਸੀ। ਉਹਨੇ ਕਿਲਾ ਤਾਂ ਲੁੱਟੇ ਜਾਣ ਤੋਂ ਬਚਾ ਲਿਆ, ਪਰ ਬਾਕੀ ਦਾ ਸ਼ਹਿਰ ਸਿੰਘਾਂ ਨੇ ਲੁੱਟ ਲਿਆ।

ਖ਼ਬਰ ਸੁਣ ਕੇ ਜ਼ੈਨਖ਼ਾਂ ਵਾਪਸ ਸਰਹਿੰਦ ਨੂੰ ਮੁੜਿਆ। ਪਰ ਉਹਦੇ ਆਉਣ ਤੋਂ ਪਹਿਲਾਂ ਹੀ ਸਿੰਘ ਦੂਰ ਨਿਕਲ ਗਏ। ਜੱਥੇ ਨਾਲੋਂ ਵਿਛੜੇ ਹੋਏ ਚਾਰ-ਪੰਜ ਸਿੰਘ ਵੈਰੀ ਦੇ ਕਾਬੂ ਆ ਗਏ, ਜੋ ਸਰਹਿੰਦ ਵਿਚ ਕੈਦ ਕਰ ਦਿੱਤੇ ਗਏ। ਜ਼ੈਨਖ਼ਾਂ ਦੀ ਬੇਗ਼ਮ ਨੇ ਉਸਨੂੰ ਕਿਹਾ, ਕਿ ਮੈਂ ਸਿੰਘ ਕਦੇ ਨਹੀਂ ਵੇਖੇ।

### ਜ਼ੈਨਖ਼ਾਂ ਦੀ ਬੇਗਮ ਤੇ ਸਿੰਘ

ਉਸਦਾ ਚਾ ਪੂਰਾਕਰਨ ਬਦਲੇ ਕੈਦੀ ਸਿੰਘਾਂ ਨੂੰ ਸ਼ਸਤਰ ਸਜਾ ਕੇ (ਪੈਰੀਂ ਬੇੜੀਆਂ ਪਾ ਕੇ) ਉਸ ਦੇ ਸਾਮਣੇ ਕੀਤਾ ਗਿਆ। ਸਿੰਘਾਂ ਦੇ ਦਰਸ਼ਨ ਕਰਦਿਆਂ ' ਬੇਗਮ ਡਰ ਨਾਲ ਬੇਹੋਸ਼ ਹੋ ਕੇ ਡਿਗ ਪਈ। ਸਰਹਿੰਦੋਂ ਨਿਕਲ ਕੇ ਸਿੰਘਾਂ ਨੇ ਮਲੇਰ ਕੋਟਲਾ ਆ ਲੁੱਟਿਆ। ਏਥੋਂ ਵਿਹਲੇ ਹੋ ਕੇ ਸਿੰਘ ਪੱਟੀ ਵੱਲ ਵਧੇ। ਜਦ ਅਬਦਾਲੀ ਲਾਹੌਰ ਵਿਚ ਸੀ, ਪੱਟੀ ਦੇ ਮੀਰ ਮੁਹੰਮਦ ਨੇ ਪਿੰਡਾਂ'ਵਿਚੋਂ ਕੁਛ ਸਿੰਘਣੀਆਂ ਬੰਨ ਲਿਆਂਦੀਆਂ ਸਨ ।

### ਪੱਟੀ ਵਿਚੋਂ ਕੈਦ ਸਿੰਘਣੀਆਂ ਛੁਡਾਈਆਂ

ਜੇਲ ਵਿਚ ਉਹਨਾਂ ਨੂੰ ਬੜੇ ਕਸ਼ਟ ਦਿੱਤੇ ਗਏ। ਉਹਨਾਂ ਦੀਆਂ ਗੋਦੀਆਂ ਵਿਚੋਂ ਦੁੱਧ ਚੁੰਘਦੇ ਬਾਲ ਕਤਲ ਕੀਤੇ ਗਏ ਤੇ ਬੇਟੀਆਂ ਦੇ ਹਾਰ ਪਰੋ ਕੇ ਮਾਂਵਾਂ ਦੇ ਗਲਾਂ ਵਿਚ ਪਾਏ ਗਏ।ਇਹ ਖ਼ਬਰ ਦਲ ਖ਼ਾਲਸੇ ਵਿਚ ਪੁੱਜੀ, ਤਾਂ ਉਹ ਦਰਿਆ ਟੱਪ ਕੇ ਪੱਟੀ ਉੱਤੇ ਆ ਪਏ। ਮੀਰ ਮੁਹੰਮਦ ਕਤਲ ਕਰ ਕੇ ਸਾੜ ਦਿੱਤਾ ਗਿਆ ਤੇ ਸਿੰਘਣੀਆਂ ਜੇਲ ਵਿਚੋਂ ਕਢ ਕੇ ਘਰੋਘਰੀ ਪੁਚਾਈਆਂ ਗਈਆਂ ।

### ਨੂਰੁੱਦੀਨ ਨੂੰ ਸ਼ਕਸਤ ਦਿੱਤੀ

ਸਿੰਘਾਂ ਨੂੰ ਖ਼ਬਰ ਮਿਲੀ, ਕਿ ਅਬਦਾਲੀ ਦਾ ਭੇਜਿਆ ਹੋਇਆ ਜਰਨੈਲ ਨੂਰੁੱਦੀਨਫ਼ੌਜ ਲੈ ਕੇ ਪੰਜਾਬ ਵਿਚ ਆ ਵੜਿਆ ਹੈ। ਸ: ਚੜ੍ਹਤ ਸਿੰਘ ਸੁਕਰਚੱਕੀਏ ਨੇ ਕੁਛ ਹੋਰ ਮਿਸਲਾਂ ਦੇ ਸਰਦਾਰਾਂ ਨੂੰ ਨਾਲ ਲੈ ਕੇ ਨੂਰੁੱਦੀਨ ਨੂੰ ਝਨਾਂ ਕੰਢੇ ਜਾ ਰੋਕਿਆ। ਬੜੀ ਲਹੂ ਡੋਲਵੀਂ ਲੜਾਈ ਹੋਈ। ਨੂਰੁੱਦੀਨ ਹਾਰ ਕੇ ਸਿਆਲਕੋਟ ਜਾ ਵੜਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ ਓਥੇ ਜਾ ਘੇਰਿਆ। ਨੂਰੁੱਦੀਨ ਇਕ ਰਾਤ ਫ਼ਕੀਰੀ ਭੇਸ ਵਿਚ ਨੱਸ ਗਿਆ ਤੇ ਉਸਦੀ ੧੨ ਹਜ਼ਾਰ ਦੁਰਾਨੀਫ਼ੌਜ ਨੇ ਹਥਿਆਰ ਸੁੱਟ ਦਿੱਤੇ। ਇਹ ਘਟਨਾ ਅਗਸਤ 1761 ਈ। ਦੀ ਹੈ। ਸ: ਚੜ੍ਹਤ ਸਿੰਘ ਨੇ ਸਿਆਲਕੋਟ ਲੁੱਟ ਲਿਆ। ਦੁਰਾਨੀਫ਼ੌਜ ਦਾ ਜੰਗੀ ਸਾਮਾਨ ਉਸਦੇ ਕਾਬੂ ਆ ਗਿਆ, ਜੋ ਉਹ ਗੁੱਜਰਾਂਵਾਲੇ ਆਪਣੇ ਕਿਲੇ ਵਿਚ ਲੈ ਆਇਆ। ਇਸ ਵੇਲੇ ਸ: ਚੜ੍ਹਤ ਸਿੰਘ ਸੁਕਰਚੱਕੀਏ ਦੀ ਤਾਕਤ ਚੰਗੀ ਵਧ ਗਈ ਸੀ। ਉਹਨੇ ਗੁਜਰਾਂਵਾਲੇ ਦੇ ਕਿਲੇ ਨੂੰ ਤਕੜਾ ਕਰ ਲਿਆ। ਲਾਹੌਰ ਦੇ ਏਨੇ ਨੇੜੇ ਸਿੱਖਾਂ ਦੀ ਵਧਦੀ ਤਾਕਤ ਵੇਖ ਕੇ ਸੂਬੇਦਾਰ ਉਬੇਦਖ਼ਾਂ ਸੜ ਬਲ ਗਿਆ।

### ਉਬੇਦਖ਼ਾਂ ਨੇ ਗੁਜਰਾਂ-ਵਾਲਾ ਘੇਰ ਲਿਆ

ਉਹਨੇ ਵੀਹ ਹਜ਼ਾਰ ਫ਼ੌਜ ਤੇ ਤੋਪਖ਼ਾਨਾ ਲੈ ਕੇ ਗੁਜਰਾਂਵਾਲੇ ਵਿਚ ਸ: ਚੜ੍ਹਤ ਸਿੰਘ ਨੂੰ ਜਾ ਘੇਰਿਆ। ੧੩ ਦਿਨ ਘੇਰਾ, ਰਿਹਾ। ਬਾਕੀ ਸਿੰਘਾਂ ਨੂੰ ਪਤਾ ਲੱਗਾ, ਤਾਂ ਸ: ਜੱਸਾ ਸਿੰਘ ਆਹਲੂ ਵਾਲੀਐ, ਸ: ਹਰੀ ਸਿੰਘ ਭੰਗੀ, ਸ: ਗੁੱਜਰ ਸਿੰਘ, ਸ: ਜੈ ਸਿੰਘ ਕਨ੍ਹਈਆ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ, ਆਦਿ ਫ਼ੌਜ ਲੈ ਕੇ ਗੁਜਰਾਂਵਾਲੇ ਆ ਗਏ। ਉਹਨਾਂ ਉਬੇਦਖ਼ਾਂ ਨੂੰ ਘੇਰੇ ਵਿਚ ਲੈ ਲਿਆ ਤੇ ਅਗਲੇ ਦਿਨ ਧਾਵਾ ਬੋਲਣ ਦਾ ਮਤਾ ਪਕਾਇਆ। - ਚਲਦਾ

---

# ਆਪਣਿਆਂ ਤੋਂ ਸਹਾਰਾ ਲੋਚਦੀ ਮਾਂ-ਬੋਲੀ ਪੰਜਾਬੀ

ਮਾਂ ਬੋਲੀ ਜੋ ਇੱਕ ਬੱਚੇ ਨੂੰ ਆਪਣੀ ਮਾਂ ਦੇ ਦੁੱਧ ਨਾਲ ਹੀ ਵਿਰਸੇ ਵਿੱਚ ਮਿਲਦੀ ਹੈ । ਮਾਂ - ਬੋਲੀ ਦੇ ਜੇ ਸ਼ਬਦੀ ਅਰਥ ਕਰੀਏ ਤਾਂ ਉਹ ਬੋਲੀ ਜੋ ਅਸੀ ਆਪਣੀ ਮਾਂ ਤੋਂ ਗ੍ਰਹਿਣ ਕਰਦੇ ਹਾਂ ਉਹ ਸਾਡੀ ਮਾਂ - ਬੋਲੀ ਹੁੰਦੀ ਹੈ । ਮਾਂ - ਬੋਲੀ ਨੂੰ ਸਿੱਖਣ ਲਈ ਸਾਨੂੰ ਕੋਈ ਖਾਸ ਕੋਸ਼ਿਸ਼ ਨਹੀ ਕਰਨੀ ਪੈਂਦੀ ਕਿਉਂਕਿ ਇਹ ਤਾਂ ਸਾਡੇ ਅੰਦਰ ਧੜਕਦੇ ਦਿਲ ਦੀ ਬੋਲੀ ਹੈ । ਮਾਂ - ਬੋਲੀ ਵਿੱਚ ਹੀ ਬੱਚੇ ਨੂੰ ਗੁੜ੍ਹਤੀ ਦਿੱਤੀ ਜਾਂਦੀ ਹੈ , ਲੋਰੀਆਂ ਸੁਣਾਈਆਂ ਜਾਂਦੀਆਂ ਹਨ । ਮਾਂ - ਬੋਲੀ ਕਾਰਨ ਹੀ ਬੱਚੇ ਤੇ ਮਾਂ ਵਿਚਕਾਰ ਭਵਨਾਤਮਕ ਰਿਸ਼ਤਾ ਪਨਪਦਾ ਹੈ । ਮਾਂ - ਬੋਲੀ ਰਾਹੀਂ ਬੱਚੇ ਦਾ ਮਾਨਸਿਕ ਵਿਕਾਸ ਹੁੰਦਾ ਹੈ । ਵਿਦਵਾਨ ਇਸ ਗੱਲ ਨੂੰ ਮੰਨਦੇ ਹਨ ਕਿ ਵਿਅਕਤੀ ਜਿੰਨੀਆਂ ਮਰਜੀ ਭਾਸ਼ਾਵਾਂ ਸਿੱਖ ਲਵੇ ਪਰ ਉਹ ਸੋਚਦਾ ਹਮੇਸ਼ਾ ਆਪਣੀ ਮਾਤ ਭਾਸ਼ਾ ਵਿੱਚ ਹੈ ।

ਮਾਂ - ਬੋਲੀ ਅਸਲ ਵਿੱਚ ਇੱਕ ਖਿੱਤੇ , ਇੱਕ ਸੂਬੇ ਦੇ ਲੋਕਾਂ ਨੂੰ ਪਿਆਰ ਦੀਆਂ ਤੰਦਾਂ ਵਿੱਚ ਪਰੋਏ ਰੱਖਣ ਵਾਲੀ ਬੋਲੀ ਹੁੰਦੀ ਹੈ ਜਿਸ ਵਿੱਚ ਉਨ੍ਹਾਂ ਦੇ ਦੁੱਖ - ਸੁੱਖ , ਤੰਗੀਆਂ - ਤੁਰਛੀਆਂ ਸਭ ਕੁਝ ਸਾਂਝਾ ਹੁੰਦਾ ਹੈ । ਹਰ ਸੂਬੇ ਦੀ ਆਪਣੀ ਬੋਲੀ ਹੈ । ਗੁਜਰਾਤ ਵਿੱਚ ਰਹਿਣ ਵਾਲਿਆਂ ਦੀ ਗੁਜਰਾਤੀ , ਮਹਾਰਾਸ਼ਟਰ ਵਿੱਚ ਰਹਿਣ ਵਾਲਿਆਂ ਦੀ ਮਰਾਠੀ , ਪੱਛਮੀ ਬੰਗਾਲ ਵਿੱਚ ਰਹਿਣ ਵਾਲਿਆਂ ਦੀ ਬੰਗਾਲੀ ।ਇਸੇ ਤਰ੍ਹਾਂ ਪੰਜਾਬ ਵਿੱਚ ਰਹਿਣ ਵਾਲਿਆਂ ਦੀ ਮਾਂ - ਬੋਲੀ ਪੰਜਾਬੀ ਹੈ । ਇਸ ਮਾਂ - ਬੋਲੀ ਪੰਜਾਬੀ ਨੇ ਸਾਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਮਾਣ ਦਿਵਾਇਆ ਹੈ । ਇਸ ਬਾਰੇ ਪ੍ਰਿੰਸੀਪਲ ਤੇਜਾ ਸਿੰਘ ਨੇ ਲਿਖਿਆ ਹੈ , 'ਮਾਂ - ਬੋਲੀ ਅਜਿਹੀ ਬੋਲੀ ਹੈ ਜੋ ਮਨੁੱਖ ਨੂੰ ਮਾਂ ਤੋਂ ਕੁੱਖ ਵਿੱਚ ਅਤੇ ਪਿਉ ਤੋਂ ਗੁੜ੍ਹਤੀ ਵਿੱਚ ਮਿਲਦੀ ਹੈ ਤੇ ਕੁੱਖ ਤੋਂ ਕਬਰ ਤੱਕ ਇੱਕ ਪਰਛਾਵੇਂ ਵਾਂਗ ਮਨੁੱਖ ਦੇ ਨਾਲ - ਨਾਲ ਰਹਿੰਦੀ ਹੈ ।

ਕੁਝ ਦਿਨ ਪਹਿਲਾਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਦਿਵਸ ਮੌਕੇ 'ਇਕ ਰਾਸ਼ਟਰ ਇਕ ਭਾਸ਼ਾ' ਦੀ ਗੱਲ ਕੀਤੀ ਤਾਂ ਸਾਰੇ ਪੰਜਾਬੀਆਂ ਨੇ ਇਸ ਬਿਆਨ ਦੀ ਵਿਰੋਧਤਾ ਕੀਤੀ । ਇਹ ਵਿਰੋਧਤਾ ਸਹੀ ਵੀ ਹੈ ਕਿਉਂਕਿ ਭਾਰਤ ਭਿੰਨਤਾਵਾਂ ਵਾਲਾ ਦੇਸ਼ ਹੈ ਇਥੇ ਹਰ ਧਰਮ , ਹਰ ਜਾਤ , ਹਰ ਭਾਸ਼ਾ ਦੇ ਲੋਕ ਰਹਿੰਦੇ ਹਨ ।ਇਸ ਲਈ 'ਇਕ ਰਾਸ਼ਟਰ ਇਕ ਭਾਸ਼ਾ' ਸੰਭਵ ਨਹੀ ਹੈ । ਪਰ ਜੇ ਗੱਲ ਕਰੀਏ ਪੰਜਾਬੀ ਮਾਂ - ਬੋਲੀ ਦੀ ਤਾਂ ਪੰਜਾਬੀ ਦਾ ਗੜ੍ਹ ਪੰਜਾਬ ਹੈ । ਪੰਜਾਬ ਅੰਦਰ ਮਾਂ - ਬੋਲੀ ਦੀਆਂ ਜੜ੍ਹਾਂ ਹਨ ਪਰ ਇਹ ਜੜ੍ਹਾਂ ਤਾਂ ਪੰਜਾਬ ਅੰਦਰ ਹੀ ਖੋਖਲੀਆਂ ਹੋ ਰਹੀਆਂ ਹਨ । ਜੇ ਪੰਜਾਬੀ ਮਾਂ - ਬੋਲੀ ਦੀ ਵਰਤਮਾਨ ਹਾਲਤ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਸਾਡੀ ਮਾਂ - ਬੋਲੀ ਅੱਜ ਆਪਣੇ ਘਰ ਤੋਂ ਹੀ ਬੇਘਰ ਹੋ ਚੁੱਕੀ ਹੈ ।ਜਦੋਂ ਬੇਗਾਨਿਆਂ ਨੇ ਸਾਡੀ ਮਾਂ - ਬੋਲੀ ਦਾ ਨਿਰਾਦਰ ਕੀਤਾ ਤਾਂ ਸਾਨੂੰ ਤਕਲੀਫ ਹੋਈ ਪਰ ਸਾਡੇ ਆਪਣੇ ਘਰਾਂ ਵਿੱਚ ਤਾਂ ਰੋਜ ਸਾਡੀ ਮਾਂ - ਬੋਲੀ ਦਾ ਨਿਰਾਦਰ ਹੁੰਦਾ ਹੈ ।

ਆਧੁਨਿਕਤਾ ਨੇ ਪੰਜਾਬੀਆਂ ਨੂੰ ਇੰਨਾ ਭਰਮਾਇਆ ਹੈ ਕਿ ਅੱਜ ਪੰਜਾਬੀ ਬੋਲਣਾ ਅਨਪੜ੍ਹਤਾ ਦੀ ਨਿਸ਼ਾਨੀ ਸਮਝੀ ਜਾਂਦੀ ਹੈ । ਕਿਸੇ ਵੀ ਸਕੂਲ , ਕਾਲਜ , ਦਫਤਰ ਵਿੱਚ ਚਲੇ ਜਾਉ , ਹਰ ਜਗ੍ਹਾ ਹਿੰਦੀ ਜਾਂ ਅੰਗਰੇਜੀ ਬੋਲਣ ਨੂੰ ਤਰਜੀਹ ਦਿੱਤੀ ਜਾਂਦੀ ਹੈ ।ਪੰਜਾਬ ਦੇ ਸਰਕਾਰੀ ਸਕੂਲਾਂ ਦੀ ਜੇ ਗੱਲ ਕਰੀਏ ਜਿੱਥੇ ਪੰਜਾਬੀ ਮਾਧਿਅਮ ਰਾਹੀਂ ਪੜ੍ਹਾਈ ਹੁੰਦੀ ਹੈ ,ਉਥੇ ਸਾਡੇ ਬੱਚੇ ਪੜ੍ਹਨਾ ਨਹੀ ਚਾਹੁੰਦੇ ਜਾਂ ਮਾਪੇ ਪੜ੍ਹਾਉਣਾ ਹੀ ਨਹੀ ਚਾਹੁੰਦੇ ਕਿਉਂਕਿ ਪ੍ਰਾਈਵੇਟ ਸਕੂਲਾਂ ਵਿੱਚ ਅੰਗਰੇਜੀ ਮਾਧਿਅਮ ਰਾਹੀਂ ਪੜ੍ਹਾਉਣਾ ਸਾਡਾ ਸਟੇਟਸ ਸਿੰਬਲ ਬਣ ਚੁੱਕਾ ਹੈ । ਅਸੀ ਪੰਜਾਬੀਆਂ ਨੇ ਕੀ ਕਦੇ ਇਹ ਸੋਚਿਆ ਹੈ ਕਿ ਥਾਂ - ਥਾਂ 'ਤੇ 'ਪੰਜਾਬੀ ਪੜ੍ਹੋ , ਬੋਲੋ , ਲਿਖੋ' ਦੇ ਬੋਰਡ ਲਾਉਣ ਦੀ ਸਾਨੂੰ ਕਿਉਂ ਲੋੜ ਪਈ ਕਿਉਂਕਿ ਇਹ ਸੱਚ ਹੈ ਕਿ ਸਾਡੀ ਮਾਂ - ਬੋਲੀ ਅੱਜ ਆਪਣੇ ਘਰ ਤੋਂ ਹੀ ਬੇਘਰ ਹੋ ਚੁੱਕੀ ਹੈ ਅਤੇ ਆਪਣਿਆਂ ਤੋਂ ਸਹਾਰਾ ਲੋਚਦੀ ਹੈ।

ਪੰਜਾਬ ਦੇ ਕਿੰਨੇ ਘਰ ਹਨ ਜਿੱਥੇ ਬੱਚਿਆਂ ਨੂੰ ਮਾਂ - ਬੋਲੀ ਨਾਲ ਜੋੜਨ ਲਈ ਦਾਦੀ - ਨਾਨੀ ਕਹਾਣੀਆਂ ਸੁਣਾਉਂਦੀ ਹੋਵੇ , ਬੁਝਾਰਤਾਂ ਪਾਉਂਦੀ ਹੋਵੇ ਜਾਂ ਬੱਚਿਆਂ ਨੂੰ ਵੀਰ ਗਾਥਾਵਾਂ ਸੁਣਾਈਆਂ ਜਾਂਦੀਆਂ ਹੋਣ । ਨੌਜਵਾਨ ਬੱਚੇ ਆਪਣੇ ਪੰਜਾਬੀ ਸਾਹਿਤ ਤੋਂ ਬਿਲਕੁਲ ਅਣਜਾਣ ਹਨ । ਸਾਡੇ ਬੱਚੇ ਅੰਗਰੇਜੀ ਸਕੂਲਾਂ ਵਿੱਚ ਪੜ੍ਹ ਰਹੇ ਹਨ ਜਿੱਥੇ ਉਨ੍ਹਾਂ ਲਈ ਅੰਗਰੇਜੀ , ਸਾਇੰਸ , ਹਿਸਾਬ ਆਦਿ ਵਿਸ਼ੇ ਪਾਸ ਕਰਨਾ ਤਾਂ ਜਰੂਰੀ ਹੁੰਦਾ ਹੈ ਪਰ ਆਪਣੀ ਮਾਂ - ਬੋਲੀ ਨੂੰ ਕੋਈ ਮਹੱਤਵ ਨਹੀ ਦਿੱਤਾ ਜਾਂਦਾ । ਅੱਜ ਅਸੀ ਕਿਸੇ ਵੀ ਅੰਗਰੇਜੀ



ਸਕੂਲ ਦੇ ਬੱਚੇ ਨੂੰ ਪੁੱਛ ਲਈਏ ਤਾਂ ਉਸ ਨੂੰ ੳ ਅ ੲ ਤੱਕ ਦਾ ਗਿਆਨ ਨਹੀ ਹੁੰਦਾ । ਉਹ ਬੱਚੇ ਨਾ ਪੰਜਾਬੀ ਸਹੀ ਪੜ੍ਹ ਸਕਦੇ ਹਨ ਅਤੇ ਨਾ ਹੀ ਲਿਖ ਸਕਦੇ ਹਨ ਫਿਰ ਅਸੀ ਅਜਿਹੇ ਭਵਿੱਖ ਤੋਂ ਮਾਂ - ਬੋਲੀ ਦੀ ਸੇਵਾ ਦੀ ਕੀ ਆਸ ਰੱਖ ਸਕਦੇ ਹਾਂ ।

ਅਸਲ ਵਿੱਚ ਅਸੀ ਖੁਦ ਆਪਣੀ ਮਾਂ - ਬੋਲੀ ਦੀ ਮਹੱਤਤਾ ਤੋਂ ਜਾਣੂ ਨਹੀ ਹਾਂ । ਸਾਨੂੰ ਖੁਦ ਨੂੰ ਪੰਜਾਬੀ ਭਾਸ਼ਾ ਦੇ ਵਿਸ਼ਾਲ ਖਜਾਨੇ 'ਤੇ ਅਮੀਰ ਸਾਹਿਤ ਦਾ ਗਿਆਨ ਨਹੀ ਹੈ । ਅੱਜ ਅੰਗਰੇਜੀ ਪੜ੍ਹਨਾ , ਬੋਲਣਾ , ਲਿਖਣਾ ਸ਼ਾਨ ਦਾ ਪ੍ਰਤੀਕ ਬਣ ਚੁੱਕਾ ਹੈ । ਇਸ ਲਈ ਸਾਰੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸਮੇ ਦੇ ਹਾਣੀ ਬਣਨ ਪਰ ਉਹ ਇਹ ਨਹੀ ਸੋਚਦੇ ਕਿ ਉਹ ਆਪਣੀ ਮਾਂ - ਬੋਲੀ ਤੋਂ ਕਿੰਨਾ ਦੂਰ ਹੋ ਰਹੇ ਹਨ । ਇਹ ਸਹੀ ਹੈ ਕਿ ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਅੰਗਰੇਜੀ ਦੀ ਮਹੱਤਤਾ ਵਧੀ ਹੈ ਤੇ ਇਸ ਨੂੰ ਸਿੱਖਣਾ ਵੀ ਜਰੂਰੀ ਹੈ ਪਰ ਆਪਣੀ ਮਾਂ - ਬੋਲੀ ਭੁੱਲ ਕੇ ਅੰਗਰੇਜੀ ਦਾ ਪੱਲਾ ਫੜਨਾ ਠੀਕ ਨਹੀ । ਸਾਡੀ ਇਸ ਜੱਗ ਉੱਤੇ ਪਛਾਣ ਪੰਜਾਬੀ ਹੋਣ ਕਰ ਕੇ ਹੈ ਤੇ ਫਿਰ ਕਿਉਂ ਅਸੀ ਖੁਦ ਆਪਣੀ ਪਛਾਣ ਖਤਮ ਕਰਨ 'ਤੇ ਤੁਲੇ ਹੋਏ ਹਾਂ।

'ਇਕ ਰਾਸ਼ਟਰ ਇਕ ਭਾਸ਼ਾ' ਦਾ ਨਾਅਰਾ ਸਾਡੀ ਮਾਂ - ਬੋਲੀ ਦਾ ਕੁਝ ਨਹੀ ਵਿਗਾੜ ਸਕਦਾ ਜਦੋਂ ਤੱਕ ਇਹ ਮਾਂ - ਬੋਲੀ ਸਾਡੇ ਘਰਾਂ ਵਿੱਚ ਜਿਊਂਦੀ ਹੈ , ਸਾਡੇ ਹਿਰਦੇ ਵਿੱਚ ਵੱਸਦੀ ਹੈ ਪਰ ਜੇਕਰ ਇਹ ਸਾਡੇ ਦਿਲ ਅੰਦਰੋਂ ਮਰ ਗਈ ਤਾਂ ਸੱਚਮੁੱਚ ਪੰਜਾਬੀ ਨੂੰ ਕੋਈ ਨਹੀ ਬਚਾ ਸਕਦਾ । ਪੰਜਾਬੀਓ ਯਾਦ ਰੱਖੋ ਉਹ ਕੌਮ ਕਦੇ ਜਿਉਂਦੀ ਨਹੀ ਰਹਿ ਸਕਦੀ ਜੋ ਆਪਣੀ ਮਾਂ - ਬੋਲੀ ਤੋਂ ਬੇਮੁੱਖ ਹੋ ਜਾਂਦੀ ਹੈ ਅੱਜ ਲੋੜ ਹੈ ਮਾਂ - ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਨੂੰ ਇੱਕਜੁੱਟ ਹੋ ਕੇ ਪੰਜਾਬੀ ਭਾਸ਼ਾ ਦੇ ਬਚਾਓ , ਉਸਦੇ ਵਿਕਾਸ ਲਈ ਯਤਨ ਕਰਨ ਦੀ ਅਤੇ ਇਹ ਕੰਮ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਹੀ ਸ਼ੁਰੂ ਕਰਨਾ ਪਵੇਗਾ ।ਜੇਕਰ ਅਸੀ ਆਪਣੇ ਘਰਾਂ ਵਿੱਚ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੇ ਅਮੀਰ ਖਜਾਨੇ ਨਾਲ ਜੋੜਾਂਗੇ ਤਾਂ ਹੀ ਇਹ ਭਾਸ਼ਾ ਪੀੜ੍ਹੀਆਂ ਦਾ ਸਫਰ ਤੈਅ ਕਰ ਸਕੇਗੀ । ਲੋੜ ਹੈ ਪੰਜਾਬੀ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਦੀ , ਆਪਣੇ ਘਰਾਂ ਵਿੱਚ ਇਸ ਮਾਂ - ਬੋਲੀ ਨੂੰ ਬਣਦਾ ਸਤਿਕਾਰ ਦੇਣ ਦੀ ਤਾਂ ਕਿ ਦੁਨੀਆਂ ਵੀ ਇਸ ਦਾ ਸਤਿਕਾਰ ਕਰੇ । ਅਸੀ ਦੂਜਿਆਂ ਤੋਂ ਇਸ ਦੇ ਸਤਿਕਾਰ ਦੀ ਆਸ ਤਦ ਹੀ ਰੱਖ ਸਕਦੇ ਹਾਂ ਜੇ ਖੁਦ ਮਾਂ - ਬੋਲੀ ਨੂੰ ਪਿਆਰ ਤੇ ਸਤਿਕਾਰ ਦੇਵਾਂਗੇ । ਅੰਤ ਵਿੱਚ ਮੈਂ ਇਹੀ ਕਹਾਂਗੀ -

**ਕੁੱਖ ਤੋਂ ਸ਼ੁਰੂ ਹੋਇਆ ਹੈ ਸਫਰ ਪੰਜਾਬੀ ਨਾਲ**
**ਅਸੀ ਕਬਰਾਂ ਤੱਕ ਸਾਥ ਨਿਭਾਉਣਾ ਹੈ**
**ਸਦਾ ਵੱਸਦੀ ਰਹੇ ਪੰਜਾਬੀ ਮਾਂ - ਬੋਲੀ ਸਾਡੀ**
**ਅਸੀ ਕੁੱਲ ਦੁਨੀਆਂ ਵਿੱਚ ਇਸ ਨੂੰ ਰੁਸ਼ਨਾਉਣਾ ਹੈ ।**

**ਜਸਪ੍ਰੀਤ ਕੌਰ ਸੰਘਾ**
**99150- 33176**

# ਪੰਜਾਬੀ ਨੂੰ ਅਣਗੌਲਿਆਂ ਕਰ ਰਹੇ ਪੰਜਾਬੀ

ਲੇਖਕ : ਬਲਜਿੰਦਰ ਮਾਨ
ਸੰਪਰਕ: 98150-18947




ਜੇਕਰ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਸਾਡੀ ਹੋਂਦ ਕਾਇਮ ਹੈ ਤਾਂ ਉਹ ਸਾਡੀ ਮਾਤ ਭਾਸ਼ਾ ਪੰਜਾਬੀ ਕਰਕੇ ਹੀ ਕਾਇਮ ਹੈ। ਜਦੋਂ ਅਸੀਂ ਆਪਣੇ ਇਤਿਹਾਸ ’ਤੇ ਝਾਤ ਮਾਰਦੇ ਹਾਂ ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਮਾਂ ਬੋਲੀ ਨੂੰ ਰੁਤਬਾ ਦਿਵਾਉਣ ਵਾਸਤੇ ਗੁਰੂ ਸਾਹਿਬਾਨ, ਪੀਰਾਂ ਫ਼ਕੀਰਾਂ ਅਤੇ ਸਿੱਧ ਜੋਗੀਆਂ ਦੁਆਰਾ ਦਿੱਤਾ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ। ਵਿਦਵਾਨਾਂ ਅਨੁਸਾਰ ਇਸ ਭਾਸ਼ਾ ਦਾ ਰਿਸ਼ਤਾ ਸਭ ਤੋਂ ਪੁਰਾਣੇ ਵੇਦ ਰਿਗਵੇਦ ਨਾਲ ਵੀ ਜੁੜਦਾ ਹੈ। ਇੱਥੋਂ ਸਿੱਧ ਹੁੰਦਾ ਹੈ ਕਿ ਇਹ ਬੋਲੀ ਮਹਾਨ ਅਤੇ ਮਹਾਨ ਕੌਮ ਦੀ ਜਨਮਦਾਤੀ ਹੈ। ਜੇਕਰ ਪੰਜਾਬੀ ਅਜਿਹੀ ਅਮੀਰ ਵਿਰਾਸਤ ਦੇ ਮਾਲਕ ਹਨ, ਫਿਰ ਉਹ ਆਪਣੀ ਮਾਂ ਬੋਲੀ ਨੂੰ ਤ੍ਰਿਸਕਾਰ ਦਾ ਪਾਤਰ ਕਿਉਂ ਬਣਾ ਰਹੇ ਹਨ। ਅਜੋਕੇ ਸਮੇਂ ਵਿੱਚ ਇਹ ਮਸਲਾ ਗੰਭੀਰ ਤੋਂ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਅਸੀਂ ਆਮ ਤੌਰ ’ਤੇ ਗੱਲਾਂ ਕਰਦੇ ਹਾਂ ਕਿ ਸ਼ਹਿਰਾਂ ਵਿੱਚੋਂ ਪੰਜਾਬੀ ਗਾਇਬ ਹੋ ਗਈ ਹੈ, ਪਰ ਹੁਣ ਤਾਂ ਇਸ ਦੀ ਹਾਲਤ ਪਿੰਡਾਂ ਵਿੱਚ ਵੀ ਤਰਸਯੋਗ ਬਣ ਰਹੀ ਹੈ।

ਦਿਹਾਤੀ ਭਾਰਤ ਵਿੱਚ ਸਿੱਖਿਆ ਦੀ ਸਥਿਤੀ ਸਬੰਧੀ ਏਐੱਸਈਆਰ ਵੱਲੋਂ ਜਾਰੀ ਕੀਤੀ ਰਿਪੋਰਟ ਵਿੱਚ ਪੰਜਾਬ ਦੇ ਪੇਂਡੂ ਸਕੂਲਾਂ ਵਿੱਚ ਵੀ ਪੰਜਾਬੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਜੋ ਬਹੁਤ ਚਿੰਤਾਜਨਕ ਮਸਲਾ ਹੈ। ਰਿਪੋਰਟ ਵਿੱਚ ਸਥਿਤੀ ਇਹ ਦਰਸਾਈ ਗਈ ਹੈ ਕਿ ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 40 ਫ਼ੀਸਦੀ ਬੱਚੇ ਪੰਜਾਬੀ ਦਾ ਇੱਕ ਪੈਰ੍ਹਾ ਪੜ੍ਹਨ ਦੇ ਯੋਗ ਵੀ ਨਹੀਂ ਹਨ। ਭਾਵੇਂ ਕਿ ਗਣਿਤ ਵਿੱਚ ਇਹ ਸਥਿਤੀ ਸਰਕਾਰੀ ਸਕੂਲਾਂ ਦੀ ਬਿਹਤਰ ਦਿਖਾਈ ਦਿੱਤੀ ਹੈ। ਹੈਰਾਨ ਕਰਨ ਵਾਲਾ ਖੁਲਾਸਾ ਇਹ ਵੀ ਹੋਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ 15 ਫ਼ੀਸਦੀ ਤੋਂ ਵੱਧ ਬੱਚੇ ਸਿਰਫ਼ ਅੱਖਰ ਗਿਆਨ ਹੀ ਰੱਖਦੇ ਹਨ ਜਦੋਂਕਿ ਉਨ੍ਹਾਂ ਨੂੰ ਸ਼ਬਦ ਦਾ ਕੋਈ ਗਿਆਨ ਨਹੀਂ ਹੈ। 4.6 ਫ਼ੀਸਦੀ ਬੱਚੇ ਤਾਂ ਅੱਖਰਾਂ ਦੀ ਪਛਾਣ ਵੀ ਨਹੀਂ ਕਰ ਸਕਦੇ। ਦਿਹਾਤੀ ਪੰਜਾਬ ਵਿੱਚ ਸਿੱਖਿਆ ਪੱਧਰ ਦੇ ਹੋਏ ਅਧਿਐਨ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਪੰਜਾਬ ਦੇ ਪੇਂਡੂ ਸਕੂਲਾਂ ਦੇ ਤੀਜੀ ਜਮਾਤ ਦੇ 28 ਫ਼ੀਸਦੀ ਬੱਚੇ ਸਿਰਫ਼ ਪਹਿਲੀ ਜਮਾਤ ਦੀ ਪੁਸਤਕ ਪੜ੍ਹ ਸਕਦੇ ਹਨ। ਭਾਵੇਂ ਪੜ੍ਹਨ ਦੀ ਸਮਰੱਥਾ ਵਿੱਚ 3.4 ਫ਼ੀਸਦੀ ਦਾ ਸੁਧਾਰ ਅਤੇ ਨਿੱਜੀ ਸਕੂਲਾਂ ਦੇ ਬੱਚਿਆਂ ਵਿੱਚ ਲਗਭਗ ਇੱਕ ਫ਼ੀਸਦੀ ਦਾ ਨਿਘਾਰ ਦਰਜ ਕੀਤਾ ਗਿਆ ਹੈ। ਕੁੜੀਆਂ ਦੀ ਪੜ੍ਹਨ ਦੀ ਸਮਰੱਥਾ ਮੁੰਡਿਆਂ ਨਾਲੋਂ ਕਿਤੇ ਬਿਹਤਰ ਦਿਸੀ ਹੈ। 29.5 ਤੋਂ ਉਨ੍ਹਾਂ ਦੀ ਸਥਿਤੀ 31.9 ਤੱਕ ਬਿਹਤਰ ਹੋਈ ਹੈ। ਜਦੋਂਕਿ ਅੱਠਵੀਂ ਜਮਾਤ ਦੇ ਮੁੰਡਿਆਂ ਨੇ ਇਸ ਖੇਤਰ ਵਿੱਚ 2022 ਦੇ ਮੁਕਾਬਲੇ 81.2 ਫ਼ੀਸਦੀ ਤੋਂ 2024 ਵਿੱਚ ਘਟ ਕੇ 71 ਫ਼ੀਸਦੀ ਨਾਲ ਗਿਰਾਵਟ ਦਰਜ ਕਰਵਾਈ ਹੈ।

ਅਜਿਹੀ ਚਿੰਤਾਜਨਕ ਸਥਿਤੀ ਪੈਦਾ ਹੋਣ ਦੇ ਕਾਰਨਾਂ ’ਤੇ ਵੀ ਝਾਤੀ ਮਾਰਨ ਦੀ ਲੋੜ ਹੈ। ਪੰਜਾਬ ਦੇ 1992 ਸਕੂਲਾਂ ਵਿੱਚ ਸਿਰਫ਼ ਇੱਕ ਇੱਕ ਅਧਿਆਪਕ ਪੜ੍ਹਾਈ ਕਰਵਾ ਰਿਹਾ ਹੈ। ਇਨ੍ਹਾਂ ਸਕੂਲਾਂ ਵਿੱਚ 69,532 ਵਿਦਿਆਰਥੀ ਪੜ੍ਹ ਰਹੇ ਹਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇੱਕ-ਇੱਕ ਅਧਿਆਪਕ ਇਨ੍ਹਾਂ ਵਿਦਿਆਰਥੀਆਂ ਨਾਲ ਕਿਵੇਂ ਨਜਿੱਠਦਾ ਹੋਵੇਗਾ। ਸਕੂਲਾਂ ਵਿੱਚ ਵਿਦਿਆਰਥੀ ਅਧਿਆਪਕ ਦਾ ਅਨੁਪਾਤ ਤਰਕਸੰਗਤ ਨਾ ਹੋਣ ਕਰਕੇ ਵੀ ਸਾਡੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਇੱਕ ਹੋਰ ਰਿਪੋਰਟ ਅਨੁਸਾਰ 81 ਸਕੂਲ ਅਜਿਹੇ ਹਨ ਜਿਨ੍ਹਾਂ ਵਿੱਚ 178 ਅਧਿਆਪਕ ਪੜ੍ਹਾ ਰਹੇ ਹਨ ਜਦੋਂਕਿ ਵਿਦਿਆਰਥੀ ਇੱਕ ਵੀ ਨਹੀਂ ਹੈ। ਜਦੋਂ ਸਕੂਲ ਮੁਖੀਆਂ ਦੀ ਗੱਲ ਕਰਦੇ ਹਾਂ ਤਾਂ ਪੰਜਾਬ ਦੇ 44 ਫ਼ੀਸਦੀ ਸਕੂਲ, ਸਕੂਲ ਮੁਖੀਆਂ ਤੋਂ ਸੱਖਣੇ ਪਏ ਹਨ। ਇੱਕ ਪ੍ਰਿੰਸੀਪਲ ਨੂੰ ਪੰਜ ਪੰਜ ਸਕੂਲਾਂ ਦਾ ਕਾਰਜ ਭਾਰ ਦਿੱਤਾ ਹੋਇਆ ਹੈ। ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਅਜਿਹੇ ਹਾਲਾਤ ਵਿੱਚ ਸਕੂਲ ਮੁਖੀ ਆਪਣੀ ਜ਼ਿੰਮੇਵਾਰੀ ਨੂੰ ਸਫ਼ਲਤਾ ਨਾਲ ਕਿਵੇਂ ਨਿਭਾ ਸਕਦਾ ਹੈ? ਬਰਨਾਲਾ ਜ਼ਿਲ੍ਹੇ ਦੇ 73 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਿਰਫ਼ 13 ਪ੍ਰਿੰਸੀਪਲ ਮੌਜੂਦ ਹਨ। ਅਜਿਹਾ ਹਾਲ ਹੀ ਬਾਕੀ ਜ਼ਿਲ੍ਹਿਆਂ ਦਾ ਹੈ ਜਦੋਂਕਿ ਮੁਹਾਲੀ ਜ਼ਿਲ੍ਹੇ ਦੇ 47 ਸਕੂਲਾਂ ਵਿੱਚੋਂ 38 ਵਿੱਚ ਉੱਚ ਅਧਿਕਾਰੀਆਂ ਦੀਆਂ ਪਤਨੀਆਂ ਪ੍ਰਿੰਸੀਪਲ ਹਨ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਪੰਜਾਬੀ ਪੜ੍ਹਾਉਣ ਵਾਲਿਆਂ ਦੀ ਖ਼ੁਦ ਪੰਜਾਬੀ ਵਿੱਚ ਰੁਚੀ ਨਹੀਂ ਹੁੰਦੀ। ਉਹ ਸਿਲੇਬਸ ਤੋਂ ਇਲਾਵਾ ਵਾਧੂ ਕਿਤਾਬਾਂ ਨੂੰ ਕਦੇ ਹੱਥ ਨਹੀਂ ਲਾਉਂਦੇ ਅਤੇ ਨਾ ਹੀ ਆਪਣੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਜਾਣ ਲਈ ਪ੍ਰੇਰਿਤ ਕਰਦੇ ਹਨ। ਜੇਕਰ ਉਹ ਖ਼ੁਦ ਸਾਹਿਤ ਦੇ ਪ੍ਰੇਮੀ ਨਹੀਂ ਹਨ ਤਾਂ ਉਹ ਆਪਣੇ ਵਿਦਿਆਰਥੀਆਂ ਨੂੰ ਇਸ ਖੇਤਰ ਵਿੱਚ ਸਰਗਰਮ ਕਿਵੇਂ ਕਰ ਸਕਦੇ ਹਨ।ਉਨ੍ਹਾਂ ਤਾਂ ਇੱਕੋ ਇੱਕ ਟੀਚਾ ਮਿਥਿਆ ਹੈ ਕਿ ਆਪਣੇ ਵਿਦਿਆਰਥੀਆਂ ਨੂੰ ਸਿਲੇਬਸ ਪੜ੍ਹਾ ਕੇ ਪਾਸ ਕਰਵਾਇਆ ਜਾਵੇ। ਪੰਜਾਬੀ ਭਾਸ਼ਾ ਨਾਲ ਉਨ੍ਹਾਂ ਦਾ ਪਿਆਰ, ਸਤਿਕਾਰ ਅਤੇ ਮੁਹੱਬਤ ਅਜੇ ਪੈਦਾ ਨਹੀਂ ਹੋਈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪਸਾਰ ਵਾਸਤੇ ਪੰਜਾਬੀ ਅਧਿਆਪਕਾਂ ਦਾ ਯੋਗਦਾਨ ਸਭ ਤੋਂ ਉੱਤਮ ਹੋ ਸਕਦਾ ਹੈ। ਜੇਕਰ ਉਹ ਇਸ ਦੀ ਅਣਦੇਖੀ ਕਰਦੇ ਹਨ ਤਾਂ ਮਾਤ ਭਾਸ਼ਾ ਦਾ ਅੱਲ੍ਹਾ ਬੇਲੀ ਹੈ।

ਦਿਹਾਤੀ ਇਲਾਕਿਆਂ ਵਿੱਚ ਵਸਦੀਆਂ ਜਵਾਨ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਅੰਗਰੇਜ਼ੀ ਵਿੱਚ ਗੱਲ ਕਰਨ ਨੂੰ ਤਰਜੀਹ ਦੇ ਰਹੀਆਂ ਹਨ। ਜਦੋਂ ਵਿਦਿਆਰਥੀ ਸਕੂਲਾਂ ਵਿੱਚੋਂ ਪੜ੍ਹ ਕੇ ਘਰ ਪੁੱਜਦੇ ਹਨ ਤਾਂ ਉਨ੍ਹਾਂ ਨਾਲ ਉਹ ਆਪਣੀ ਮਾਤ ਭਾਸ਼ਾ ਵਿੱਚ ਗੱਲ ਕਰਨ ’ਚ ਹੇਠੀ ਸਮਝਦੀਆਂ ਹਨ। ਸਾਡੇ ਘਰ ਜਾਂ ਖੇਤਾਂ ਵਿੱਚ ਆਇਆ ਪਰਵਾਸੀ ਸਾਨੂੰ ਆਪਣੀ ਭਾਸ਼ਾ ਸਿਖਾ ਦਿੰਦਾ ਹੈ ਜਦੋਂਕਿ ਅਸੀਂ ਘਰ ਦੇ ਪੰਜ ਸੱਤ ਜੀਅ ਉਸ ਇੱਕ ਨੂੰ ਆਪਣੀ ਪੰਜਾਬੀ ਭਾਸ਼ਾ ਸਿਖਾਉਣ ਤੋਂ ਅਸਮਰੱਥ ਹਾਂ। ਇੱਥੋਂ ਇਹ ਸਿੱਧ ਹੋ ਰਿਹਾ ਹੈ ਕਿ ਸਾਡੀ ਮਾਤ ਭਾਸ਼ਾ ਪਿੰਡਾਂ ਵਿੱਚੋਂ ਵੀ ਗਾਇਬ ਹੋ ਰਹੀ ਹੈ। ਇਨ੍ਹਾਂ ਅਹਿਮ ਮਸਲਿਆਂ ਬਾਰੇ ਸਾਡੀਆਂ ਸਰਕਾਰਾਂ ਅਤੇ ਸਾਹਿਤਕਾਰਾਂ ਨੂੰ ਸਿਰ ਜੋੜ ਵਿਚਾਰਨ ਦੀ ਲੋੜ ਹੈ। ਅਸੀਂ ਸਟੇਜਾਂ ’ਤੇ ਖੜ੍ਹ ਕੇ ਫੜਾਂ ਮਾਰਦੇ ਹਾਂ ਜਦੋਂਕਿ ਅਸਲੀਅਤ ਤੋਂ ਕੋਹਾਂ ਦੂਰ ਬੈਠੇ ਹਾਂ। ਅਸੀਂ ਪੰਜਾਬੀ ਇਸ ਗੱਲ ’ਤੇ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਗੁਰਮੁਖੀ ਲਿਪੀ ਵਿੱਚ ਹੋਈ ਹੈ। ਇਸ ਕਰਕੇ ਮਾਤ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ ਜਦੋਂਕਿ ਹਾਲਤ ਇਹ ਹੈ ਕਿ ਦੁਨੀਆ ਵਿੱਚ ਵਸਦੇ 15 ਕਰੋੜ ਪੰਜਾਬੀ ਸਹਿਜੇ ਸਹਿਜੇ ਆਪਣੀ ਮਾਤ ਭਾਸ਼ਾ ਨਾਲੋਂ ਟੁੱਟ ਰਹੇ ਹਨ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਦਾ ਝੋਰਾ ਖਾ ਰਿਹਾ ਹੈ ਜਦੋਂਕਿ ਪੰਜਾਬ ਵਿੱਚ ਵਸਦੇ ਪੰਜਾਬੀ ਇਸ ਦੀ ਕੋਈ ਪਰਵਾਹ ਨਹੀਂ ਕਰ ਰਹੇ। ਪਿੰਡਾਂ ਵਿੱਚ ਲਾਇਬ੍ਰੇਰੀਆਂ ਦਾ ਖੁੱਲ੍ਹਣਾ ਤਾਂ ਦੂਰ ਦੀ ਗੱਲ ਇੱਥੇ ਤਾਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਵੀ ਜਾਣ ਦੀ ਕੋਈ ਜ਼ਹਿਮਤ ਨਹੀਂ ਉਠਾਉਂਦਾ।

ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲਾਇਬ੍ਰੇਰੀ ਦੀ ਆਸਾਮੀ ਪ੍ਰਵਾਨਿਤ ਹੋਣ ਦੇ ਬਾਵਜੂਦ 772 ਅਸਾਮੀਆਂ ਖਾਲੀ ਪਈਆਂ ਹਨ। ਟਾਈਮ ਟੇਬਲ ਵਿੱਚ ਲਾਇਬ੍ਰੇਰੀ ਦਾ ਪੀਰੀਅਡ ਨਾ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਨੂੰ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ ਜਦੋਂਕਿ 16.67 ਕਰੋੜ ਦੀ ਸਾਲਾਨਾ ਗਰਾਂਟ ਪੁਸਤਕਾਂ ਖਰੀਦਣ ਵਾਸਤੇ ਸਕੂਲਾਂ ਨੂੰ ਦਿੱਤੀ ਜਾਂਦੀ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ 2023-24 ਦੀ ਜਾਰੀ ਕੀਤੀ ਰਿਪੋਰਟ ਅਨੁਸਾਰ ਗੋਆ ਦੇ 1487 ਸਕੂਲਾਂ ਵਿੱਚ ਪ੍ਰਤੀ ਸਕੂਲ 3364 ਕਿਤਾਬਾਂ ਮੌਜੂਦ ਹਨ। ਪੰਜਾਬ ਵਿੱਚ ਕੁੱਲ 27,404 ਸਕੂਲ ਮੌਜੂਦ ਹਨ ਜਿਨ੍ਹਾਂ ਵਿੱਚੋਂ 19,242 ਸਰਕਾਰੀ ਸਕੂਲ ਹਨ। ਪੰਜਾਬ ਵਿੱਚ ਪ੍ਰਤੀ ਸਕੂਲ ਇਸ ਵੇਲੇ 1654 ਕਿਤਾਬਾਂ ਹਨ। ਪੰਜਾਬ ਦੇ ਸਕੂਲਾਂ ਵਿੱਚ ਇੰਨਾ ਕੁਝ ਮੌਜੂਦ ਹੋਣ ਦੇ ਬਾਵਜੂਦ ਪੰਜਾਬੀ ਨੂੰ ਅਣਗੌਲਿਆਂ ਕਿਉਂ ਕੀਤਾ ਜਾ ਰਿਹਾ ਹੈ? ਇਹ ਗੱਲ ਸਮਝ ਤੋਂ ਬਾਹਰ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਆਪੋ ਆਪਣਾ ਯੋਗਦਾਨ ਪਾਈਏ। ਜੇਕਰ ਸਾਡੀ ਭਾਸ਼ਾ ਨਾ ਰਹੀ ਤਾਂ ਸਾਡੀ ਹੋਂਦ ਵੀ ਕਾਇਮ ਨਹੀਂ ਰਹਿ ਸਕੇਗੀ। ਜਿਸ ਪੰਜਾਬੀ ਕੌਮ ’ਤੇ ਅਸੀਂ ਮਾਣ ਕਰਦੇ ਹਾਂ ਉਹ ਕੌਮ ਪੰਜਾਬੀ ਭਾਸ਼ਾ ਨਾਲ ਹੀ ਹੋਂਦ ਵਿੱਚ ਹੈ। ਲੋੜ ਹੈ ਮਾਤ ਭਾਸ਼ਾ ਨੂੰ ਰੁਜ਼ਗਾਰ, ਵਪਾਰ ਅਤੇ ਨਿਆਂ ਦੀ ਭਾਸ਼ਾ ਬਣਾਉਣ ਦੀ। ਜਦੋਂ ਇਹ ਭਾਸ਼ਾ ਇਨ੍ਹਾਂ ਖੇਤਰਾਂ ਵਿੱਚ ਪ੍ਰਚੱਲਿਤ ਹੋ ਗਈ ਤਾਂ ਹਰ ਪੰਜਾਬੀ ਮਾਣ ਤੇ ਸਤਿਕਾਰ ਨਾਲ ਇਸ ਭਾਸ਼ਾ ਨੂੰ ਪੂਰੀ ਨੀਝ ਨਾਲ ਪੜ੍ਹੇਗਾ ਅਤੇ ਬੋਲਣ ਵਿੱਚ ਵੀ ਮਾਣ ਮਹਿਸੂਸ ਕਰੇਗਾ।

ਲੇਖਕ : ਸ਼ਿਵੰਦਰ ਕੌਰ, ਸੰਪਰਕ: 76260-63596




ਵਧਦੀ ਉਮਰ ਨਾਲ ਸਿਹਤ ਸਬੰਧੀ ਕੋਈ ਨਾ ਕੋਈ ਸਮੱਸਿਆ ਆ ਜਾਂਦੀ ਹੈ। ਉਸ ਤੋਂ ਛੁਟਕਾਰਾ ਪਾਉਣ ਲਈ ਅਸੀਂ ਡਾਕਟਰਾਂ ਵੱਲ ਜਾਂਦੇ ਹਾਂ ਪਰ ਡਾਕਟਰ ਤੋਂ ਦਵਾਈ ਲੈਣੀ ਕੋਈ ਸੌਖਾ ਕੰਮ ਨਹੀਂ। ਇਉਂ ਲੱਗਦੈ, ਜਿਵੇਂ ਹਰ ਕੋਈ ਦਵਾਈ ਲੈਣ ਹਸਪਤਾਲ ਆ ਗਿਆ ਹੋਵੇ।

ਕਈ ਦਿਨਾਂ ਤੋਂ ਮੋਢਾ ਦੁਖਦਾ ਸੀ। ਸੋਚਿਆ, ਦਵਾਈਆਂ ਖਾਣ ਨਾਲੋਂ ਫਿਜਿਓਥਰੈਪੀ ਵਿਭਾਗ ਵਿੱਚ ਜਾ ਕੇ ਥਰੈਪੀ ਕਰਵਾ ਲਵਾਂ। ਨੌਂ ਕੁ ਵਜੇ ਸਰਕਾਰੀ ਹਸਪਤਾਲ ਚਲੀ ਗਈ। ਅੱਗੇ ਜਾ ਕੇ ਕੀ ਦੇਖਦੀ ਹਾਂ, ਪਰਚੀ ਕਟਵਾਉਣ ਵਾਲੀ ਜਗ੍ਹਾ ’ਤੇ ਲੰਮੀਆਂ ਕਤਾਰਾਂ ਹਨ। ‘ਮਰਦਾ ਕੀ ਨਾ ਕਰਦਾ’ ਵਾਲੀ ਕਹਾਵਤ ਅਨੁਸਾਰ ਕਤਾਰ ਵਿੱਚ ਲੱਗ ਗਈ। ਇੱਕ ਘੰਟੇ ਬਾਅਦ ਵਾਰੀ ਆਈ। ਉੱਥੋਂ ਪਰਚੀ ਕਟਵਾ ਕੇ ਫਿਜਿਓਥਰੈਪੀ ਵਿਭਾਗ ਵਿੱਚ ਨਾਂ ਲਿਖ ਰਹੇ ਮੁੰਡੇ ਨੂੰ ਜਾ ਫੜਾਈ। ਉੱਥੇ ਵੀ ਮਰੀਜ਼ਾਂ ਦਾ ਉਹੀ ਹਾਲ! ਮਰੀਜ਼ਾਂ ਦੇ ਬੈਠਣ ਲਈ ਲਾਈਆਂ ਕੁਰਸੀਆਂ ਭਰ ਚੁੱਕੀਆਂ ਸਨ। ਉਸ ਨੇ ਨਾਂ ਲਿਖ ਕੇ ਵਾਰੀ ਆਉਣ ’ਤੇ ਡਾਕਟਰ ਕੋਲ ਜਾਣ ਲਈ ਕਿਹਾ। ਵਾਰੀ ਆਉਣ ’ਤੇ ਡਾਕਟਰ ਨੇ ਮੋਢਾ ਦੇਖਣ ਤੋਂ ਪਹਿਲਾਂ ਐਕਸਰੇ ਕਰਵਾ ਕੇ ਲਿਆਉਣ ਲਈ ਲਿਖ ਦਿੱਤਾ। ਗਿਆਰਾਂ ਨੰਬਰ ਕਮਰੇ ਵਿੱਚ ਐਕਸਰੇ ਕਰਵਾਉਣ ਗਈ... ਉੱਥੇ ਕਿਹੜਾ ਘੱਟ ਭੀੜ ਸੀ! ਵਾਰੀ ਲਈ ਮੁੜ ਲਾਈਨ ’ਚ ਲੱਗ ਗਈ। ਵਾਰੀ ਆਉਂਦਿਆਂ ਵਾਹਵਾ ਸਮਾਂ ਲੱਗ ਗਿਆ। ਜਦੋਂ ਨੂੰ ਐਕਸਰੇ ਲੈ ਕੇ ਮੁੜ ਫਿਜਿਓਥਰੈਪੀ ਵਾਲੇ ਵਿਭਾਗ ਵਿੱਚ ਪਹੁੰਚੀ, ਦੋ ਵੱਜ ਚੁੱਕੇ ਸਨ ਤੇ ਹਸਪਤਾਲ ਬੰਦ ਹੋਣ ਦਾ ਸਮਾਂ ਹੋ ਚੁੱਕਿਆ ਸੀ ਪਰ ਨੇਕ ਦਿਲ ਡਾਕਟਰ ਅਤੇ ਉਸ ਦੇ ਦੋ ਸਹਾਇਕ ਅਜੇ ਆਪਣਾ ਕੰਮ ਕਰ ਰਹੇ ਸਨ। ਮੇਰੀ ਵਾਰੀ ਆਉਣ ਤੋਂ ਪਹਿਲਾਂ ਹੀ ਡਾਕਟਰ ਨੇ ਮਰੀਜ਼ਾਂ ਨੂੰ ਹੁਣ ਕੱਲ੍ਹ ਨੂੰ ਆਉਣ ਲਈ ਕਹਿ ਦਿੱਤਾ।

ਭੀੜ ਦਾ ਇਹ ਹਾਲ ਸਿਰਫ਼ ਸਰਕਾਰੀ ਹਸਪਤਾਲਾਂ ਵਿੱਚ ਹੀ ਨਹੀਂ, ਕਿਸੇ ਵੀ ਪ੍ਰਾਈਵੇਟ ਹਸਪਤਾਲ ਚਲੇ ਜਾਉ, ਤੁਹਾਨੂੰ ਇਹੀ ਹਾਲ ਮਿਲੇਗਾ। ਮਰੀਜ਼ਾਂ ਦੀਆਂ ਲੰਮੀਆਂ ਕਤਾਰਾਂ। ਕਿਸੇ ਦੇ ਚਿਹਰੇ ’ਤੇ ਰੌਣਕ ਨਹੀਂ। ਹਰ ਚਿਹਰਾ ਕੁਮਲਾਇਆ ਅਤੇ ਬੁਝਿਆ-ਬੁਝਿਆ ਲੱਗਦਾ। ਇਉਂ ਮਹਿਸੂਸ ਹੁੰਦਾ ਜਿਵੇਂ ਸਾਰਾ ਪੰਜਾਬ ਹੀ ਬਿਮਾਰ ਹੋਵੇ।

ਮਨ ਵਿਚ ਵਿਚਾਰ ਆਉਂਦਾ ਕਿ ਮਰੀਜ਼ਾਂ ਦੀ ਗਿਣਤੀ ਕਿਉਂ ਦਿਨੋ-ਦਿਨ ਵਧ ਰਹੀ ਹੈ। ਫਿਰ ਧਿਆਨ ਬਚਪਨ ਵਿੱਚ ਦੇਖੇ ਆਪਣੇ ਬਜ਼ੁਰਗਾਂ ਵੱਲ ਚਲਿਆ ਜਾਂਦਾ ਹੈ, ਉਨ੍ਹਾਂ ਦੀ ਤੰਦਰੁਸਤ ਜ਼ਿੰਦਗੀ ਯਾਦ ਆਉਂਦੀ ਹੈ, ਭਾਵੇਂ ਉਸ ਸਮੇਂ ਸਿਹਤ ਸਹੂਲਤਾਂ ਨਿਗੂਣੀਆਂ ਹੁੰਦੀਆਂ ਸਨ। ਨਾ ਤਾਂ ਐਨੇ ਹਸਪਤਾਲ ਹੁੰਦੇ ਸਨ ਤੇ ਨਾ ਹੀ ਡਾਕਟਰ। ਉਨ੍ਹਾਂ ਦੀ ਤੰਦਰੁਸਤੀ ਭਰੀ ਲੰਮੀ ਉਮਰ ਬਾਰੇ ਸੋਚਦਿਆਂ ਉਨ੍ਹਾਂ ਦੀ ਜੀਵਨ ਸ਼ੈਲੀ ਵੀ ਸਾਹਮਣੇ ਆ ਜਾਂਦੀ ਹੈ ਕਿ ਕਿਸ ਤਰ੍ਹਾਂ ਉਸ ਸਮੇਂ ਸਾਰੇ ਕੰਮ ਖੁਦ ਕਰਨ ਦਾ ਰਿਵਾਜ ਸੀ। ਉਹ ਆਪਣੀਆਂ ਘਰੇਲੂ ਲੋੜਾਂ ਘਰ ਅਤੇ ਪਿੰਡ ਵਿਚੋਂ ਹੀ ਪੂਰੀਆਂ ਕਰ ਲੈਂਦੇ ਸਨ। ਖੇਤਾਂ ਵਿਚ ਪੈਦਾ ਕੀਤਾ ਅਨਾਜ, ਸਬਜ਼ੀਆਂ, ਫਲ, ਘਰ ਰੱਖੇ ਪਸ਼ੂਆਂ ਤੋਂ ਪ੍ਰਾਪਤ ਕੀਤਾ ਦੁੱਧ ਘਿਓ ਤੇ ਲੱਸੀ, ਘਰ ਦੀ ਸਰੋਂ ਦਾ ਕਢਵਾਇਆ ਤੇਲ, ਘਰ ਦਾ ਪੈਦਾ ਕੀਤਾ ਗੁੜ, ਸ਼ੱਕਰ ਅਤੇ ਇਨ੍ਹਾਂ ਸਭ ਵਸਤਾਂ ਤੋਂ ਘਰੇ ਬਣਾਇਆ ਖਾਣ ਦਾ ਸਮਾਨ ਖੁਰਾਕ ਦਾ ਹਿੱਸਾ ਸੀ ਜੋ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਸੀ। ਮਨ ਦੀ ਤੰਦਰੁਸਤੀ ਲਈ ਸਭ ਤੋਂ ਵੱਡੀ ਗੱਲ ਭਾਈਚਾਰਕ ਸਾਂਝ ਦੀਆਂ ਜੜ੍ਹਾਂ ਡੂੰਘੀਆਂ ਸਨ। ਜੇ ਕਿਸੇ ਪਰਿਵਾਰ ਕੋਲ ਕਿਸੇ ਤਰ੍ਹਾਂ ਦੀ ਥੁੜ੍ਹ ਹੁੰਦੀ ਸੀ ਤਾਂ ਦੂਜੇ ਉਸ ਦੀ ਮਦਦ ਕਰ ਦਿੰਦੇ ਸਨ।


ਹੁਣ ਸਾਡਾ ਸਿਸਟਮ ਕਾਰਪੋਰੇਟ ਪੱਖੀ ਹੈ। ਸਾਡੇ ਸਾਹਮਣੇ ਉਹੀ ਕੁਝ ਪਰੋਸਿਆ ਜਾਂਦਾ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੈ। ਨਿੱਤ ਟੀਵੀ ਚੈਨਲਾਂ ਉੱਤੇ ਦਿਖਾਏ ਜਾਂਦੇ ਖਾਣ-ਪੀਣ ਦੀਆਂ ਵਸਤਾਂ ਦੇ ਇਸ਼ਤਿਹਾਰ ਆਪਣੇ ਵੱਲ ਖਿੱਚਦੇ ਹਨ। ਫਿਲਮਾਂ ਅਤੇ ਸੀਰੀਅਲਾਂ ਵਿੱਚ ਦਿਖਾਇਆ ਜਾਂਦਾ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਢੰਗ ਵੀ ਸਾਡੇ ਉੱਤੇ ਅਸਰ ਪਾਉਂਦਾ ਹੈ। ਇਹ ਸਭ ਕੁਝ ਦੇਖਦਿਆਂ ਸਾਡਾ ਖਾਣ-ਪੀਣ ਤੇ ਰਹਿਣ-ਸਹਿਣ ਬਦਲ ਗਿਆ। ਭਾਈਚਾਰਕ ਸਾਂਝਾ ਪੇਤਲੀਆਂ ਹੋ ਗਈਆਂ। ਘਰ ਦੇ ਪੌਸ਼ਟਿਕ ਖਾਣੇ ਦੀ ਥਾਂ ਫਾਸਟ ਫੂਡ ਅਤੇ ਲਿਫਾਫਾਬੰਦ ਭੋਜਨ ਨੇ ਲੈ ਲਈ। ਇਨ੍ਹਾਂ ਨੂੰ ਬਣਾਉਣ ਵਾਲੀਆਂ ਕੰਪਨੀਆਂ ਨੇ ਸਾਡੇ ਖਾਣ-ਪੀਣ ਤੇ ਜੀਵਨ ਦੀਆਂ ਹੋਰ ਉਪਯੋਗੀ ਲੋੜਾਂ ਵਿਚੋਂ ਆਪਣੇ ਮੁਨਾਫਿਆਂ ’ਤੇ ਅੱਖ ਟਿਕਾ ਲਈ। ਸਰਮਾਏਦਾਰੀ ਤੇ ਕਾਰਪੋਰੇਟ ਘਰਾਣਿਆਂ ਦੀ ਇਜਾਰੇਦਾਰੀ ਇੰਨੀ ਹਾਵੀ ਹੋ ਗਈ ਕਿ ਉਨ੍ਹਾਂ ਖਾਲਸ ਵਸਤੂਆਂ ਦੀ ਥਾਂ ਮਨਸੂਈ ਵਸਤੂਆਂ ਪੈਦਾ ਕਰ ਕੇ ਸਾਡੀ ਜੀਵਨ ਸ਼ੈਲੀ ਹੀ ਬਦਲ ਦਿੱਤੀ। ਉਨ੍ਹਾਂ ਦੀ ਸੋਚ ਮੁਤਾਬਿਕ ਮਨੁੱਖੀ ਜੀਭ ਦੇ ਵੱਖੋ-ਵੱਖਰੇ ਸੁਆਦੀ ਖਾਣੇ ਤਿਆਰ ਕਰ ਕੇ ਪਰੋਸੇ ਜਾ ਰਹੇ ਹਨ ਜੋ ਸੁਆਦੀ ਤਾਂ ਹਨ ਪਰ ਪੌਸ਼ਟਿਕਤਾ ਪੱਖੋਂ ਉਨ੍ਹਾਂ ਵਿੱਚ ਉਹ ਗੁਣ ਕਿੱਥੇ ਜੋ ਮੋਟੇ ਅਨਾਜ ਤੋਂ ਘਰੇ ਤਿਆਰ ਕੀਤੇ ਖਾਣਿਆਂ ਵਿੱਚ ਹੁੰਦਾ ਸੀ। ਉਹ ਸਿਹਤ ਦੇ ਮਿਆਰ ’ਤੇ ਪੂਰੇ ਨਹੀਂ ਉਤਰਦੇ, ਨਾਲ ਹੀ ਲਿਫਾਫਾਬੰਦ ਭੋਜਨ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ। ਬਿਮਾਰ ਵਿਅਕਤੀ ਹਸਪਤਾਲ ਵੱਲ ਭੱਜ ਰਹੇ ਹਨ। ਦਵਾਈਆਂ ਵਾਲੀਆਂ ਕੰਪਨੀਆਂ ਵੱਡਾ ਮੁਨਾਫਾ ਕਮਾ ਰਹੀਆਂ ਹਨ। ਹੁਣ ਤਾਂ ਹਰ ਸ਼ਹਿਰ ਵਿੱਚ ਵੱਡੀਆਂ-ਵੱਡੀਆਂ ਕੰਪਨੀਆਂ ਦੇ ਹਸਪਤਾਲ ਖੁੱਲ੍ਹ ਗਏ ਹਨ ਜੋ ਇਲਾਜ ਦੇ ਨਾਂ ’ਤੇ ਮਰੀਜ਼ਾਂ ਦੀ ਲੁੱਟ ਕਰਦੇ ਹਨ। ਸੂਬੇ ਦਾ ਅੱਸੀ ਫੀਸਦੀ ਸਿਹਤ ਢਾਂਚਾ ਅੱਜ ਪ੍ਰਾਈਵੇਟ ਹੱਥਾਂ ਦੀ ਜਕੜ ਵਿੱਚ ਹੈ ਜੋ ਮੁਨਾਫੇ ਨੂੰ ਤਰਜੀਹ ਦਿੰਦਾ ਹੈ।

ਸਾਡੇ ਬਜ਼ੁਰਗ ਕੁਦਰਤ ਨੂੰ ਪਿਆਰ ਕਰਨ ਵਾਲੇ ਸਨ; ਇਥੋਂ ਤਕ ਕਿ ਉਹ ਕਈ ਰੁੱਖਾਂ ਨੂੰ ਪੂਜਦੇ ਵੀ ਸਨ ਪਰ ਅੱਜ ਦਾ ਵਿਕਾਸ ਮਨੁੱਖਤਾ ਤੇ ਕੁਦਰਤ ਪੱਖੀ ਹੋਣ ਦੀ ਥਾਂ ਮੁਨਾਫ਼ਾ ਪੱਖੀ ਹੈ। ਇਸ ਨਾਲ ਕੁਦਰਤੀ ਸੰਤੁਲਨ ਨਸ਼ਟ ਹੋ ਰਿਹਾ ਹੈ; ਹਵਾ, ਪਾਣੀ ਤੇ ਧਰਤੀ ਪ੍ਰਦੂਸ਼ਿਤ ਹੋ ਰਹੇ ਹਨ; ਇਉਂ ਅਨੇਕ ਆਫ਼ਤਾਂ ਤੇ ਬਿਮਾਰੀਆਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ। ਸਾਡੀਆਂ ਸਮਾਜਿਕ ਆਰਥਿਕ ਚਿੰਤਾਵਾਂ ਵਿੱਚ ਜਿੰਨਾ ਜ਼ਿਆਦਾ ਵਾਧਾ ਹੋਇਆ ਹੈ, ਉਸ ਦਾ ਮੂਲ ਕਾਰਨ ਕੁਦਰਤ ਦਾ ਉਜਾੜਾ ਹੈ।

ਆਪਣੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਤੰਦਰੁਸਤ ਤੇ ਰਹਿਣ ਯੋਗ ਥਾਂ ਬਣਾਉਣ ਲਈ ਹੁਣ ਜਾਗਣ ਦਾ ਵੇਲਾ ਹੈ। ਸਿਹਤਮੰਦ ਵਾਤਾਵਰਨ ਸਿਰਜਣ ਲਈ ਸਾਨੂੰ ਚਾਹੀਦਾ ਹੈ ਕਿ ਰੁੱਖਾਂ ਦੀ ਗੱਲ ਕਰੀਏ, ਦਰਿਆਵਾਂ ਦੀ ਬਾਂਹ ਫੜੀਏ ਅਤੇ ਧਰਤੀ ਦਾ ਅਦਬ ਕਰੀਏ। ਖਾਣ ਪੀਣ ਦੇ ਮਾਮਲੇ ਵਿੱਚ ਸੋਚ ਵਿਚਾਰ ਕਰੀਏ ਅਤੇ ਘਰ ਦੇ ਬਣੇ ਖਾਣੇ ਨੂੰ ਮਹੱਤਤਾ ਦੇਈਏ। ਅੱਜ ਲੋਕਾਂ ਨੂੰ ਇਹ ਮੰਗ ਉਠਾਉਣੀ ਪਵੇਗੀ ਕਿ ਦੇਸ਼ ਦੇ ਸਾਰੇ ਪ੍ਰਾਈਵੇਟ ਹਸਪਤਾਲਾਂ ਦਾ ਕੌਮੀਕਰਨ ਕੀਤਾ ਜਾਵੇ, ਖਾਲੀ ਅਸਾਮੀਆਂ ਭਰੀਆਂ ਜਾਣ, ਨਵੇਂ ਹਸਪਤਾਲ ਤੇ ਕਲੀਨਿਕ ਖੋਲ੍ਹੇ ਜਾਣ ਤੇ ਇਨ੍ਹਾਂ ਵਿੱਚ ਹਰ ਬਿਮਾਰੀ ਦਾ ਇਲਾਜ ਸਸਤੇ ਤੋਂ ਸਸਤਾ ਕੀਤਾ ਜਾਵੇ। ਉਂਝ, ਸਿਰਫ ਕਹਿਣ ਨਾਲ ਇਹ ਸਭ ਸੰਭਵ ਨਹੀਂ ਹੋਵੇਗਾ। ਇਸ ਨੂੰ ਸੰਭਵ ਬਣਾਉਣ ਵਾਸਤੇ ਲੋਕਾਂ ਨੂੰ ਖ਼ੁਦ ਹੰਭਲਾ ਮਾਰਨਾ ਪਵੇਗਾ ਅਤੇ ਲੰਮਾ ਤੇ ਵੱਡਾ ਸੰਘਰਸ਼ ਕਰਨਾ ਪਵੇਗਾ।

# ਗੁਰਮੁਖੀ ਲਿਪੀ ਬਾਰੇ ਰਚੇ ਇਤਿਹਾਸ

ਲੇਖਕ : ਡਾ. ਜੱਜ ਸਿੰਘ,
ਸੰਪਰਕ: 94633-44917



ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਇਤਿਹਾਸ 1950ਵਿਆਂ ਤੋਂ ਬਾਅਦ ਹੀ ਜ਼ਿਆਦਾ ਗਿਣਤੀ ਵਿੱਚ ਰਚੇ ਗਏ। ਬੇਸ਼ੱਕ ਇਨ੍ਹਾਂ ਇਤਿਹਾਸਕਾਰਾਂ ਦੀ ਦ੍ਰਿਸ਼ਟੀ ਤਾਂ ਤਾਰਕਿਕ ਹੈ, ਪਰ ਫਿਰ ਵੀ ਇਹ ਊਣਤਾਈਆਂ ਤੋਂ ਵਿਰਵੇ ਨਹੀਂ ਹਨ। ਇਸ ਲਈ ਇਨ੍ਹਾਂ ਦੀ ਪ੍ਰਮਾਣਿਕਤਾ 'ਤੇ ਸਵਾਲੀਆ ਨਿਸ਼ਾਨ ਲੱਗਾ ਹੈ।

ਸਮੁੱਚੀਆਂ ਆਧੁਨਿਕ ਲਿਪੀਆਂ ਨੂੰ ਉਨ੍ਹਾਂ ਦੀਆਂ ਜਨਨਿਕ ਲਿਪੀਆਂ ਨਾਲ ਜੋੜ ਕੇ ਉਨ੍ਹਾਂ ਦੇ ਮਾਤਰੀ ਰੂਟਾਂ ਨੂੰ ਲੱਭਣਾ ਅਹਿਮ ਅਤੇ ਗੁੰਝਲਦਾਰ ਮਸਲਾ ਹੈ। ਹਾਲਾਂਕਿ, ਲਿਪੀ ਵਿਗਿਆਨੀਆਂ ਦੀ ਗਹਿਰ-ਗੰਭੀਰ ਅਤੇ ਨਿਰੰਤਰ ਖੋਜ ਨੇ ਲਿਪੀ ਦੇ ਖੇਤਰ ਵਿੱਚ ਪਸਰੀ ਧੁੰਦ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ, ਪਰ ਫਿਰ ਵੀ ਬਹੁਤ ਸਾਰੇ ਸੰਦਰਭਾਂ ਦੀ ਗੁੰਝਲ ਅੱਜ ਤੱਕ ਬਣੀ ਹੋਈ ਹੈ। ਪ੍ਰਾਚੀਨ ਲੇਖਾਂ/ਅਭਿਲੇਖਾਂ ਦੇ ਨਸ਼ਟ ਹੋਣ, ਭੂਗੋਲਿਕ ਹਾਲਤਾਂ ਦੇ ਸਹੀ ਵੇਰਵੇ ਨਾ ਮਿਲਣ, ਟੁੱਟਵੀਆਂ ਕੜੀਆਂ ਨੂੰ ਕਾਲਕ੍ਰਮ ਵਿੱਚ ਨਾ ਟਿਕਾਏ ਜਾਣ ਆਦਿ ਗੁੰਝਲਾਂ ਨੇ ਲਿਪੀ ਵਿਗਿਆਨ ਦੇ ਖੇਤਰ ਵਿੱਚ ਨਵੇਂ ਦਿਸਹੱਦੇ ਪੈਦਾ ਨਹੀਂ ਹੋਣ ਦਿੱਤੇ। ਅਜਿਹੀ ਸਥਿਤੀ ਵਿੱਚ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਕਿਆਸਾਂ ਨਾਲ ਆਪਣੀਆਂ ਸੰਭਾਵਿਤ ਰੁਚੀਆਂ ਨੂੰ ਇੰਨਾ ਵਿਸਤਾਰਿਆ ਕਿ ਇਸ ਖੇਤਰ ਵਿੱਚ ਬਹੁਤ ਸਾਰੀਆਂ ਅਢੁੱਕਵੀਆਂ ਅਤੇ ਤਰਕਹੀਣ ਧਾਰਨਾਵਾਂ ਦੀ ਭਰਮਾਰ ਹੋ ਗਈ। ਇਸੇ ਕਰਕੇ ਲਿਪੀ ਦੀ ਕਿਸੇ ਇੱਕ ਗੁੰਝਲ ਨੂੰ ਸਮਝਣਾ ਅਤੇ ਉਸ ਤੋਂ ਤਰਕਸ਼ੀਲ ਸਿੱਟੇ ਪ੍ਰਾਪਤ ਕਰਨੇ ਅਤਿ ਕਠਿਨ ਹਨ। ਫਿਰ ਵੀ ਅੱਜ ਤੱਕ ਲਿਪੀਆਂ ਸਬੰਧੀ ਸਾਹਮਣੇ ਆਈ ਸਾਰਥਿਕ ਖੋਜ, ਲਿਪੀ ਵਿਗਿਆਨ ਦੀ ਸਿਧਾਂਤਕ ਪਰਿਪੱਕਤਾ ਅਤੇ ਵਿਹਾਰਕ ਛਾਣਬੀਨ ਸਦਕਾ ਹੀ ਹੈ।

ਪਹਿਲੀ ਵਾਰ ਤਾਰਕਿਕ ਆਧਾਰਾਂ 'ਤੇ ਗੁਰਮੁਖੀ ਇਤਿਹਾਸ ਦੀ ਰਚਨਾ ਕਰਨ ਵਾਲਾ ਗਹਿਰ ਗੰਭੀਰ ਖੋਜੀ ਜੀ.ਬੀ. ਸਿੰਘ ਹੈ। ਉਸ ਨੇ ਗੁਰਮੁਖੀ ਇਤਿਹਾਸ ਦੀ ਰਚਨਾ 1918 ਵਿੱਚ ਕਰ ਦਿੱਤੀ ਸੀ, ਪਰ ਕਿਤਾਬ ਰੂਪ ਵਿੱਚ ਉਨ੍ਹਾਂ ਦੀ ਖੋਜ 1950 ਵਿੱਚ ਪ੍ਰਕਾਸ਼ਿਤ ਹੋਈ। ਜੀ.ਬੀ. ਸਿੰਘ ਨੇ ਗੁਰਮੁਖੀ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀ ਸਮੱਗਰੀ ਨੂੰ ਪੂਰੀ ਸੁਹਿਰਦਤਾ ਅਤੇ ਇਮਾਨਦਾਰੀ ਨਾਲ ਇਕੱਤਰ ਅਤੇ ਪ੍ਰਮਾਣਿਕ ਕੀਤਾ।

ਉਹ ਬ੍ਰਹਮੀ ਦੇ ਵਿਭਿੰਨ ਕਾਲਾਂ ਵਿੱਚ ਪਸਰੇ ਅੱਖਰਾਂ ਦੇ ਰੂਪਾਂਤਰਿਤ ਰੂਪਾਂ ਨੂੰ ਪਲੇਟਾਂ ਦੇ ਕੇ ਦਰਸਾਉਂਦਾ ਹੈ। ਬ੍ਰਹਮੀ ਨੂੰ ਗੁਰਮੁਖੀ ਦੀ ਪੜਦਾਦੀ ਤਸੱਵਰ ਕਰ ਕੇ, ਉਹ ਇਸ ਦੀ ਸੰਰਚਨਾ ਨੂੰ ਇਤਿਹਾਸਕ ਕ੍ਰਮ ਵਿੱਚ ਪੇਸ਼ ਕਰਦਾ ਹੈ। ਗੁਰਮੁਖੀ ਦੀ ਹੋਂਦ ਤੇ ਪਛਾਣ ਦੀ ਝਲਕ ਦਸਵੀਂ ਸਦੀ ਦੇ ਲਗਪਗ ਮਿਲਣੀ ਸ਼ੁਰੂ ਹੋ ਜਾਂਦੀ ਹੈ। ਜੀ.ਬੀ. ਸਿੰਘ ਅਲਬਰੂਨੀ ਦੀ ਖੋਜ ਨਾਲ ਰਿਸ਼ਤਾ ਸਥਾਪਤ ਕਰ ਕੇ, ਉਸ ਦੁਆਰਾ ਦਰਸਾਈਆਂ ਗਿਆਰਾਂ ਲਿਪੀਆਂ ਦੇ ਤੱਥ ਨਿਖੇੜ ਤੋਂ ਅਰਧ ਨਾਗਰੀ ਨੂੰ ਗੁਰਮੁਖੀ ਦੇ ਸਬੰਧ ਵਿੱਚ ਵਾਚਦਾ ਹੈ। ਅਰਧ ਨਾਗਰੀ, ਨਾਗਰੀ ਅਤੇ ਸਿਧ ਮਾਤਰਿਕਾ ਦੇ ਵਿਚਕਾਰਲੇ ਹਿੱਸੇ ਵਿੱਚ ਪ੍ਰਚੱਲਿਤ ਲਿਪੀ ਸੀ। ਅਰਧ ਨਾਗਰੀ ਅਸਲ ਵਿੱਚ ਭਾਟੀ ਦੇਸ (ਬਠਿੰਡਾ) ਵਿੱਚ ਪ੍ਰਚੱਲਿਤ ਭੱਟਅੱਛਰੀ ਲਿਪੀ ਹੀ ਸੀ। ਅਲਬਰੂਨੀ ਇਸ ਲਿਪੀ ਦੇ ਖੇਤਰੀ ਨਾਂ ਦੱਸਣ ਪਿੱਛੇ ਨਹੀਂ ਪੈਂਦਾ ਸਗੋਂ ਇਸ ਦਾ ਕਲਪਿਤ ਨਾਂ ਅਰਧ ਨਾਗਰੀ ਨਿਸ਼ਚਿਤ ਕਰ ਦਿੰਦਾ ਹੈ। ਜੀ.ਬੀ ਸਿੰਘ ਭੱਟਅੱਛਰੀ ਦੀ ਹੋਂਦ ਵਿਧੀ ਅਤੇ ਸਥਾਨਕ ਪ੍ਰਕਿਰਤੀ ਨੂੰ ਸਮਝਣ ਦੀ ਕੋਸ਼ਿਸ਼ ਤਾਂ ਕਰਦਾ ਹੈ, ਪਰ ਉਹ ਭੱਟਅੱਛਰੀ ਤੋਂ ਗੁਰਮੁਖੀ ਦੀ ਉਤਪਤੀ ਦੀ ਧਾਰਨਾ ਉੱਤੇ ਟਪਲਾ ਖਾ ਜਾਂਦਾ ਹੈ। ਭੱਟਅੱਛਰੀ ਤੋਂ ਗੁਰਮੁਖੀ ਦੀ ਉਤਪਤੀ ਨਹੀਂ ਹੋਈ ਸਗੋਂ ਇਹ ਗੁਰਮੁਖੀ ਦਾ ਹੀ ਇੱਕ ਖੇਤਰੀ ਵਖਰੇਵਾਂ ਸੀ। ਜੀ.ਬੀ. ਸਿੰਘ ਦਾ ਅਧਿਐਨ ਸ਼ਾਰਦਾ ਦੀ ਪਿਛਲੀ ਅਵਸਥਾ ਤੋਂ ਦੁਰੇਡੇ ਵਿਚਰਨ ਕਾਰਨ ਅਸਲ ਪ੍ਰਯੋਜਨ ਦੇ ਨੇੜੇ ਨਹੀਂ ਪਹੁੰਚਦਾ। ਉਹ ਸਰੋਤਾਂ ਦੇ ਇਕੱਤਰੀਕਰਨ ਨੂੰ ਵਧੇਰੇ ਮਹੱਤਵ ਦਿੰਦਾ ਹੈ, ਪਰ ਪ੍ਰਾਪਤ ਸਰੋਤਾਂ ਦਾ ਸਹੀ ਸੂਤਰੀਕਰਨ ਕਰਨਾ ਉਸ ਦੀ ਮਾਨਸਿਕਤਾ ਵਿੱਚੋਂ ਕਿਰ ਜਾਂਦਾ ਹੈ। ਜੀ.ਬੀ. ਸਿੰਘ ਦੀ ਖੋਜ ਦੀ ਪ੍ਰਾਰੰਭਿਕ ਪ੍ਰਾਪਤੀ ਇਹ ਹੈ ਕਿ ਉਸ ਨੇ ਪ੍ਰਸੰਸਾਮੂਲਕ ਕਥਨਾਂ ਨੂੰ ਵਿਸ਼ਲੇਸ਼ਣ ਅਤੇ ਤਰਕ ਤੋਂ ਸੱਖਣੇ ਸਥਾਪਿਤ ਕੀਤਾ। ਜੀ.ਬੀ. ਸਿੰਘ ਗ੍ਰੀਅਰਸਨ ਅਤੇ ਮੈਕਾਲਿਫ ਦੀ ਇਸ ਧਾਰਨਾ ਨੂੰ ਅਪ੍ਰਮਾਣਿਕ ਐਲਾਨਦਾ ਹੈ ਕਿ ਗੁਰਮੁਖੀ, ਗੁਰੂ ਸਾਹਿਬਾਨ ਨੇ ਲੰਡੇ ਨੂੰ ਸੁਧਾਰ ਕੇ ਬਣਾਈ। ਉਹ ਸਥਾਪਤ ਕਰਦਾ ਹੈ ਕਿ ਲੰਡੇ, ਗੁਰਮੁਖੀ ਦਾ ਸੰਖੇਪ ਰੂਪ ਸੀ ਜੋ ਵਪਾਰੀ ਵਰਗ ਦੁਆਰਾ ਵਰਤਿਆ ਜਾਂਦਾ ਸੀ। ਲੰਡਿਆਂ ਤੋਂ ਕਿਸੇ ਲਿਪੀ ਦਾ ਜਨਮ ਨਹੀਂ ਹੋਇਆ ਸਗੋਂ ਇਹ ਤਾਂ ਕਿਸੇ ਪੂਰਨ ਲਿਪੀ ਦਾ ਅਪੂਰਨ ਰੂਪ ਸਨ ਜੋ ਹਰੇਕ ਖੇਤਰ ਵਿੱਚ ਪ੍ਰਚੱਲਿਤ ਸਨ। ਉਹ ਇਸ ਤਰ੍ਹਾਂ ਦੀਆਂ ਪੂਰਵ ਵਿਦਵਾਨਾਂ ਦੁਆਰਾ ਸੁਝਾਈਆਂ ਧਾਰਨਾਵਾਂ ਨੂੰ ਅਢੁਕਵੀਂ ਅਧਿਐਨ ਬਿਰਤੀ ਦਾ ਪ੍ਰਮਾਣ ਮੰਨਦਾ ਹੈ। ਜਿਨ੍ਹਾਂ ਵਿੱਚ ਸਾਂਝ ਅਤੇ ਨਿਖੇੜ ਦੇ ਅਸਲੀ ਜੁਜ਼ਾਂ ਨੂੰ ਪਛਾਣਨ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਜਜ਼ਬਾਤੀ ਪ੍ਰਭਾਵਾਂ ਤੋਂ ਉੱਪਰ ਉੱਠ ਕੇ, ਉਸ ਨੇ ਗੁਰਮੁਖੀ ਦੇ ਵਿਕਾਸਵਾਦੀ ਰੂਪ ਨੂੰ ਉਲੀਕਿਆ। ਪ੍ਰਾਚੀਨ ਗੁਰਮੁਖੀ ਸਰੋਤਾਂ ਦੀ ਭਾਲ ਕਰ ਕੇ, ਗੁਰਮੁਖੀ ਨੂੰ ਪ੍ਰਾਚੀਨ ਲਿਪੀ ਸਾਬਤ ਕੀਤਾ। ਪਰ ਅਜਿਹਾ ਨਹੀਂ ਕਿ ਉਸ ਦੀ ਖੋਜ ਵਿੱਚ ਊਣਤਾਈਆਂ ਨਹੀਂ। ਊਣਤਾਈਆਂ ਤਾਂ ਹਨ, ਪਰ ਇਹ ਉਸ ਦੇ ਸਮੇਂ ਦੀਆਂ ਸੀਮਾਵਾਂ ਸਨ। ਬਹੁਤੇ ਸਰੋਤਾਂ ਦੀ ਅਪ੍ਰਾਪਤੀ ਅਤੇ ਪ੍ਰਾਪਤ ਸਰੋਤਾਂ ਦਾ ਧੁੰਦਲਕਾ ਇਸ ਦਾ ਕਾਰਨ ਸੀ। ਇਸ ਲਈ ਉਹ ਕਈ ਨਿਰਾਧਾਰ ਧਾਰਨਾਵਾਂ ਦੀ ਪੇਸ਼ਕਾਰੀ ਕਰਦਾ ਹੈ (ਜਿਵੇਂ ਕਿ ਭੱਟਅੱਛਰੀ ਤੋਂ ਗੁਰਮੁਖੀ ਦੀ ਉਤਪਤੀ), ਪਰ ਪਿੱਛੋਂ ਜਦੋਂ 1950ਵਿਆਂ ਤੋਂ ਲਿਪੀਗਤ ਸਰੋਤਾਂ ਦੀ ਬਹੁਲਤਾ ਹੋ ਜਾਂਦੀ ਹੈ ਤਾਂ ਕਈ ਵਿਦਵਾਨਾਂ ਨੇ ਜੀ.ਬੀ. ਸਿੰਘ ਦੀ ਖੋਜ ਨੂੰ ਆਧਾਰ ਬਣਾ ਕੇ ਉਸ ਦੀਆਂ ਕਮਜ਼ੋਰੀਆਂ ਨੂੰ ਦੂਰ ਕੀਤਾ।

ਜੀ.ਬੀ. ਸਿੰਘ ਤੋਂ ਅਗਾਂਹ ਗੁਰਮੁਖੀ ਸਬੰਧੀ ਵਸਤੂਪਰਕ ਖੋਜ ਕਰਨ ਵਾਲਾ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਹੈ। ਪ੍ਰੀਤਮ ਸਿੰਘ ਜਿਸ ਸਮੇਂ ਗੁਰਮੁਖੀ ਇਤਿਹਾਸ ਦੀ ਰਚਨਾ ਕਰ ਰਿਹਾ ਸੀ, ਉਸ ਸਮੇਂ ਗੁਰਮੁਖੀ ਸਬੰਧੀ ਬਹੁਤ ਸਾਰੀਆਂ ਦੈਵੀ ਧਾਰਨਾਵਾਂ ਪ੍ਰਚੱਲਿਤ ਸਨ। ਉਸ ਦੀ ਚੇਤਨਾ ਵਿੱਚ ਅਜਿਹੀਆਂ ਧਾਰਨਾਵਾਂ ਦੇ ਵਿਸ਼ਲੇਸ਼ਣ ਦੀ ਚੇਸ਼ਟਾ ਜਾਗਰਿਤ ਹੁੰਦੀ ਹੈ। ਉਸ ਨੇ ਦੈਵੀ ਧਾਰਨਾਵਾਂ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਪਿੱਛੇ ਕਾਰਜਸ਼ੀਲ ਨੇਮਾਂ ਨੂੰ ਆਪਣੀ ਖੋਜ ਵਿੱਚ ਉਘਾੜਿਆ। ਪ੍ਰੀਤਮ ਸਿੰਘ ਨੇ ਗੁਰੂ ਸਾਹਿਬਾਨ ਨਾਲ ਜੁੜੇ ਪ੍ਰਵਚਨਾਂ ਦੇ ਆਰ-ਪਾਰ ਹੋ ਕੇ ਦੇਖਿਆ ਕਿ ਇਹ ਸਿਧਾਂਤਕ ਨੀਂਝ ਤੋਂ ਵਿਰਵੇ ਅਤਾਰਕਿਕ ਸੰਦਰਭਾਂ ਨੂੰ ਪੇਸ਼ ਕਰਦੇ ਹਨ। ਇਨ੍ਹਾਂ ਦੇ ਵਿਸ਼ਲੇਸ਼ਣ ਤੋਂ ਉਹ ਹੇਠ ਲਿਖੇ ਸਿੱਟੇ ਕੱਢਦਾ ਹੈ:

ਊੜਾ ਗੁਰੂ ਅਮਰਦਾਸ ਦੇ ਸਮੇਂ ਪ੍ਰਥਮ ਸਥਾਨ 'ਤੇ ਆਇਆ। ਇਸ ਤੋਂ ਪਹਿਲਾਂ ਈੜੀ ਦਾ ਸਥਾਨ ਪ੍ਰਥਮ ਸੀ।

ਊੜਾ ਅਤੇ ਈੜੀ ਦਾ ਲਗਾਂ ਸਮੇਤ ਧੁਨੀਯੁਕਤ ਰੂਪ ਸੋਲ੍ਹਵੀਂ ਸਦੀ ਵਿੱਚ ਪ੍ਰਚੱਲਿਤ ਹੋਇਆ। ਇਸ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਦਾ ਕੋਈ ਯੋਗਦਾਨ ਨਹੀਂ ਸਗੋਂ ਇਹ ਸਹਿਵਣ ਹੀ ਬਾਕੀ ਲਿਪੀਆਂ ਵਾਂਗ ਪ੍ਰਚੱਲਿਤ ਹੋ ਗਿਆ।

ਸਮੁੱਚੇ ਅੱਖਰਾਂ ਦੀ ਵਰਤਮਾਨ ਤਰਤੀਬ ਸੋਲ੍ਹਵੀਂ ਸਦੀ ਦੇ ਅਖੀਰ ਵਿੱਚ ਪ੍ਰਚੱਲਿਤ ਹੋ ਜਾਂਦੀ ਹੈ।

ਪੱਟੀ ਅਤੇ ਬਾਵਨ ਅੱਖਰੀ ਦੇ ਸਾਂਝੇ ਤੱਤਾਂ ਦੇ ਸੰਬੰਧਾਂ ਨੂੰ ਨਵੀਨ ਸੰਦਰਭ ਨਾਲ ਜੋੜ ਕੇ, ਉਹ ਇਨ੍ਹਾਂ ਦੇ ਅੱਖਰ-ਕ੍ਰਮ ਦੇ ਵਿਸ਼ਲੇਸ਼ਣ ਤੋਂ ਸਿੱਟਾ ਕੱਢਦਾ ਹੈ ਕਿ ਇਹ ਦੋਵੇਂ ਸਾਹਿਤਕ ਵਿਧਾਵਾਂ ਸਨ। ਪੱਟੀ ਦਾ ਆਧਾਰ ਤਾਂ ਪੈਂਤੀ ਹੈ ਹੀ ਸੀ, ਗੁਰਮੁਖੀ ਵਿੱਚ ਰਚਿਤ ਬਾਵਨ ਅੱਖਰੀਆਂ ਵੀ ਪੈਂਤੀ ਅੱਖਰਾਂ ਦੀਆਂ ਹੀ ਸਨ। ਦੋਵੇਂ ਵਿਧਾਵਾਂ ਦੇ ਸਾਂਝੇ ਅਤੇ ਨਿਖੇੜੂ ਪਹਿਲੂਆਂ ਦੀ ਜਾਂਚ ਕਰਨ ਦਾ ਉਸ ਦਾ ਮਕਸਦ ਦੋਵਾਂ ਦੇ ਸਾਂਝੇ ਪਹਿਲੂਆਂ ਨੂੰ ਉਜਾਗਰ ਕਰਨਾ ਹੈ। ਉਹ ਪੱਟੀ ਅਤੇ ਬਾਵਨ ਅੱਖਰੀਆਂ ਦੇ ਰਚਨਾ-ਕਾਲ ਸਮੇਂ ਪ੍ਰਚੱਲਿਤ ਗੁਰਮੁਖੀ ਨਾਂ ਦੀ ਤਲਾਸ਼ ਲਈ ਸਿੱਖ ਸਰੋਤਾਂ ਨੂੰ ਆਪਣਾ ਅਧਿਐਨ ਕੇਂਦਰ ਮਿਥਦਾ ਹੈ। ਸਰੋਤਾਂ ਦੇ ਅਧਿਐਨ ਤੇ ਵਿਸ਼ਲੇਸ਼ਣ ਤੋਂ ਉਹ ਨਿਸ਼ਚਿਤ ਕਰਦਾ ਹੈ ਕਿ ਗੁਰਮੁਖੀ ਦਾ ਪੂਰਵ ਨਾਂ ਸਿਧੋਙਾਇਆ ਸੀ। ਸਿਧੋਙਾਇਆ ਦੇ ਪਿਛੋਕੜ ਨੂੰ ਫਰੋਲਦਿਆਂ ਇਸ ਦੇ ਸਾਂਝੇ ਸੰਕਲਪਾਂ ਨੂੰ ਸਿਧ ਮਾਤਰਿਕਾ ਵਿੱਚੋਂ ਲੱਭ ਲੈਂਦਾ ਹੈ। ਉਸ ਦੀ ਸਮੁੱਚੀ ਖੋਜ ਵਿੱਚ ਗੁਰਮੁਖੀ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਪ੍ਰਾਚੀਨ ਸਾਹਿਤਕ ਸਰੋਤਾਂ ਦੀ ਤਹਿ ਵਿੱਚ ਪਏ ਨੇਮਾਂ ਦੀ ਮਦਦ ਨਾਲ ਗੁਰਮੁਖੀ ਦੇ ਵਿਲੱਖਣ ਅਤੇ ਨਿੱਖੜਵੇਂ ਰੂਪ ਨੂੰ ਪਛਾਣਿਆ ਗਿਆ ਹੈ।

ਤਰਲੋਚਨ ਸਿੰਘ ਗੁਰਮੁਖੀ ਲਿਪੀ ਦੇ ਇਤਿਹਾਸ ਦੀ ਸਿਧਾਂਤਕ ਨੇਮਾਂ ਉੱਤੇ ਉਸਾਰੀ ਕਰਨ ਵਾਲਾ ਸਮਰੱਥਾਵਾਨ ਖੋਜੀ ਹੈ। ਤਰਲੋਚਨ ਸਿੰਘ ਦੀ ਰਚਨਾ ਦ੍ਰਿਸ਼ਟੀ ਗੁਰਮੁਖੀ ਇਤਿਹਾਸ ਉਲੀਕਣ ਤੋਂ ਪਹਿਲਾਂ ਸ਼ਾਰਦਾ ਲਿਪੀ ਨੂੰ ਕੇਂਦਰੀ ਨੁਕਤੇ ਵਜੋਂ ਗ੍ਰਹਿਣ ਕਰਦੀ ਹੈ। ਉਹ ਸ਼ਾਰਦਾ ਦੀ ਸੰਰਚਨਾ ਤੋਂ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰ ਕੇ, ਗੁਰਮੁਖੀ ਇਤਿਹਾਸ ਦਾ ਇੱਕ ਨਿਵੇਕਲਾ ਪ੍ਰਸੰਗ ਸ਼ੁਰੂ ਕਰਦਾ ਹੈ। ਉਸ ਨੇ ਸ਼ਾਰਦਾ ਦੀ ਤਹਿ ਵਿੱਚੋਂ ਕਈ ਅਜਿਹੇ ਲੁਪਤ ਤੱਥਾਂ ਨੂੰ ਪਛਾਣਿਆ ਜਿਨ੍ਹਾਂ ਦਾ ਸਿੱਧਾ ਸਬੰਧ ਗੁਰਮੁਖੀ ਨਾਲ ਸੀ। ਉਸ ਨੇ ਸ਼ਾਰਦਾ ਦੀ ਪਿਛਲੀ ਅਵਸਥਾ (ਤੇਰ੍ਹਵੀਂ ਸਦੀ) ਤੋਂ ਗੁਰਮੁਖੀ ਦੇ ਉਤਪਤੀ ਆਧਾਰ ਨੂੰ ਉਘਾੜਿਆ। ਇਹੀ ਰਚਨਾ-ਬਿੰਦੂ ਉਸ ਦੀ ਖੋਜ ਦਾ ਅਸਲ ਮਾਡਲ ਹੈ। ਉਹ ਦੇਵਾਸ਼ੇਸ਼ ਵਿੱਚ ਰਚਿਤ ਪਹਿਲੀਆਂ ਰਚਨਾਵਾਂ ਇਕਾਦਸ਼ੀ ਮਹਾਤਮ ਅਤੇ ਪਦਮਾਵਤ ਦੇ ਪ੍ਰੇਮ ਕਿੱਸੇ ਨੂੰ ਸਵੀਕਾਰਦਾ ਹੈ ਅਤੇ ਇਨ੍ਹਾਂ ਦਾ ਰਚਨਾ ਕਾਲ ਤੇਰ੍ਹਵੀਂ-ਚੌਦਵੀਂ ਸਦੀ ਮੰਨਦਾ ਹੈ। ਮੂਲ ਰੂਪ ਵਿੱਚ ਉਸ ਨੇ ਇਨ੍ਹਾਂ ਰਚਨਾਵਾਂ ਦੀ ਭਾਲ ਨਾਲ ਇਨ੍ਹਾਂ ਦੀ ਖ਼ੁਦਮੁਖ਼ਤਾਰ ਹੋਂਦ ਨੂੰ ਪਹਿਲੀ ਵਾਰ ਜਾਣਨ/ਸਮਝਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਉਸ ਦੁਆਰਾ ਕੀਤੀ ਇਨ੍ਹਾਂ ਨਵੀਨ ਰਚਨਾਵਾਂ ਦੀ ਖੋਜ ਨੇ ਪੰਜਾਬੀ ਸਾਹਿਤ ਚਿੰਤਨ ਵਿੱਚ ਕਾਫ਼ੀ ਸੰਵਾਦ ਛੇੜਿਆ। ਬਹੁਤੇ ਵਿਦਵਾਨ ਇਨ੍ਹਾਂ ਰਚਨਾਵਾਂ ਨੂੰ ਪੰਜਾਬੀ ਦੀਆਂ ਰਚਨਾਵਾਂ ਮੰਨਣ ਤੋਂ ਮੁਨਕਰ ਹਨ। ਪਰ ਤਰਲੋਚਨ ਸਿੰਘ ਨੇ ਇਨ੍ਹਾਂ ਰਚਨਾਵਾਂ ਦੀ ਭਾਸ਼ਾ ਅਤੇ ਲਿਪੀ ਦੇ ਗਹਿਨ ਅਧਿਐਨ ਤੋਂ ਸਪੱਸ਼ਟ ਕੀਤਾ ਕਿ ਇਹ ਪੰਜਾਬੀ ਵਾਰਤਕ ਦੀਆਂ ਮੁੱਢਲੀਆਂ ਰਚਨਾਵਾਂ ਹਨ। ਇਨ੍ਹਾਂ ਦੀ ਲਿਪੀ ਦੇਵਾਸ਼ੇਸ਼ ਹੈ। ਉਸ ਨੇ ਦੇਵਾਸ਼ੇਸ਼ ਅਤੇ ਗੁਰਮੁਖੀ ਦੀਆਂ ਸਾਂਝਾਂ ਅਤੇ ਵਖਰੇਵਿਆਂ ਦੇ ਵਿਸ਼ਲੇਸ਼ਣ ਤੋਂ ਸਪੱਸ਼ਟ ਕੀਤਾ ਕਿ

ਊੜਾ ਅਤੇ ਈੜੀ ਦੇਵਾਸ਼ੇਸ਼ ਵਿੱਚ ਬਿਨਾਂ ਲਗਾਂ ਦੇ ਸੁਤੰਤਰ ਧੁਨੀ ਦੇ ਪ੍ਰਤੀਕ ਸਨ। ਗੁਰਮੁਖੀ ਵਿੱਚ ਇਹ ਲਗਾਂ ਸਮੇਤ ਹੋ ਕੇ, ਧੁਨੀ ਪ੍ਰਗਟ ਕਰਨ ਲੱਗੇ।

ਦੇਵਾਸ਼ੇਸ਼ ਵਿੱਚ ਬੱਬਾ ਅਤੇ ਵਾਵਾ ਲਈ ਇੱਕੋ ਚਿੰਨ੍ਹ ਵਰਤਿਆ ਜਾਂਦਾ ਰਿਹਾ, ਪਰ ਪਿੱਛੋਂ ਗੁਰਮੁਖੀ ਵਿੱਚ ਸੋਲ੍ਹਵੀਂ ਸਦੀ ਦੇ ਕਰੀਬ ਵਾਵੇ ਲਈ ਨਵਾਂ ਚਿੰਨ੍ਹ ਹੋਂਦ ਵਿੱਚ ਆ ਗਿਆ।

ਦੇਵਾਸ਼ੇਸ਼ ਵਿੱਚ ੜਾੜਾ ਅੱਖਰ ਨਹੀਂ ਸੀ। ਇਸ ਦਾ ਕੰਮ ਡੱਡਾ ਜਾਂ ਢੱਢਾ ਤੋਂ ਲਿਆ ਜਾਂਦਾ ਸੀ।

ਦੇਵਾਸ਼ੇਸ਼ ਵਿੱਚ ਅੱਖਰਾਂ ਨੂੰ ਸੰਯੁਕਤ ਬਣਾਉਣ ਲਈ ।ਹ ।ਚ।ਛ।ਟ।ਤ।ਨ।ਮ।ਯ।ਰ।ਲ।ਵ ਆਦਿ ਅੱਖਰਾਂ ਨੂੰ ਪੈਰਾਂ ਵਿੱਚ ਪਾ ਦਿੱਤਾ ਜਾਂਦਾ ਸੀ, ਪਰ ਪਿੱਛੋਂ ਗੁਰਮੁਖੀ ਵਿੱਚ ਕੇਵਲ ।ਹ॥।ਰ॥।ਵ॥ ਅੱਖਰ ਹੀ ਪੈਰਾਂ ਵਿੱਚ ਪਾਏ ਜਾਣ ਲੱਗੇ।

ਉਕਤ ਵਿਦਵਾਨਾਂ ਦੀ ਖੋਜ ਮਹੱਤਵਪੂਰਨ ਹੈ, ਪਰ ਗੁਰੂ ਸਾਹਿਬਾਨ ਦੇ ਯੋਗਦਾਨ ਨੂੰ ਪੂਰਨ ਤੌਰ ਨਾਕਾਰਨਾ, ਇਕਪਾਸੜ ਮੱਤ ਨੂੰ ਉਘਾੜਦਾ ਹੈ। ਇੱਕ ਅਵਿਵਸਥਿਤ ਅਤੇ ਬੇਨਿਯਮੇ ਲਿਖਤ ਪ੍ਰਬੰਧ ਨੂੰ ਸੋਧ ਕਰ ਕੇ, ਵਾਧੂ ਅੰਸ਼ ਕੱਢ ਕੇ, ਨਵੇਂ ਲੋੜੀਂਦੇ ਅੰਸ਼ ਜੋੜ ਕੇ, ਹਰ ਧੁਨੀ ਲਈ ਇੱਕ ਚਿੰਨ੍ਹ ਅਪਣਾ ਕੇ ਅਤੇ ਹਰ ਚਿੰਨ੍ਹ ਲਈ ਨਿਸ਼ਚਿਤ ਕਾਰਜ ਮਿੱਥ ਕੇ ਗੁਰੂ ਸਾਹਿਬਾਨ ਇੱਕ ਪੂਰਨ ਪ੍ਰਮਾਣਿਕ ਤੇ ਵਿਗਿਆਨਕ ਪੱਖ ਤੋਂ ਸਮਰੱਥ ਲਿਪੀ ਤਿਆਰ ਕੀਤੀ।

# ਹੁਣ ਉਹ ਜ਼ਮਾਨਾ ਨਹੀਂ ਰਿਹਾ ਜਦੋਂ ਸੱਸਾਂ ਨੂੰਹਾਂ ਨੂੰ ਰੋਟੀਆਂ ਗਿਣ ਕੇ ਤੇ ਦੁੱਧ ਦਿੰਦੀਆਂ ਸਨ ਮਿਣ ਕੇ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
ਸੰਪਰਕ : 7589155501



ਸਮੇਂ ਦੀ ਰਫਤਾਰ ਬਹੁਤ ਤੇਜ਼ ਚੱਲਦੀ ਹੈ ।ਬੇਸ਼ੱਕ ਦੁਨੀਆਂ ਭਾਵੇਂ ਚਲਦੀ ਚਲਦੀ ਰੁੱਕ ਜਾਵੇ ਪਰ ਸਮਾਂ ਕਦੇ ਨਹੀਂ ਰੁੱਕਦਾ ।ਸਮੇਂ ਦੇ ਨਾਲ ਨਾਲ ਬਹੁਤ ਕੁਝ ਬਦਲ ਜਾਂਦਾ ਹੈ ।ਸਮੇਂ ਦੇ ਹਾਣੀ ਬਣਨ ਵਾਸਤੇ ਸਮੇਂ ਨਾਲੋਂ ਜਿਆਦਾ ਚੱਲਣ ਦੀ ਲੋੜ ਹੁੰਦੀ ਹੈ ।ਇਸੇ ਤਰਾਂ ਦੁਨੀਆ ਵਿੱਚ ਰਹਿੰਦੇ ਹੋਏ ਸਾਡੇ ਕਈਂ ਰਿਸ਼ਤੇ ਬਣੇ ਹੁੰਦੇ ਹਨ ।ਜਿਹਨਾਂ ਰਿਸ਼ਤਿਆਂ ਨੂੰ ਨਿਭਾਉਣ ਵਾਸਤੇ ਮਰਿਯਾਦਾ ਵਿੱਚ ਰਹਿਣਾ ਪੈਂਦਾ ਹੈ ।ਕਈ ਰਿਸ਼ਤੇ ਅਟੁੱਟ ਹੁੰਦੇ ਹਨ ਤੇ ਕਈ ਫੁੱਲਾਂ ਦੀ ਖ਼ੁਸ਼ਬੋ ਵਰਗੇ ।ਖੇਰ ਸਾਰੇ ਰਿਸ਼ਤਿਆਂ ਦੀ ਗੱਲ ਕਰਨ ਲੱਗ ਪਏ ਤਾਂ ਕਈ ਵਰਕੇ ਭਰ ਜਾਣਗੇ । ਕਿਸੇ ਕੋਲ ਇੰਨਾਂ ਸਮਾਂ ਹੀ ਨਹੀਂ ਹੁੰਦਾ ਕਿ ਉਹ ਸਾਰੀਆਂ ਲਿਖੀਆਂ ਹੋਈਆਂ ਗੱਲਾਂ ਨੂੰ ਪੜ੍ਹ ਸਕਣ ।ਅੱਜ ਸਿਰਫ ਮੈ ਉਸ ਪਵਿੱਤਰ ਰਿਸਤੇ ਨੂੰਹ ਤੇ ਸੱਸ ਦੀ ਕਰਨ ਜਾ ਰਿਹਾ ਹਾਂ ।ਜਿਹਨਾਂ ਤੋਂ ਆਪਾਂ ਜਨਮ ਲੈਂਦੇ ਹਾਂ ।ਸਾਡੇ ਘਰਾਂ ਵਿੱਚ ਜਾਂ ਆਲੇ ਦੁਆਲੇ ਅਸੀਂ ਹਰ ਰੋਜ਼ ਕੁੱਝ ਅਜਿਹੀਆਂ ਘਟਨਾਵਾਂ ਵਰਤਦੀਆਂ ਵੇਖਦੇ ਹਾਂ ।ਜਿਹਨਾਂ ਨੂੰ ਵੇਖ ਕੇ ਕਦੇ ਕਦੇ ਰੂਹ ਕੰਬ ਜਾਂਦੀ ਹੈ ।ਕੁੱਝ ਕੁ ਇਸ ਤਰਾਂ ਵੇਖਦੇ ਹਾਂ ਕਿ ਮਨ ਖੁਸ਼ ਹੋ ਜਾਂਦਾ ਹੈ ।ਮੈਨੂੰ ਕਿਸੇ ਗੀਤ ਦੀਆਂ ਦੋ ਸਤਰਾਂ ਯਾਦ ਆ ਗਈਆਂ ਹਨ ਕਿ "ਕਿਸੇ ਨੇ ਸੌਂ ਕੇ ਰਾਤ ਗੁਜ਼ਾਰ ਲਈ ,ਕਿਸੇ ਨੇ ਰੋ ਕੇ ਰਾਤ ਗੁਜ਼ਾਰ ਲਈ ।ਰਾਤ ਤਾਂ ਸਾਰਿਆਂ ਦੀ ਹੀ ਨਿੱਕਲ ਜਾਂਦੀ ਹੈ ।ਪਰ ਇੱਕ ਪਲ ਖੁਸ਼ੀ ਨਾਲ ਲੰਘਣੇ ਦੂਸਰੇ ਦੁੱਖੀ ਹੋ ਕੇ ਲੰਘਾਉਣੇ । ਫ਼ਰਕ ਤਾਂ ਬਹੁਤ ਪੈਂਦਾ ਹੈ।ਇਸੇ ਤਰਾਂ ਹੀ ਨੂੰਹ ਸੱਸ ਦਾ ਰਿਸ਼ਤਾ ਹੁੰਦਾ ਹੈ ।ਕਈਆਂ ਕਈਆਂ ਘਰਾਂ ਵਿੱਚ ਵੇਖਦੇ ਹਾਂ ਕਿ ਨੂੰਹ ਸੱਸ ਵਿੱਚੋ ਸੂਈ ਵੀ ਲੰਘਦੀ ।ਇੱਕ ਦੂਜ਼ੇ ਨਾਲ ਘੁਲਮਿਲ ਕੇ ਰਹਿੰਦੀਆਂ ਹਨ । ਦੂਰੋਂ ਵੇਖਣ ਵਾਲਾ ਜੱਜਮੈਂਟ ਵੀ ਨਹੀਂ ਕਰ ਸਕਦਾ ਕਿ ਇਹ ਮਾਵਾਂ ਧੀਆਂ ਹੋਣਗੀਆਂ ਜਾਂ ਨੂੰਹ ਸੱਸ ।ਹੋਣਾ ਵੀ ਇੰਝ ਹੀ ਚਾਹੀਦਾ ਹੈ ।ਸਾਡੀ ਆਪਣੀ ਧੀ ਤਾਂ ਬਿਗਾਨੇ ਘਰ ਚਲੀ ਜਾਂਦੀ ਹੈ ।ਜਿਹੜੀ ਕਿਸੇ ਨੇ ਆਪਣੇ ਪੁੱਤਰ ਦੇ ਲੜ ਲਈ ਹੁੰਦੀ ਹੈ ।ਉਸ ਨੂੰ ਆਪਣੀ ਧੀ ਨਾਲੋਂ ਵੀ ਜਿਆਦਾ ਪਿਆਰ ਦੇਣਾ ਚਾਹੀਦਾ ਹੈ ।ਇੱਕ ਵੇਲੇ ਕੋਈ ਉੱਚੀ ਨੀਵੀਂ ਗੱਲ ਵੀ ਹੋ ਜਾਵੇ ਤਾਂ ਬੈਠ ਕੇ ਉਸ ਦਾ ਹੱਲ ਕੱਢਿਆ ਜਾ ਸਕਦਾ ਹੈ ।ਕਈ ਬੀਬੀਆਂ ਤਾਂ ਇਹੋ ਜਿਹੀਆਂ ਹੁੰਦੀਆਂ ਹਨ ਜਿਹੜੀਆਂ ਗੱਲ ਮੂੰਹੋਂ ਨਿਕਲਣ ਹੀ ਨਹੀਂ ਦਿੰਦੀਆਂ ।ਕੋਠੇ ਚੜ ਕੇ ਰੌਲਾ ਪਾਉਣ ਲੱਗ ਜਾਂਦੀਆਂ ਹਨ ।ਜਿਸ ਨਾਲ ਰਿਸ਼ਤਿਆਂ ਵਿੱਚ ਕੜਵਾਹਟ ਪੈਦਾ ਹੋ ਜਾਂਦੀ ਹੈ ।ਗੱਲ ਕਹਿੰਦੀ ਹੈ ਤੂੰ ਮੈਨੂੰ ਮੁਹੋਂ ਕੱਢ ਮੈ ਤੈਨੂੰ ਪਿੰਡ ਤੋਂ ਕੱਢਦੀ ਹਾਂ ।ਕੀ ਕਦੇ ਮਾਵਾਂ ਧੀਆਂ ਵਿੱਚ ਕੋਈ ਗੱਲ ਨਹੀਂ ਹੁੰਦੀ ।ਉਸ ਨੂੰ ਕਿੰਨਾ ਕੁ ਲੋਕਾਂ ਤੱਕ ਪੁਚਾਇਆ ਜਾਂਦਾ ਹੈ ।ਫਿਰ ਨੂੰਹ ਦੀ ਗੱਲ ਨੂੰ ਲੋਕਾਂ ਵਿੱਚ ਕਿਉ ਪੁਚਾਇਆ ਜਾਵੇ ।ਕਿਸੇ ਵੇਲੇ ਨੂੰਹ ਗੱਲ ਕਰ ਵੀ ਲਵੇ ਤਾਂ ਸੱਸ ਨੂੰ ਗੁੱਸਾ ਨਹੀਂ ਕਰਨਾ ਚਾਹੀਦਾ ।ਕਿਉਂਕਿ ਸੱਸ ਉਮਰ ਵਿੱਚ ਵੱਡੀ ਹੁੰਦੀਹੈ ।ਉਸ ਨੂੰ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ ।ਸਾਡਾ ਭਾਰਤੀ ਵਿਰਸਾ ਬਹੁਤ ਹੀ ਵਧੀਆ ਹੈ ।ਇਹ ਪੱਛਮੀ ਮੁਲਕਾਂ ਵਰਗਾ ਨਹੀਂ ।ਕਿ "ਕੌਣ ਮਾਂ ਕੌਣ ਪਿਉ"ਕਿਥੇ ਰਹਿੰਦੇ ਨੇ ਕਿਸੇ ਨੂੰ ਕੁੱਝ ਪਤਾ ਹੀ ਨਹੀਂ ਹੁੰਦਾ ।ਇਥੇ ਤਾਂ ਰਿਸ਼ਤਿਆਂ ਦੀ ਬੜੀ ਮਹਾਨਤਾ ਹੈ ।ਹੁਣ ਜ਼ਮਾਨਾ ਪੜ੍ਹਿਆ ਲਿਖਿਆ ਹੈ ।ਹਰ ਇੱਕ ਨੂੰ ਸਮਝ ਹੈ ਕਿ "ਕੀ ਕਰਨਾ ਤੇ ਕੀ ਨਹੀ ਕਰਨਾ "?ਹੁਣ ਸੱਸਾਂ ਨੂੰ ਆਪਣੇ ਸੁਭਾਅ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ ਨੂੰਹਾਂ ਨੂੰ ਵੀ ਖਰਵੇਪਣ ਵਾਲੀ ਗੱਲ ਨਹੀਂ ਕਰਨੀ ਚਾਹੀਦੀ ।ਰਿਸ਼ਤਿਆਂ ਵਿੱਚ ਇੱਕ ਵਾਰ ਤਰੇੜ ਆ ਜਾਵੇ ਫਿਰ ਜਿੰਦਗੀ ਨਿਭਾਉਣੀ ਬੜੀ ਔਖੀ ਹੋ ਜਾਂਦੀ ਹੈ । ਅੱਜ ਬਹੁਤੇ ਬਿਰਧ ਆਸ਼ਰਮ ਕਈ ਔਰਤਾਂ ਦੇ ਖਰਵੇਪਨ ਦੀ ਦੇਣ ਹਨ ।ਸਾਨੂੰ ਇਹਨਾਂ ਤੋਂ ਬਚਨ ਦੀ ਲੋੜ ਹੈ ।ਲੋੜਵੰਦ ਤਾਂ ਬਿਰਧ ਆਸ਼ਰਮ ਦੀ ਸ਼ਰਨ ਲਵੇ ਤਾਂ ਗੱਲ ਬਣਦੀ ਹੈ ।ਪਰ ਬਹੁਤੇ ਬਜ਼ੁਰਗ ਤਾਂ ਨੂੰਹਾਂ ਪੁੱਤਰਾਂ ਤੋਂ ਤੰਗ ਆ ਕੇ ਬਿਰਧ ਆਸ਼ਰਮ ਤੇ ਭਾਰ ਪਾਈ ਬੈਠੇ ਹਨ ।ਹੁਣ ਉਹ ਜ਼ਮਾਨਾ ਨਹੀਂ ਰਿਹਾ ਕਿ ਸੱਸ ਨੂੰਹ ਉਤੇ ਨਾਦਰਸ਼ਾਹੀ ਵਰਗੇ ਹੁਕਮ ਚਲਾਏ ।ਸੱਸਾਂ ਨੂੰ ਨੂੰਹ ਧੀਆਂ ਦੇ ਸਮਾਨ ਤੇ ਨੂੰਹ ਨੂੰ ਸੱਸ ਮਾਂ ਦੇ ਸਮਾਨ ਰੱਖਣੀ ਚਾਹੀਦੀ ਹੈ । ਫਿਰ ਹੀ ਅਸੀਂ ਇੱਕ ਵਧੀਆ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ ।



# ਬਾਲ ਸੰਸਾਰ

## ਰੋਚਕ ਤੱਥ




- ਸੰਸਾਰ ਵਿਚ ਖੇਤਰ ਦੇ ਪੱਖ ਤੋਂ ਵੈਟੀਕਨ ਦੇਸ਼ ਸਭ ਤੋਂ ਛੋਟਾ ਦੇਸ਼ ਹੈ।
- ਅਮਰੀਕਾ ਦੇ ਉਪਰਲੇ ਸਦਨ ਨੂੰ ਸੈਨੇਟ ਕਹਿੰਦੇ ਹਨ ।
- ਠੰਢੇ ਅਤੇ ਗਰਮ ਪਾਣੀ ਦੇ ਮਿਲਣ ਨਾਲ ਕੋਹਰਾ ਪੈਂਦਾ ਹੈ ।
- ਭਾਰਤ ਅਤੇ ਚੀਨ ਵਿਚਕਾਰ ਜੋ ਰੇਖਾ ਹੈ, ਉਸ ਦਾ ਨਾਂਅ ਮੈਕਮੋਹਨ ਰੇਖਾ ਹੈ ।
- ਮਨੁੱਖ ਦੇ ਦਿਮਾਗ ਦਾ ਔਸਤਨ ਭਾਰ 1.5 ਕਿਲੋਗ੍ਰਾਮ ਹੁੰਦਾ ਹੈ ।
- ਤੰਦਰੁਸਤ ਮਨੁੱਖ ਦਾ ਦਿਲ 72 ਵਾਰ ਇਕ ਮਿੰਟ ਵਿਚ ਧੜਕਦਾ ਹੈ ।



**-ਅਜੇਸ਼ ਗੋਇਲ ਬਿੱਟੂ, ਮੋਬਾ : 98140-97917**

## ਅਨਮੋਲ ਬਚਨ

- ਔਖੇ ਸਮਿਆਂ ਵਿਚ ਸਿੱਖੇ ਸਬਕ ਸਾਰੀ ਜ਼ਿੰਦਗੀ ਕੰਮ ਆਉਂਦੇ ਹਨ ।
- ਜ਼ਿੰਦਗੀ ਦੀ ਪਾਠਸ਼ਾਲਾ ਵਿਚ ਤਜਰਬਾ ਇਕ ਅਜਿਹਾ ਅਧਿਆਪਕ ਹੈ, ਜੋ ਪ੍ਰੀਖਿਆ ਪਹਿਲਾਂ ਲੈਂਦਾ ਹੈ ਤੇ ਸਿਖਾਉਂਦਾ ਬਾਅਦ ਵਿਚ ਹੈ ।
- ਚੰਗਾ ਇਨਸਾਨ ਬਣਨ ਦੀ ਕੋਸ਼ਿਸ਼ ਉਸੇ ਤਰ੍ਹਾਂ ਕਰੋ ਜਿਵੇਂ ਕਿ ਖ਼ੂਬਸੂਰਤ ਬਣਨ ਦੀ ।
- ਜ਼ਿੰਦਗੀ ਆਸਾਨ ਨਹੀਂ ਹੁੰਦੀ ਆਸਾਨ ਬਣਾਉਣੀ ਪੈਂਦੀ ਹੈ, ਕੁਝ ਬਰਦਾਸ਼ਤ ਕਰਨਾ ਪੈਂਦਾ ਹੈ ਤੇ ਬਹੁਤ ਕੁਝ ਨਜ਼ਰ ਅੰਦਾਜ਼ ।
- ਇਨਸਾਨ ਸਭ ਕੁਝ ਭੁਲਾ ਸਕਦਾ ਹੈ ਸਿਵਾਏ ਉਨ੍ਹਾਂ ਪਲਾਂ ਤੋਂ ਜਦੋਂ ਉਸ ਨੂੰ ਆਪਣਿਆਂ ਦੀ ਲੋੜ ਸੀ ਤੇ ਉਨ੍ਹਾਂ ਨੇ ਸਾਥ ਨਹੀਂ ਦਿੱਤਾ ।
- ਆਪਣਿਆਂ ਦੇ ਨਾਲ ਸਮੇਂ ਦਾ ਪਤਾ ਨਹੀਂ ਚਲਦਾ ਪਰ ਸਮੇਂ ਦੇ ਨਾਲ ਆਪਣਿਆਂ ਦਾ ਜ਼ਰੂਰ ਪਤਾ ਲੱਗ ਜਾਂਦਾ ਹੈ ।
- ਜੋ ਤੁਹਾਡੇ 'ਤੇ ਵਿਸ਼ਵਾਸ ਕਰਦਾ ਹੋਵੇ ਉਸ ਨਾਲ ਕਦੇ ਵਿਸ਼ਵਾਸਘਾਤ ਨਾ ਕਰੋ ।


**-ਬਲਵਿੰਦਰਜੀਤ ਕੌਰ ਬਾਜਵਾ**

## ਬੁਝਾਰਤਾਂ

1. ਹਵਾ ਖਾਵੇ ਤਾਂ ਜੁੱਗ ਜੁੱਗ ਜੀਵੇ, ਮਰਜਾਵੇ ਜੇ ਪਾਣੀ ਪੀਵੇ ।
2. ਹਰੀ ਹਰਿਆਲੀ ਹਾਂ, ਮੋਤੀਆਂ ਦੀ ਡਾਲੀ ਹਾਂ, ਚੰਦ ਦੀ ਭੈਣ ਹਾਂ, ਸੂਰਜ ਦੀ ਸਾਲੀ ਹਾਂ ।
3. ਜਦ ਤੂੰ ਸੌਂ ਜਾਵੇ, ਤਾਂ ਕੋਲ ਮੈਂ ਤੇਰੇ ਆਵਾਂ, ਹਸਾ, ਰਵਾ ਕੇ ਤੈਨੂੰ, ਬਿਨ ਪੈਸੇ ਸੈਰ ਕਰਾਵਾਂ।
4. ਨਿੱਕਾ ਜਿਹਾ ਕਾਕਾ, ਉਹ ਬੂਹੇ ਦਾ ਰਾਖਾ ।
5. ਨਾ ਕੁਝ ਖਾਂਦਾ, ਨਾ ਕੁਝ ਪੀਂਦਾ, ਫਿਰ ਵੀ ਘਰ ਘਰ ਖ਼ਬਰ ਪਹੁੰਚਾਉਂਦਾ ।
6. ਸਿਰ ਤੇ ਕਲਗੀ ਰੰਗ ਨਿਆਰੇ, ਸਾਰੇ ਉਸ 'ਤੇ ਜਾਵਣ ਵਾਰੇ ।

ਉੱਤਰ : 1. ਅੱਗ, 2. ਤਰੇਲ, 3. ਸੁਪਨਾ, 4. ਜਿੰਦਾ, 5. ਅਖ਼ਬਾਰ, 6. ਮੋਰ ।

## ਕਿਤਾਬਾਂ



ਜੇ ਮੰਜ਼ਿਲਾਂ ਨੂੰ ਕਰਨਾ ਹੈ ਸਰ ਬੱਚਿਓ,
ਪੜ੍ਹ ਲੋ ਕਿਤਾਬਾਂ ਧਿਆਨ ਧਰ ਬੱਚਿਓ।
ਉੱਠ ਸਵੇਰੇ ਯਾਦ ਕਰੋ ਬੋਲ ਬੋਲ ਬੱਚਿਓ,
ਮਨ ਲਾ ਕੇ ਜਿਨ੍ਹਾਂ ਪੜ੍ਹੀਆਂ ਇਹ ਕਿਤਾਬਾਂ।
ਦਿੱਤੇ ਚਾਨਣ ਦੇ ਬੂਹੇ ਉਨ੍ਹਾਂ ਦੇ ਖੋਲ੍ਹ ਬੱਚਿਓ,
ਮਨ ਲਾ ਕੇ ਜਿਨ੍ਹਾਂ... ... .... .... ... ...।
ਲੰਘ ਗਿਆ ਸਮਾਂ ਕਦੇ ਹੱਥ ਨਹੀਂ ਆਉਂਦਾ,
ਸਾਂਭ ਗਿਆ ਜਿਹੜਾ ਉਹ ਨਹੀਂ ਪਛਤਾਉਂਦਾ।
ਗੁਆਚ ਗਿਆ ਕਦੇ ਲੱਭਣਾ ਨੀ ਫੇਰ,
ਪੜ੍ਹਾਈ ਜੀਵਨ ਦਾ ਗਹਿਣਾ ਅਨਮੋਲ ਬੱਚਿਓ।
ਮਨ ਲਾ ਕੇ ਜਿਨ੍ਹਾਂ... ... .... .... ... ...।
ਮੰਨਦੇ ਅਧਿਆਪਕਾਂ ਨੂੰ ਜੋ ਮਾਪਿਆਂ ਸਮਾਨ ਨੇ,
ਜੀਵਨ 'ਚ ਮੱਲ ਲੈਂਦੇ ਅਜਿਹੇ ਬੱਚੇ ਉਹ ਮਹਾਨ ਨੇ।
ਉਨ੍ਹਾਂ ਮਾਪਿਆਂ ਦੇ ਸੁਪਨੇ ਸਾਕਾਰ ਕੀ ਕਰਨੇ,
ਵੇਖੀ ਨਾ ਕਿਤਾਬ ਕਦੇ ਜਿਨ੍ਹਾਂ ਨੇ ਫਰੋਲ ਬੱਚਿਓ।
ਮਨ ਲਾ ਕੇ ਜਿਨ੍ਹਾਂ... ... .... .... ... ...।
ਗੱਲਾਂ ਇਹ 'ਘਲੋਟੀ' ਦੀਆਂ ਲਵੋ ਦਿਮਾਗ਼ 'ਚ ਪਾ,
ਜੇ ਉੱਚੇ ਰੁਤਬੇ 'ਤੇ ਤੁਸੀਂ ਬੈਠਣਾ ਹੈ ਜਾ।
ਸੰਗਤ ਹੈ ਚੰਗਿਆਂ ਦੀ ਤੁਸੀਂ ਕਰਨੀ ਹਮੇਸ਼ਾ,
ਦਿੰਦੀ ਸੰਗਤ ਨਾਲਾਇਕਾਂ ਦੀ ਰੋਲ ਬੱਚਿਓ।
ਮਨ ਲਾ ਕੇ ਜਿਨ੍ਹਾਂ... ... .... .... ... ...।

**-ਸੁਖਦੇਵ ਸਿੰਘ 'ਕੁੱਕੂ**

# ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**




- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਜੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।


**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



ਲੇਖਕ : ਹਰਵਿੰਦਰ ਸਿੰਘ ਰੋਡੇ
ਸੰਪਰਕ: 98889-79308

# ਸਾਹ ਤੋਂ ਸੁਆਹ ਵੱਲ

ਭਾਗ ਪਹਿਲਾਂ



ਕਾਂ ਅੱਖ ਨਿਕਲਦੀ ਸੀ। ਹਾੜ੍ਹ ਦਾ ਤਿੱਖੜ ਦੁਪਹਿਰਾ। ਸੂਰਜ ਜਿਵੇਂ ਸਿਰ 'ਤੇ ਖੜ੍ਹਾ ਰਹਿਣ ਦੀ ਜ਼ਿੱਦ ਫੜੀ ਬੈਠਾ ਹੋਵੇ। ਦਰਸ਼ਨ ਸਿੰਘ ਧਰਮਸ਼ਾਲਾ 'ਚੋਂ ਤਾਸ਼ ਖੇਡ ਕੇ ਢੂਹੀ ਸਿੱਧੀ ਕਰਨ ਘਰ ਵੱਲ ਹੋ ਤੁਰਿਆ। ਘਰ ਤੋਂ ਪੰਜ-ਸੱਤ ਕਰਮਾਂ ਦੀ ਵਿੱਥ ਰਹਿੰਦਿਆਂ, ਉਹਦੇ ਖੀਸੇ ਵਿਚਲੇ ਫੋਨ ਦੀ ਘੰਟੀ ਖੜਕੀ। ਫੋਨ ਦੀ ਸਕਰੀਨ 'ਤੇ ਖੱਬੇ ਹੱਥ ਨਾਲ ਛਾਂ ਕਰਦਿਆਂ ਨੰਬਰ ਵੇਖਿਆ ਤਾਂ ਬਲਵੀਰ ਦਾ ਨਾਂ ਜਗਮਗਾ ਰਿਹਾ ਸੀ। ਕਾਹਲੀ ਨਾਲ ਪ੍ਰਵਾਨਗੀ ਬਟਨ ਦੱਬ, ਫੋਨ ਕੰਨ ਨੂੰ ਲਾਇਆ, ''ਹਾਂ ਪੁੱਤ, ਕੀ ਹਾਲ ਐ?''

''ਬਸ ਮੌਜਾਂ ਡੈਡੀ... ਲੈ ਤੈਨੂੰ ਖ਼ੁਸ਼ੀ ਦੀ ਖ਼ਬਰ ਸੁਣਾਵਾਂ! ਥੋੜ੍ਹਾ ਚਿਰ ਪਹਿਲਾਂ ਹੀ ਏਜੰਟ ਨਾਲ ਗੱਲ ਹੋ ਕੇ ਹਟੀ ਐ... ਮੈਂ ਪਰਸੋਂ ਤੁਰਨੈਂ ਏਥੋਂ!'' ਬਲਵੀਰ ਦੇ ਮੂੰਹੋਂ ਇਹ ਬੋਲ ਸੁਣ ਕੇ ਦਰਸ਼ਨ ਤੋਂ ਚਾਅ ਨਾ ਚੱਕਿਆ ਜਾਵੇ। ਕੁਝ ਦਿਨਾਂ ਤੱਕ ਉਹਦਾ ਪੁੱਤ ਅਮਰੀਕਾ ਵਾਸੀ ਜੁ ਬਣਨ ਜਾ ਰਿਹਾ ਸੀ। ਉਹਨੇ ਧਰਤੀ ਨਿਸ਼ਕਾਰੀ। ਪੁੱਤ ਦੇ ਸੁਹਾਵਣੇ ਬੋਲ ਸੁਣਦਿਆਂ ਦਰਸ਼ਨ ਨੂੰ ਕੜਕਦੀ ਦੀ ਧੁੱਪ ਇਉਂ ਪ੍ਰਤੀਤ ਹੋਈ ਜਿਵੇਂ ਓਹਦੇ ਘਰ ਨੂੰ ਸੋਨੇ ਵਿੱਚ ਮੜ੍ਹਨ ਦਾ ਤਹੱਈਆ ਕਰੀ ਬੈਠੀ ਹੋਵੇ।

''ਸ਼ੁਕਰ ਐ ਦਾਤੇ ਦਾ... ਭਲਾ ਕਿੰਨੇ ਕੁ ਦਿਨਾਂ 'ਚ ਓਥੇ

ਜਾ ਪਹੁੰਚੇਂਗਾ?'' ਆਪਣੇ ਆਪ ਵਿੱਚ ਆਉਂਦਿਆਂ ਦਰਸ਼ਨ ਸਿੰਘ ਨੇ ਪੁੱਛਿਆ।

''ਡੈਡੀ... ਇਹਦਾ ਕੁਝ ਪੱਕਾ ਤਾਂ ਨਹੀਂ ਕਹਿ ਸਕਦੇ... ਉਂਝ ਉਹ ਕਹਿੰਦਾ ਸੀ ਬਈ ਏਸ ਰਸਤੇ 15-20 ਦਿਨ ਆਰਾਮ ਨਾਲ ਲੱਗ ਜਾਂਦੇ ਐ। ਊਂ ਖ਼ਤਰੇ ਵਾਲੀ ਕੋਈ ਗੱਲ ਨਹੀਂ। ਬਸ ਆਪਣੇ ਪਿੰਡਾਂ ਵੱਲ ਚੱਲਦੀਆਂ ਟੁੱਟਵੀਆਂ ਬੱਸਾਂ ਵਾਂਙੂੰ ਕਈ ਫਲਾਈਟਾਂ ਬਦਲਣੀਆਂ ਪੈਂਦੀਆਂ ਨੇ।''

''ਅੱਛਾ! ਚੱਲ ਟੁੱਟਮੀਆਂ ਦਾ ਤਾਂ ਕੀ ਐ... ਨਾਲੇ ਬੰਦਾ ਸੈਰਾਂ ਕਰਦਾ ਜਾਂਦੈ।'' ਦਰਸ਼ਨ ਸਿੰਘ ਨੇ ਆਪਣੇ ਦਿਲ ਨੂੰ ਢਾਰਸ ਦਿੰਦਿਆਂ ਪੁੱਤ ਦਾ ਹੌਸਲਾ ਕਰੜਾ ਰੱਖਣਾ ਚਾਹਿਆ।

''ਹਾਂ-ਹਾਂ ਡੈਡੀ... ਏਦਾਂ ਤਾਂ ਕੋਈ ਚੱਕਰ ਨਈਂ ਆਪਾਂ ਨੂੰ। ਹੋਰ ਬਥੇਰੇ ਮਿਲ ਜਾਂਦੇ ਐ ਸੰਗੀ ਸਾਥੀ।'' ਆਖਦਿਆਂ ਬਲਵੀਰ ਨੇ ਘਰ ਦਾ ਹਾਲ-ਚਾਲ ਪੁੱਛਿਆ ਤੇ ਫੋਨ ਕੱਟ ਦਿੱਤਾ।

ਏਜੰਟ ਦੀ ਵਿਉਂਤ ਅਨੁਸਾਰ ਬਲਵੀਰ ਨੇ ਪਹਿਲਾਂ ਦੁਬਈ ਤੋਂ ਫਲਾਈਟ ਲੈ ਕੇ ਬ੍ਰਾਜ਼ੀਲ ਉਤਰਨਾ ਸੀ। ਉਹਦੇ ਪਾਸਪੋਰਟ 'ਤੇ ਹਾਲੇ ਕੇਵਲ ਬ੍ਰਾਜ਼ੀਲ ਦੇ ਵੀਜ਼ੇ ਦੀ ਮੋਹਰ ਸੀ। ਅੱਗੇ ਕੀ ਹੋਣਾ ਏ? ਇਸ ਬਾਰੇ ਹਾਲੇ ਬਲਵੀਰ ਨੂੰ ਕੋਈ ਥਹੁ-ਪਤਾ ਨਹੀਂ ਸੀ। ਹਾਂ! ਏਜੰਟ ਨੇ ਏਨਾ ਜ਼ਰੂਰ ਕਿਹਾ ਸੀ ਕਿ ਹਰੇਕ ਮੁਲਕ ਵਿੱਚ ਵੜ੍ਹਨ ਤੋਂ ਪਹਿਲਾਂ ਉਹਦਾ ਐਂਟਰੀ ਪਾਸ ਬਣਿਆ ਕਰੇਗਾ।

ਮਿੱਥੀ ਯੋਜਨਾ ਅਨੁਸਾਰ ਉਹਨੇ ਦੁਬਈ ਤੋਂ ਫਲਾਈਟ ਲਈ ਤੇ ਬ੍ਰਾਜ਼ੀਲ ਜਾ ਪਹੁੰਚਿਆ। ਏਅਰਪੋਰਟ ਤੋਂ ਨਿਕਲਦਿਆਂ ਏਜੰਟ ਦੇ ਦਿੱਤੇ ਨੰਬਰ 'ਤੇ ਨੈੱਟਕਾਲ ਕਰਕੇ ਆਪਣੀ ਜਾਣ-ਪਛਾਣ ਕਰਵਾਈ। ਚੰਦ ਪਲਾਂ ਵਿੱਚ ਹੀ ਉਹਦੇ ਕੋਲ ਘਾਲੀ ਨਾਂ ਦਾ ਬੰਦਾ ਆਇਆ ਤੇ ਉਹਨੂੰ ਗੱਡੀ 'ਚ ਬਿਠਾਉਂਦਿਆਂ ਆਪਣੇ ਨਾਲ ਲੈ ਤੁਰਿਆ।

''ਲੈ ਬਈ ਮੁੰਡਿਆ... ਐਸ ਘਰੇ ਤੂੰ ਪੰਜ-ਸੱਤ ਦਿਨ ਲਾਉਣੇ ਐ। ਫਿਰ ਤੇਰਾ ਅਗਾਂਹ ਦਾ ਜੁਗਾੜ ਬਣਾਉਨੇ ਆਂ। ਬਸ ਆਹੀ ਇੱਕ-ਦੋ ਮੁਲਕਾਂ 'ਚ ਤੈਨੂੰ ਇਕੱਲਤਾ ਜਿਹੀ ਮਹਿਸੂਸ ਹੋਊ... ਅੱਗੇ ਤਾਂ ਰੌਣਕਾਂ ਈ ਰੌਣਕਾਂ।'' ਘਾਲੀ ਉਹਨੂੰ ਛੋਟੇ ਜਿਹੇ ਘਰ ਦੀ ਬੇਸਮੈਂਟ ਵਿੱਚ ਲੈ ਗਿਆ।

ਚਿੜੀ ਦੇ ਪੌਂਚੇ ਜਿੱਡੇ ਬੇਸਮੈਂਟ ਵਿੱਚ ਉਹਦਾ ਚਿੱਤ ਨਾ ਲੱਗਦਾ। ਰੂਹ ਨੂੰ ਤਾਜ਼ਾ ਰੱਖਣ ਖ਼ਾਤਰ ਉਹ ਆਥਣ-ਉਗੰਣ ਨੇੜੇ ਦੇ ਪਾਰਕ ਵਿੱਚ ਮਾੜਾ-ਮੋਟਾ ਘੁੰਮ-ਫਿਰ ਆਉਂਦਾ। ਖਾਣ ਨੂੰ ਆਉਂਦੀ ਇਕੱਲਤਾ ਨੇ ਉਹਦਾ ਪਿੱਛਾ ਤਦ ਛੱਡਿਆ ਜਦ ਤੀਜੇ ਕੁ ਦਿਨ ਘਾਲੀ ਦੋ ਮੁੰਡੇ ਹੋਰ ਲੈ ਆਇਆ। ਉਹ ਪੰਜਾਬੀ ਤਾਂ ਭਾਵੇਂ ਨਹੀਂ ਸਨ, ਪਰ ਉਨ੍ਹਾਂ ਦੇ ਹਾਵ-ਭਾਵ ਦੱਸਦੇ ਸਨ ਕਿ ਉਹ ਵੀ ਬਲਵੀਰ ਵਾਂਙੂੰ ਹੀ ਆਏ ਹੋਏ ਨੇ। ਭਾਸ਼ਾ ਦੀ ਸਾਂਝ ਨਾ ਹੋਣ ਕਰਕੇ ਬੇਸ਼ੱਕ ਉਹ ਇੱਕ-ਦੂਜੇ ਨਾਲ ਗੱਲ ਕਰਨ ਤੋਂ ਅਸਮਰੱਥ ਸਨ। ਫਿਰ ਵੀ ਹਮਸਫ਼ਰ ਬਣ ਗਏ ਹੋਣ ਕਰਕੇ ਤਿੰਨਾਂ ਦਾ ਚਿੱਤ ਪਰਚਿਆ ਰਹਿੰਦਾ।

ਬਲਵੀਰ ਨੂੰ ਏਸ ਬੇਸਮੈਂਟ ਵਿੱਚ ਰਹਿੰਦਿਆਂ ਪੂਰਾ ਹਫ਼ਤਾ ਬੀਤ ਗਿਆ ਪਰ ਹਾਲੇ ਤੱਕ ਉਹਨੂੰ ਅਗਾਂਹ ਦੀ ਕਿਸੇ ਯੋਜਨਾ ਬਾਰੇ ਨਹੀਂ ਸੀ ਦੱਸਿਆ ਗਿਆ। ਵਾਰ-ਵਾਰ ਪੁੱਛਣ 'ਤੇ ਘਾਲੀ ਆਖ ਛੱਡਦਾ, ''ਹਾਲੇ ਓਧਰ ਦਾ ਕੋਈ ਗੇੜਾ ਨਹੀਂ ਆਇਆ... ਜਿੱਦਣ ਗੇੜਾ ਆ ਗਿਆ ਬਸ ਓਦਣੇ ਰਵਾਨਗੀ ਸਮਝੋ... ਇਹ ਹੁਣ ਥੋੜੇ ਤਿੰਨਾਂ ਦੇ ਮੁਕੱਦਰ 'ਤੇ ਐ।''

ਅਖ਼ੀਰੀਂ ਉਨ੍ਹਾਂ ਦਾ ਮੁਕੱਦਰ ਜਾਗ ਉੱਠਿਆ। ਇੱਕ ਦਿਨ ਦੁਪਹਿਰੇ ਸੁੱਤੇ ਪਿਆਂ ਨੂੰ ਉਠਾਉਂਦਿਆਂ ਘਾਲੀ ਨੇ ਦੱਸਿਆ, ''ਅੱਜ ਆਪਣਾ ਟਰੱਕ ਚੱਲਿਆ ਓਧਰ ਨੂੰ... ਤੁਸੀਂ ਓਸ 'ਚ ਜਾਣੈ। ਇੱਥੋਂ ਆਪਣੇ ਟਰੱਕ ਪੇਰੂ ਵਿੱਚ ਦੀ ਸਿੱਧੇ ਇਕਵਾਡੋਰ ਨੂੰ ਜਾਂਦੇ ਐ। ਬਾਕੀ ਸਾਰੀ ਗੱਲ ਥੋਨੂੰ ਡਰੈਵਰ ਸਮਝਾਊ... ਤੁਸੀਂ ਬਸ ਆਥਣੇ ਪੰਜ ਵੱਜਦੇ ਨੂੰ ਰੈਡੀ ਰਹਿਣਾ।''

ਰੈਡੀ ਹੋਣ ਨੂੰ ਉਨ੍ਹਾਂ ਭਲਾ ਕਿੰਨਾ ਕੁ ਸਾਮਾਨ ਚੁੱਕਣਾ ਸੀ? ਬਸ ਇੱਕ-ਇੱਕ, ਦੋ-ਦੋ ਬੈਗ ਸਨ। ਪੰਜ ਵੱਜਦਿਆਂ ਹੀ ਘਾਲੀ ਨੇ ਉਨ੍ਹਾਂ ਨੂੰ ਗੱਡੀ 'ਚ ਬਿਠਾਇਆ ਤੇ ਵੀਹ ਕੁ ਮਿੰਟਾਂ ਦੀ ਡਰਾਈਵਿੰਗ ਮਗਰੋਂ, ਤੁਰਨ ਲਈ ਤਿਆਰ ਖੜ੍ਹੇ ਟਰੱਕ ਕੋਲ ਜਾ ਉਤਾਰਿਆ। ਟਰੱਕ ਵਿੱਚ ਪਤਾ ਨਹੀਂ ਕੀ ਸੀ ਪਰ ਸਭ ਪਾਸਿਓਂ ਬੰਦ, ਲੱਦਿਆ ਖੜ੍ਹਾ ਸੀ। ਘਾਲੀ ਨੇ ਡਰਾਈਵਰ ਨਾਲ ਘੁਸਰ-ਮੁਸਰ ਕੀਤੀ ਤੇ ਫਿਰ ਡਰਾਈਵਰ ਨੇ ਉਨ੍ਹਾਂ ਦੇ ਬੈਗ ਸੀਟਾਂ ਦੇ ਥੱਲੇ ਦਿੰਦਿਆਂ ਉਨ੍ਹਾਂ ਨੂੰ ਪਿਛਲੇ ਕੈਬਿਨ ਵਿੱਚ ਵੜ ਜਾਣ ਲਈ ਆਖ ਦਿੱਤਾ। ਸੋਹਣੇ ਕੈਬਿਨ ਵਿੱਚ ਵਧੀਆ ਬੈੱਡ ਲੱਗਾ ਹੋਇਆ ਸੀ; ਜੀਕਣ ਛੋਟਾ ਜਿਹਾ ਕਮਰਾ ਹੋਵੇ।

''ਲਓ ਬਈ ਜੁਆਨੋ! ਉਂ ਤਾਂ ਖ਼ਤਰੇ ਵਾਲੀ ਕੋਈ ਗੱਲ ਨਹੀਂ ਪਰ ਫਿਰ ਵੀ ਕਈ ਵਾਰ ਸਿਆਪਾ ਪੈਂਦੇ ਦਾ ਪਤਾ ਨਹੀਂ ਲੱਗਦਾ... ਤੁਸੀਂ ਬਸ ਮੇਰੀ ਕਹੀ ਨੀਂ ਮੋੜਨੀ!'' ਆਖਦਿਆਂ ਡਰਾਈਵਰ ਨੇ ਸੈਲਫ਼ ਮਾਰ ਲਈ।

''ਜਿਵੇਂ ਤੁਸੀਂ ਕਹੋਗੇ ਜੀ...!'' ਪੰਜਾਬੀ ਸਮਝਦੇ ਬਲਵੀਰ ਨੇ ਡਰਾਈਵਰ ਦੀ ਹਾਂ ਵਿੱਚ ਹਾਂ ਮਿਲਾਈ ਤਾਂ ਉਹਨੂੰ ਵੇਖ ਦੂਜਿਆਂ ਦੋਹਾਂ ਨੇ ਵੀ ਸਿਰ ਹਿਲਾ ਦਿੱਤੇ।

ਬ੍ਰਾਜ਼ੀਲ ਦੀਆਂ ਮਲਾਈ ਵਰਗੀਆਂ ਸੜਕਾਂ 'ਤੇ ਝਾਘੀਆਂ ਪਾਉਂਦਾ ਟਰੱਕ ਤੀਜੇ ਦਿਨ ਦਾ ਸੂਰਜ ਚੜ੍ਹਦੇ ਨੂੰ ਪੇਰੂ ਦਾ ਬਾਰਡਰ ਟੱਪ ਗਿਆ। ਅਗਾਂਹ ਤਾਂ ਵਾਟ ਹੀ ਕਿਹੜੀ ਰਹਿ ਗਈ ਸੀ? ਜਿਵੇਂ ਦੌੜਾਕ ਆਪਣੇ ਆਖ਼ਰੀ ਪਲਾਂ ਵਿੱਚ ਹੋਰ ਤੇਜ਼ ਹੋ ਜਾਂਦਾ ਏ, ਟਰੱਕ ਵੀ ਵਰੋਲੇ ਵਾਂਙ ਅੱਧੀ ਰਾਤ ਨੂੰ ਇਕਵਾਡੋਰ ਵਿੱਚ ਜਾ ਦਾਖ਼ਲ ਹੋਇਆ। ਇਸ ਸਾਰੇ ਸਫ਼ਰ ਵਿੱਚ ਸਣੇ ਡਰਾਈਵਰ ਉਨ੍ਹਾਂ ਨੂੰ ਕੋਈ ਤਕਲੀਫ਼ ਨਾ ਆਈ।

ਇਕਵਾਡੋਰ ਦੇ ਕਿਊਟੋ ਸ਼ਹਿਰ ਵਿੱਚ ਡਰਾਈਵਰ ਨੇ ਉਨ੍ਹਾਂ ਨੂੰ ਲਾਹਿਆ ਤਾਂ ਅੱਗੇ ਉਨ੍ਹਾਂ ਦਾ ਨਵਾਂ ਏਜੰਟ ਮਾਰਲਨ ਖੜ੍ਹਾ ਸੀ। ਮਾਰਲਨ ਤਿੰਨਾਂ ਨੂੰ ਆਪਣੀ ਗੱਡੀ ਵਿੱਚ ਬਿਠਾ ਕੇ ਇੱਕ ਹੋਟਲ ਵਿੱਚ ਲੈ ਗਿਆ। ਉੱਥੇ ਉਨ੍ਹਾਂ ਨੂੰ ਕਿਸੇ ਸਪੈਨਿਸ਼ ਬੋਲਦੇ ਬੰਦੇ ਦੇ ਹਵਾਲੇ ਕਰ ਆਪ ਪਤਾ ਨਹੀਂ ਕਿੱਧਰ ਚਲਾ ਗਿਆ। ਪੰਜ-ਚਾਰ ਘੰਟੇ ਆਰਾਮ ਕਰਨ ਤੋਂ ਬਾਅਦ ਉਹ ਤਿੰਨੇ ਉਸ ਸਪੈਨਿਸ਼ ਬੰਦੇ ਦੀ ਕਾਰ ਵਿੱਚ ਜਾ ਬੈਠੇ। ਲੰਮਾਂ ਸਮਾਂ ਦੌੜਦੀ ਰਹੀ ਕਾਰ ਕਿਸੇ ਵੀਰਾਨ ਜਿਹੇ ਘਰ ਅੱਗੇ ਜਾ ਰੁਕੀ। ਘਰ ਦੇ ਅੰਦਰ ਪੈਰ ਧਰੇ ਤਾਂ ਉਨ੍ਹਾਂ ਵਰਗੇ ਹੋਰ ਕਈ ਮੁੰਡੇ ਪਹਿਲਾਂ ਤੋਂ ਹੀ ਉੱਥੇ ਮੌਜੂਦ ਸਨ।

ਅਸਲ ਵਿੱਚ ਤਾਂ ਇੱਥੋਂ ਸ਼ੁਰੂ ਹੁੰਦਾ ਏ ਬਲਵੀਰ ਦਾ ਬਿਖੜੇ ਪੈਂਡਿਆਂ ਦਾ ਸਫ਼ਰ।

ਪੂਰਾ ਇੱਕ ਦਿਨ ਬਲਵੀਰ ਨੇ ਇਸ ਇਕੱਠ ਵਿੱਚ ਗੁਜ਼ਾਰਿਆ ਤੇ ਅਗਲੇ ਦਿਨ ਉਨ੍ਹਾਂ ਵਿੱਚੋਂ ਦਸ-ਗਿਆਰਾਂ ਜਣਿਆਂ ਦੀ ਛਾਂਟੀ ਕਰਕੇ ਇੱਕ ਛੋਟੀ ਜਿਹੀ ਟੈਕਸੀ ਵਿੱਚ ਮੁਰਗੀਆਂ ਵਾਂਙੂੰ ਤਾੜਦਿਆਂ ਅਗਲੇਰੇ ਸਫ਼ਰ ਲਈ ਰਵਾਨਾ ਕਰ ਦਿੱਤਾ।

ਟੈਕਸੀ ਦਾ ਸਿਆਹਫਾਮ ਡਰਾਈਵਰ ਹਵਾ ਨੂੰ ਗੰਢਾਂ ਦਿੰਦਾ ਜਾਂਦਾ ਸੀ। ਪੂਰੀ ਦਿਹਾੜੀ ਵਿੱਚ ਉਹਨੇ ਕੇਵਲ ਦੋ ਵਾਰ

ਟੈਕਸੀ ਰੋਕੀ। ਟੈਕਸੀ ਰੁਕੀ ਤੋਂ ਉਹ ਪਿਸ਼ਾਬ ਕਰਨ ਬਹਾਨੇ ਖੁੱਲ੍ਹੀ ਹਵਾ ਲੈ ਲੈਂਦੇ। ਏਸ ਜੋਖ਼ਮ ਭਰੇ ਸਫ਼ਰ ਵਿੱਚ ਉਨ੍ਹਾਂ ਨੇ ਦੋ ਵਾਰ ਹੀ ਚੱਜ ਨਾਲ ਸਾਹ ਲਿਆ। ਪੂਰੇ 14-15 ਘੰਟਿਆਂ ਬਾਅਦ ਇਹ ਕਿਸੇ ਹੋਰ ਬੰਦੇ ਦੇ ਹਵਾਲੇ ਕੀਤੇ ਗਏ ਤਾਂ ਮਸਾਂ ਕਿਤੇ ਜਾ ਕੇ ਸੁਖ ਦਾ ਸਾਹ ਆਇਆ।

ਨਵੇਂ ਡੌਂਕਰ ਕੋਲ ਪੰਜ-ਸੱਤ ਘੰਟੇ ਆਰਾਮ ਕਰਨ ਮਗਰੋਂ ਫਿਰ ਉਹੀ ਟੈਕਸੀ ਸਫ਼ਰ ਸ਼ੁਰੂ। ਇਉਂ ਕਦੇ ਟੈਕਸੀ ਰਾਹੀਂ, ਕਦੇ ਤੁਰ ਕੇ ਤੇ ਕਦੇ ਬੱਸ ਰਾਹੀਂ ਸਫ਼ਰ ਕਰਦਿਆਂ ਉਹ ਛੇਵੇਂ ਦਿਨ ਇੱਕ ਸਮੁੰਦਰ ਕੰਢੇ ਜਾ ਅੱਪੜੇ। ਉਸੇ ਸਮੁੰਦਰ ਕਿਨਾਰੇ; ਜਿੱਥੇ ਆਏ ਦਿਨ ਮੌਤ ਰਾਣੀ ਛਾਂਟ-ਛਾਂਟ ਕੇ ਆਪਣੇ ਪਸੰਦੀਦੇ ਸ਼ਿਕਾਰਾਂ ਨੂੰ ਕਲਾਵੇ ਭਰਦੀ ਹੈ।

ਇਹ ਸਮੁੰਦਰ ਉਨ੍ਹਾਂ ਕਿਸ਼ਤੀ ਰਾਹੀ ਪਾਰ ਕਰਨਾ ਸੀ। ਉਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਲੋਕ ਸਨ; ਜੋ ਉਨ੍ਹਾਂ ਵਾਂਙ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦੇ ਸਫ਼ਰ 'ਤੇ ਨਿਕਲੇ ਹੋਏ ਸਨ। ਘੁਸਮੁਸਾ ਜਿਹਾ ਹੁੰਦਿਆਂ ਸਮੁੰਦਰ ਤੇ ਆਕਾਸ਼ ਇੱਕ ਦੂਜੇ ਵਿੱਚ ਸਮਾਉਣ ਲੱਗੇ ਤਾਂ ਡੌਂਕਰਾਂ ਨੇ ਉਨ੍ਹਾਂ ਨੂੰ ਕਿਸ਼ਤੀ 'ਤੇ ਚੜ੍ਹਾਉਣਾ ਸ਼ੁਰੂ ਕੀਤਾ। ਮੌਤ ਦਾ ਮੂੰਹ ਅੱਡਿਆ ਵੇਖ, ਥਰ-ਥਰ ਕੰਬਦੇ ਬਲਵੀਰ ਨੇ ਕਿਸ਼ਤੀ ਵਿੱਚ ਸਵਾਰ ਹੁੰਦਿਆਂ, ਦਿਲ ਨੂੰ ਢਾਰਸ ਦੇਣ ਲਈ, ਆਪਣੇ ਹਮਸਫ਼ਰਾਂ 'ਤੇ ਵਿੰਨ੍ਹਵੀਂ ਨਜ਼ਰ ਸੁੱਟੀ। ਆਦਮੀਆਂ ਦੇ ਨਾਲ-ਨਾਲ ਛੇ-ਸੱਤ ਔਰਤਾਂ ਨੂੰ ਕਿਸ਼ਤੀ ਵਿੱਚ ਸਵਾਰ ਦੇਖ ਕੇ ਉਹਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਚਿਹਰੇ-ਮੁਹਰੇ ਵੇਖਦਿਆਂ ਉਹਨੂੰ ਚਾਰ-ਪੰਜ ਜਣੇ ਭਾਰਤੀ ਲੱਗੇ।

ਠਾਠਾਂ ਮਾਰਦੇ ਵਿਸ਼ਾਲ ਸਮੁੰਦਰ ਵਿੱਚ ਨਿੱਕੀ ਜਿਹੀ ਕਿਸ਼ਤੀ ਸਾਰੀ ਰਾਤ ਕਿਸੇ ਅਣਜਾਣੀ ਦਿਸ਼ਾ ਵੱਲ ਠਿੱਲ੍ਹਦੀ ਰਹੀ। ਪੈਰ-ਪੈਰ 'ਤੇ ਉਨ੍ਹਾਂ ਨੂੰ ਇਉਂ ਜਾਪਦਾ ਜਿਵੇਂ ਉਹ ਮੌਤ ਦੇ ਜਬਾੜਿਆਂ ਨੂੰ ਹੱਥ ਲਾ ਕੇ ਮੁੜਦੇ ਹੋਣ। ਅੱਠ-ਨੌਂ ਘੰਟਿਆਂ ਦੇ ਸਫ਼ਰ ਮਗਰੋਂ ਕਿਨਾਰਾ ਨਸੀਬ ਹੋਇਆ ਤਾਂ ਸਭ ਨੂੰ ਡੰਗਰਾਂ ਵਾਂਙੂੰ ਧੱਕੇ ਮਾਰਦਿਆਂ ਕਿਸ਼ਤੀ ਤੋਂ ਥੱਲੇ ਸੁੱਟ ਦਿੱਤਾ ਗਿਆ। ਵੇਂਹਦਿਆਂ-ਵੇਂਹਦਿਆਂ ਕਿਸ਼ਤੀ ਫਿਰ ਉਸੇ ਹਨੇਰੇ ਵਿੱਚ ਲੋਪ ਹੋ ਗਈ। ਕਿਸੇ ਨੂੰ ਕੁਝ ਨਹੀਂ ਸੀ ਪਤਾ ਲੱਗ ਰਿਹਾ ਕਿ ਅਗਾਂਹ ਕਿੱਧਰ ਨੂੰ ਜਾਣਾ ਹੈ। ਸਾਰੇ ਜਣੇ ਇੱਕ ਨਿੱਕੀ ਜਿਹੀ ਪਹਾੜੀ ਦੇ ਪੈਰਾਂ ਵਿੱਚ ਬੈਠ ਕੇ ਸਵੇਰ ਹੋਣ ਦਾ ਇੰਤਜ਼ਾਰ ਕਰਨ ਲੱਗੇ।

ਧੰਮੀ ਵੇਲੇ ਇੱਕ ਕਿਸ਼ਤੀ ਹੋਰ ਆਈ; ਉਹਦੇ ਸਵਾਰਾਂ ਨਾਲ ਵੀ ਉਹੀ ਸਲੂਕ ਹੋਇਆ। ਜਦ ਉਹ ਵੀ ਉਨ੍ਹਾਂ ਵੱਲ ਨੂੰ ਤੁਰੇ ਆ ਰਹੇ ਸਨ ਤਾਂ ਬਲਵੀਰ ਨੂੰ ਇਨ੍ਹਾਂ ਵਿੱਚ ਕਾਫ਼ੀ ਲੋਕ ਭਾਰਤੀ ਲੱਗੇ। ਇੱਕ ਇੱਕ ਤੇ ਦੋ ਗਿਆਰਾਂ ਵਾਂਙ ਦੋ ਟੋਲੀਆਂ ਦੇ ਆਪੋ ਵਿੱਚ ਮਿਲ ਜਾਣ 'ਤੇ ਸਭ ਦੇ ਹੌਸਲੇ ਦੂਣੇ ਹੋ ਗਏ। ਹੁਣ ਉਨ੍ਹਾਂ ਦੀ ਟੋਲੀ 50-60 ਜਣਿਆਂ ਦੀ ਬਣ ਗਈ ਸੀ।

ਸਵੇਰ ਦਾ ਸੂਰਜ ਚੜ੍ਹਦਿਆਂ ਦੋ ਡੌਂਕਰ ਉਨ੍ਹਾਂ ਨੂੰ ਲੈਣ ਆਏ ਤੇ ਉਹ ਸਭ ਡੌਂਕਰਾਂ ਦੀ ਅਗਵਾਈ ਹੇਠ ਉੱਚੀਆਂ-ਨੀਵੀਆਂ ਪਹਾੜੀਆਂ ਦੇ ਜੰਗਲੀ ਰਸਤੇ 'ਤੇ ਅੱਗੇ ਨੂੰ ਵਧਣ ਲੱਗੇ। ਡੌਂਕਰਾਂ ਦੇ ਹੱਥਾਂ ਵਿੱਚ ਤੂਤ ਦੀਆਂ ਛਿਟੀਆਂ ਵਰਗੀਆਂ ਪਤਲੀਆਂ-ਪਤਲੀਆਂ ਛਮਕਾਂ ਵੇਖ ਇਉਂ ਲੱਗਦਾ ਸੀ ਜਿਵੇਂ ਉਹ ਬੰਦਿਆਂ ਨੂੰ ਨਹੀਂ ਸਗੋਂ ਪਸ਼ੂਆਂ ਨੂੰ ਹੱਕ ਕੇ ਲਿਜਾ ਰਹੇ ਹੋਣ। ਜੇਕਰ ਕੋਈ ਥੱਕਿਆ-ਟੁੱਟਿਆ ਪੈਰ ਜਿਹੇ ਘੜੀਸਦਾ ਤਾਂ ਡੌਂਕਰ ਉਹਨੂੰ ਗਾਲ੍ਹਾਂ ਕੱਢਦੇ, ਕੁੱਟਦੇ-ਮਾਰਦੇ ਤੇਜ਼ ਤੁਰਨ ਲਈ ਮਜਬੂਰ ਕਰਦੇ। ਫੇਰ ਵੀ ਕੋਈ ਧੀਮੀ ਚਾਲ ਚੱਲਦਾ ਤਾਂ ਉਹਨੂੰ ਉੱਥੇ ਹੀ ਰੁਲਦਾ ਛੱਡ ਜਾਣ ਦੀਆਂ ਧਮਕੀਆਂ ਦਿੰਦੇ।

ਕਿੰਨੇ ਹੀ ਦਿਨ ਹੋ ਗਏ ਸਨ ਉਨ੍ਹਾਂ ਨੂੰ ਇਉਂ ਖੱਜਲ-ਖੁਆਰ ਹੁੰਦਿਆਂ ਪਰ ਪਹੁੰਚੇ ਉਹ ਹਾਲੇ ਅੱਧ ਤੀਕ ਵੀ ਨਹੀਂ ਸਨ। ਦਿਨਾਂ ਦੇ ਬੀਤਣ ਨਾਲ ਸਭ ਨੂੰ ਇਨ੍ਹਾਂ ਉੱਭੜ-ਖਾਭੜ ਰਾਹਾਂ ਤੋਂ ਕਚਿਆਣ ਜਿਹੀ ਆਉਣ ਲੱਗ ਗਈ ਸੀ। 50-60 ਜਣਿਆਂ ਦੀ ਟੋਲੀ ਹੋਣ ਦੇ ਬਾਵਜੂਦ ਹਰ ਕੋਈ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ। ਸਾਰਿਆਂ ਕੋਲ ਬੇਲੋੜੀਆਂ ਜਿਹੀਆਂ ਵਸਤੂਆਂ ਨਾਲ ਭਰੇ; ਭਾਰੇ-ਭਾਰੇ ਬੈਗ। ਕਈਆਂ ਨੇ ਤਾਂ ਰਸਤੇ ਦੀ ਕਠਿਨਾਈ ਵੇਂਹਦਿਆਂ, ਆਪਣੇ ਬੈਗਾਂ ਵਿੱਚੋਂ ਕਈ ਕੁਝ ਬਾਹਰ ਸੁੱਟ ਹੌਲੇ ਕਰ ਲਏ ਸਨ। ਖਾਣ-ਪੀਣ ਦਾ ਸਾਮਾਨ ਦਿਨੋ-ਦਿਨ ਮੁੱਕਦਾ ਜਾਂਦਾ ਸੀ। ਪਾਣੀ ਪੀਣ ਨੂੰ ਤਰਸਦੇ ਕਿਸੇ ਨੌਜਵਾਨ ਨੇ ਦੂਜੇ ਤੋਂ ਪਾਣੀ ਮੰਗਣਾ ਤਾਂ ਅਗਲੇ ਨੇ ਆਪਣੇ ਕੋਲ ਵੀ ਲੋੜ ਜੋਗਾ ਹੀ ਪਾਣੀ ਹੋਣ ਕਰਕੇ ਜਵਾਬ ਦੇ ਦੇਣਾ। ਇਨਸਾਨੀਅਤ ਜਿਵੇਂ ਮਰ ਹੀ ਗਈ ਸੀ। ਅਜਿਹੀ ਸਥਿਤੀ ਵਿੱਚ ਮਹਿਸੂਸ ਹੁੰਦਾ ਸੀ ਕਿ ਸੱਚਮੁੱਚ ਹੀ ਇਸ ਜੱਗ ਵਿੱਚ ਕੋਈ ਕਿਸੇ ਦਾ ਸਕਾ ਨਹੀਂ ਹੈ।

ਮੌਤ ਦੀਆਂ ਰਾਹਾਂ 'ਤੇ ਤੁਰਦੇ ਬਲਵੀਰ ਨੂੰ ਕਦੇ ਵਿਹਲ ਮਿਲਦੀ ਤਾਂ ਉਹ ਘਰੇ ਫੋਨ ਲਾ ਲੈਂਦਾ। ਜੀਓ-ਜੀਅ ਉਹਦੀ ਆਵਾਜ਼ ਨੂੰ ਤਰਸਿਆ ਪਿਆ ਹੁੰਦਾ। ਉਹਦੀ ਮਰਨਊ ਜਿਹੀ ਆਵਾਜ਼ ਹਰੇਕ ਦੇ ਕਾਲਜੇ ਦਾ ਰੁੱਗ ਭਰਕੇ ਲੈ ਜਾਂਦੀ। ਜਿਸ ਦਿਨ ਫੋਨ ਨਾ ਆਉਂਦਾ, ਪਰਿਵਾਰ ਨੂੰ ਚਿੰਤਾ ਬਘਿਆੜੀ ਵੱਢ-ਵੱਢ ਖਾਣ ਲੱਗਦੀ। ਜਿਵੇਂ-ਜਿਵੇਂ ਦਿਨ ਲੰਘਦੇ ਜਾ ਰਹੇ ਸਨ ਤਿਵੇਂ-ਤਿਵੇਂ ਫੋਨ ਆਉਣੋਂ ਘਟਦਾ ਜਾ ਰਿਹਾ ਸੀ; ਫ਼ਲਸਰੂਪ ਜਸਨੂਰ ਦਾ ਦਿਲ ਵੀ ਘਟਦਾ ਚਲਾ ਜਾਂਦਾ। ਉਹਨੂੰ ਕਿਤਾਬਾਂ ਵਿੱਚ ਪੜ੍ਹੇ, ਡੰਕੀ ਦੇ ਖ਼ਤਰੇ ਯਾਦ ਆਉਂਦੇ। ਅੰਦਰੋਂ ਸੂਲ ਉੱਠਦਾ।

ਓਧਰ ਬਲਵੀਰ ਲਈ ਰੋਜ਼ ਫੋਨ ਲਾਉਣਾ ਸੰਭਵ ਨਹੀਂ ਸੀ। ਫੋਨ ਲਾਉਣਾ ਤਾਂ ਦੂਰ; ਡੌਂਕਰਾਂ ਦੀਆਂ ਗੱਡੀਆਂ ਜਾਂ ਘਰਾਂ ਤੋਂ ਫੋਨ ਚਾਰਜ ਕਰਨੇ ਹੀ ਚੁਣੌਤੀ ਭਰਿਆ ਕਾਰਜ ਸੀ। ਸਾਰਾ-ਸਾਰਾ ਦਿਨ ਜੰਗਲਾਂ ਵਿੱਚ ਤੁਰਨਾ। ਬੂਟਾਂ ਵਿੱਚ ਕਸੇ ਪੈਰ ਪਾਟਣ 'ਤੇ ਆ ਜਾਣੇ। ਜਦ ਬੂਟ ਉਤਾਰਨੇ ਤਾਂ ਪੈਰਾਂ ਵਿੱਚੋਂ ਸੜਿਹਾਂਦ ਮਾਰਨੀ। ਹਰ ਦੂਜੇ-ਤੀਜੇ ਦਿਨ ਨਵੇਂ ਡੌਂਕਰਾਂ ਨਾਲ ਵਾਹ ਪੈਣਾ। ਕਿਸੇ ਡੌਂਕਰ ਨੇ ਉਨ੍ਹਾਂ ਦੀ ਟੋਲੀ ਨੂੰ ਆਪਣੇ ਘਰ ਠਹਿਰਾਉਣਾ, ਕਿਸੇ ਨੇ ਕਿਸੇ ਕੈਂਪ ਵੱਲ ਮੋੜ ਦੇਣੇ। ਕਿਤੇ ਡੌਂਕਰਾਂ ਨੇ ਹੀ ਉਨ੍ਹਾਂ ਦੀ ਲੁੱਟ-ਖੋਹ ਕਰਨ ਲੱਗ ਜਾਣਾ। ਇੱਕ ਵੇਲਾ ਤਾਂ ਅਜਿਹਾ ਵੀ ਆਇਆ ਜਿੱਥੇ ਡੌਂਕਰਾਂ ਨੇ ਉਨ੍ਹਾਂ ਦੀ ਟੋਲੀ ਨੂੰ ਲੁੱਟ ਕੇ ਕੇਵਲ ਨਿੱਕਰ-ਬਨੈਣ ਵਿੱਚ ਅੱਗੇ ਭੇਜਿਆ। ਅਜਿਹੇ ਸਮਿਆਂ ਵਿੱਚ ਅੱਗੇ ਮਿਲੇ ਡੌਂਕਰਾਂ ਦੀ ਮੱਦਦ ਨਾਲ ਉਹ ਘਰ ਸੰਪਰਕ ਕਰਦੇ ਤੇ ਪੈਸੇ ਮੰਗਵਾਉਂਦੇ। ਇਉਂ ਬਲਵੀਰ ਦੇ ਪੱਚੀ ਲੱਖ ਤੋਂ ਬਿਨਾਂ ਚਾਰ-ਪੰਜ ਲੱਖ ਰੁਪਏ ਹੋਰ ਵੀ ਖਰਚੇ ਗਏ।

ਇੱਕੋ ਕਾਰਜ ਨੂੰ ਫ਼ਤਹਿ ਕਰਨ ਗਿਆਂ ਵਾਂਙ ਇੱਕੋ ਰਾਹ ਦੇ ਪਾਂਧੀਆਂ ਵਿੱਚ ਮਿੱਤਰਤਾ ਉਪਜਣੀ ਸੁਭਾਵਿਕ ਹੈ। ਉਹਦੀ ਟੋਲੀ ਵਿਚਲੇ ਭਾਰਤੀਆਂ ਵਿੱਚੋਂ ਉਹ ਚਾਰ-ਪੰਜ ਜਣੇ ਦੋਸਤੀ ਦੇ ਧਾਗੇ 'ਚ ਪਰੋਏ ਗਏ। ਇਨ੍ਹਾਂ ਵਿੱਚੋਂ ਭੰਡਾਲ ਤੇ ਸੋਢੀ ਤਾਂ ਉਸ ਨਾਲ ਮੂਲੋਂ ਹੀ ਘਿਉ-ਖਿਚੜੀ ਹੋ ਗਏ।

''ਕਿਉਂ ਬਾਈਓ! ਜੇ ਭਲਾ ਆਪਣੇ 'ਚੋਂ ਕੋਈ ਰਾਹ ਵਿੱਚ ਈ ਖੁਰਦ-ਬੁਰਦ ਹੋ'ਜੇ ਤਾਂ ਦੂਜੇ ਉਹਦੇ ਘਰੇ ਤਾਂ ਦੱਸ ਦੇਣਗੇ ਕਿ ਨਹੀਂ!'' ਕਦੇ-ਕਦੇ ਬਲਵੀਰ ਨੇ ਆਪਣੇ ਨਾਲ ਦਿਆਂ ਨੂੰ ਆਖਣਾ।

''ਓ ਕੋਈ ਨਾ, ਇਉਂ ਨਹੀਂ ਕੁਝ ਹੋਣ ਲੱਗਾ। ਸਾਰੇ ਆਪਣੇ ਵਰਗੇ ਈ ਐ। ਨਾਲੇ ਅੱਗੇ ਕਿਹੜਾ ਲੋਕ ਇਨ੍ਹਾਂ ਰਾਹਾਂ 'ਤੇ ਗਏ ਨ੍ਹੀਂ।'' ਸੋਢੀ ਨੇ ਹੌਸਲਾ ਦੇਣਾ।

ਹੱਥੀਂ ਬੀਜੇ ਕੰਡਿਆਂ 'ਤੇ ਤੁਰਦੇ ਬਲਵੀਰ ਨੂੰ ਆਪਣੀ ਸਿਹਤ ਦਿਨੋ-ਦਿਨ ਨਿੱਘਰਦੀ ਜਾਂਦੀ ਲੱਗੀ। ਇਹ ਸੋਢੀ ਤੇ ਭੰਡਾਲ ਹੀ ਸਨ, ਜਿਨ੍ਹਾਂ ਨੇ ਦੋਸਤੀ ਦੀ ਮਿਸਾਲ ਕਾਇਮ ਕਰਦਿਆਂ ਕਿਸੇ ਹਾਲ 'ਚ ਵੀ ਉਹਦੀ ਬਾਂਹ ਨਾ ਛੱਡੀ; ਬੇਸ਼ੱਕ ਇਸ ਬਦਲੇ ਕਈ ਵਾਰ ਉਨ੍ਹਾਂ ਨੂੰ ਆਪਣੀ ਜਾਨ ਵੀ ਖ਼ਤਰੇ 'ਚ ਪਾਉਣੀ ਪਈ। ਕਈ ਵਾਰ ਲਗਾਤਾਰ ਦੋ-ਦੋ ਦਿਨ ਭੁੱਖਣ ਭਾਣੇ ਰਹਿਣਾ ਪੈਂਦਾ। ਕਿਸੇ-ਕਿਸੇ ਕੈਂਪ ਵਿੱਚ ਪਹੁੰਚ ਕੇ ਖਾਣ-ਪੀਣ ਹੋ ਜਾਂਦਾ ਤਾਂ ਕਾਲਜੇ ਧਾਫੜੇ ਜਾਂਦੇ। ਕਿਤੇ-ਕਿਤੇ ਹੋਰ ਕੱਪੜੇ ਵੀ ਨਸੀਬ ਹੋ ਜਾਂਦੇ। ਢਾਈ-ਤਿੰਨ ਮਹੀਨੇ ਤੰਗੀਆਂ-ਤੁਰਸ਼ੀਆਂ ਝੱਲਦੇ ਉਹ ਪਨਾਮਾ, ਕੋਸਟਾਰੀਕਾ, ਨਿਕਰਾਗੁਆ ਤੋਂ ਹੁੰਦੇ ਹੋਏ ਗੁਆਟੇਮਾਲਾ ਦਾ ਬਾਰਡਰ ਟੱਪ ਮੈਕਸਿਕੋ ਪੁੱਜ ਗਏ। ਮੈਕਸਿਕੋ ਦੇ ਤਾਪਾਚੁਲਾ ਕੈਂਪ ਵਿੱਚ ਦੋ ਡੰਗ ਦਾ ਅੰਨ ਤਾਂ ਨਸੀਬ ਹੋ ਜਾਂਦਾ, ਪ੍ਰੰਤੂ ਇਹਦੇ ਲਈ ਲਗਾਤਾਰ ਦੋ-ਦੋ ਘੰਟੇ ਕਤਾਰ ਵਿੱਚ ਲੱਗਣਾ ਪੈਂਦਾ ਸੀ; ਮਾਨੋ ਰੋਟੀ ਖਾਣ ਲਈ ਇੱਕ ਲੰਮਾ ਯੁੱਧ ਲੜਨਾ ਪੈਂਦਾ। ਕਈ ਵਾਰ ਕਤਾਰ ਵਿੱਚ ਲੱਗੇ ਨੌਜਵਾਨਾਂ ਨੇ ਥੱਪੜੋ-ਥੱਪੜੀ ਹੋ ਜਾਣਾ। ਇਹ ਸਭ ਰੰਗ-ਢੰਗ ਵੇਖ ਕੇ ਇਉਂ ਲੱਗਦਾ ਜਿਵੇਂ ਇਹ ਕਤਾਰ ਬੰਦਿਆਂ ਦੀ ਨਾ ਹੋ ਕੇ ਜਾਨਵਰਾਂ ਦੀ ਹੋਵੇ।

ਵੀਹ-ਬਾਈ ਦਿਨ ਤਾਪਾਚੁਲਾ ਦੇ ਕੈਂਪ ਵਿੱਚ ਗੁਜ਼ਾਰਨ ਮਗਰੋਂ ਉਨ੍ਹਾਂ ਤਾਪਾਚੁਲਾ ਤੋਂ ਮੈਕਸਿਕੋ ਸਿਟੀ ਤੇ ਉੱਥੋਂ ਮੈਕਸੀਕੈਲੀ ਸ਼ਹਿਰ ਤੱਕ, ਢਾਈ-ਤਿੰਨ ਹਜ਼ਾਰ ਕਿਲੋਮੀਟਰ ਦਾ ਦੁਸ਼ਵਾਰੀਆਂ ਭਰਿਆ ਸਫ਼ਰ ਨੇਪਰੇ ਚਾੜ੍ਹਿਆ। ਹਰ ਪੜਾਅ ਦੀ ਤਰ੍ਹਾਂ ਮੈਕਸੀਕੈਲੀ ਤੋਂ ਵੀ ਉਨ੍ਹਾਂ ਨੂੰ ਨਵੇਂ ਡੌਂਕਰ ਮਿਲੇ ਤੇ ਉਨ੍ਹਾਂ ਦੀਆਂ ਤਸਵੀਰਾਂ ਦਿਖਾਉਂਦਿਆਂ, ਆਪਣੀ ਕਾਰ ਵਿੱਚ ਬਿਠਾਉਣ ਲੱਗੇ। ਵਰੋਲਾ ਬਣੀ ਕਾਰ ਨੂੰ ਇੱਕ ਛੋਟੇ ਜਿਹੇ ਘਰ ਵਿੱਚ ਲਿਜਾਂਦਿਆਂ, ਦੂਜੇ ਡੌਂਕਰਾਂ ਵਾਂਙ ਇਨ੍ਹਾਂ ਵੀ ਰਿਵਾਲਵਰ-ਰਾਈਫਲਾਂ ਦਿਖਾਈਆਂ ਤੇ ਇੱਕੋ ਮਿੰਟ ਵਿੱਚ ਲੁੱਟ-ਖੋਹ ਕਰਕੇ ਅਗਾਂਹ ਵੱਲ ਚਾਲੇ ਪੁਆ ਦਿੱਤੇ।

ਮੈਕਸੀਕੈਲੀ ਸਿਟੀ ਵਿੱਚ ਤਕਰੀਬਨ ਤੀਹ-ਪੈਂਤੀ

# ਸਿਹਤ ਸੰਸਾਰ



# ਧੌਣ ਦੀ ਕਸਰਤ
## ਕਈ ਰੋਗਾਂ ਨੂੰ ਦੂਰ ਕਰਦੀ ਹੈ

ਰੀੜ੍ਹ ਦੀ ਹੱਡੀ ਨੂੰ ਮੇਰੂਦੰਡ ਕਿਹਾ ਜਾਂਦਾ ਹੈ। ਇਸ ਨਾਲ ਸਮੁੱਚੇ ਕੰਕਾਲ ਨੂੰ ਸਹਾਰਾ ਮਿਲਦਾ ਹੈ। ਰੀੜ੍ਹ ਦੀ ਹੱਡੀ ਜਾਂ ਮੇਰੂਦੰਡ ਵਿਚ 33 ਕਸ਼ੇਰੁਕਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ 7 ਕਸ਼ੇਰੁਕਾਵਾਂ ਧੌਣ ਵਿਚ ਹੁੰਦੀਆਂ ਹਨ। ਇਨ੍ਹਾਂ ਨੂੰ ਸਰਵਾਈਕਲ ਵਰਟਿਬਰਾ ਕਿਹਾ ਜਾਂਦਾ ਹੈ। ਇਨ੍ਹਾਂ ਕਸ਼ੇਰੁਕਾਵਾਂ ਦੇ ਵਿਚ ਫਾਈਬਰੋ ਕਾਰਟੀਲੇਜ ਡਿਸਕ ਹੁੰਦੀ ਹੈ, ਜਿਸ ਦੇ ਚਲਦੇ ਕਸ਼ੇਰੁਕਾਵਾਂ ਇਕ-ਦੂਜੇ ਨਾਲ ਨਹੀਂ ਜੁੜਦੀਆਂ ਅਤੇ ਸਿਰ ਨੂੰ ਮੋੜਨ ਜਾਂ ਘੁੰਮਾਉਣ ਵਿਚ ਇਸ ਨਾਲ ਮਦਦ ਮਿਲਦੀ ਹੈ।

ਜੇ ਧੌਣ ਵਿਚ ਦਰਦ ਹੋਣ ਲੱਗੇ ਅਤੇ ਇਹ ਦਰਦ ਹੱਥਾਂ ਤੱਕ ਪਹੁੰਚ ਜਾਵੇ ਅਤੇ ਉਂਗਲੀਆਂ ਵਿਚ ਝਨਝਨਾਹਟ ਮਹਿਸੂਸ ਹੋਵੇ ਤਾਂ ਇਹ ਸਰਵਾਈਕਲ ਸਪਾਂਡੇਲਾਈਟਿਸ ਤੋਂ ਪੀੜਤ ਹੋਣ ਦੀ ਨਿਸ਼ਾਨੀ ਹੈ ਜਾਂ ਅੱਗੇ ਚੱਲ ਕੇ ਤੁਸੀਂ ਇਸ ਰੋਗ ਦੇ ਸ਼ਿਕਾਰ ਹੋ ਸਕਦੇ ਹੋ। ਧੌਣ ਵਿਚ ਹੋਣ ਵਾਲਾ ਸਪਾਂਡੇਲਾਈਟਿਸ ਨਸਾਂ 'ਤੇ ਦਬਾਅ ਪਾਉਂਦਾ ਹੈ, ਜਿਸ ਕਾਰਨ ਦਰਦਾਂ ਵਿਚ ਵਾਧਾ ਹੁੰਦਾ ਹੈ।

**ਵਾਤਰੋਗ ਦੇ ਕਾਰਨ ਧੌਣ ਵਿਚ ਹੇਠ ਲਿਖੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ-**

* ਹੱਥਾਂ ਵਿਚ ਦਰਦ,
* ਮੋਢਿਆਂ ਵਿਚ ਦਰਦ,
* ਚੱਕਰ ਆਉਣੇ,
* ਅੱਖਾਂ ਵਿਚ ਤਕਲੀਫ,
* ਉਨੀਂਦਰਾ,
* ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸਾ ਆਉਣਾ। ਵਾਤ ਰੋਗ ਤੋਂ ਬਚਣ ਲਈ ਹੇਠ ਲਿਖੇ ਉਪਾਅ ਅਮਲ ਵਿਚ ਲਿਆਓ-
* ਸਖ਼ਤ ਬਿਸਤਰ ਦੀ ਵਰਤੋਂ ਕਰੋ।
* ਆਪਣੀ ਸਮਰੱਥਾ ਅਨੁਸਾਰ ਕਸਰਤ ਅਤੇ ਯੋਗ ਆਸਣ ਕਰੋ।
* ਆਪਣਾ ਭਾਰ ਕਾਬੂ ਵਿਚ ਰੱਖੋ।
* ਹਮੇਸ਼ਾ ਸਮਤਲ ਬਿਸਤਰ ਦੀ ਹੀ ਵਰਤੋਂ ਕਰੋ।
* ਠੰਢੇ ਕਮਰੇ ਵਿਚ ਨਿਵਾਸ ਨਾ ਕਰੋ।
* ਮੱਖਣ, ਘਿਓ, ਸ਼ਰਾਬ, ਮਿੱਠੀ ਡਬਲ ਰੋਟੀ, ਆਂਡੇ, ਮਾਸ, ਸੇਮ ਅਤੇ ਕੰਦਮੂਲ ਵਰਗੇ ਖਾਧ ਪਦਾਰਥਾਂ ਦਾ ਸੇਵਨ ਨਾ ਕਰੋ।

ਇਹ ਰੋਗ ਹੇਠ ਲਿਖੇ ਕਾਰਨਾਂ ਕਰਕੇ ਹੁੰਦੇ ਹਨ-

* ਉੱਚੇ ਸਿਰਹਾਣੇ ਦੀ ਵਰਤੋਂ ਕਰਨ ਨਾਲ।
* ਧੌਣ ਝੁਕਾ ਕੇ ਕੰਮ ਕਰਨ ਨਾਲ (ਦਫ਼ਤਰ, ਕੰਪਿਊਟਰ, ਸਿਲਾਈ-ਕਢਾਈ ਦੇ ਕੰਮ ਆਦਿ)।
* ਗ਼ਲਤ ਤਰੀਕੇ ਨਾਲ ਸੌਣ ਜਾਂ ਲੇਟਣ ਨਾਲ।
* ਬਹੁਤ ਜ਼ਿਆਦਾ ਮਾਨਸਿਕ ਤਣਾਅ ਕਾਰਨ।

ਇਲਾਜ : ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਐਕਸਰੇ ਕਰਵਾ ਕੇ ਹੇਠ ਲਿਖੀਆਂ ਗੱਲਾਂ ਦਾ ਪਤਾ ਲਗਾਉਣਾ ਚਾਹੀਦਾ ਹੈ-

* ਰੀੜ੍ਹ ਦੇ ਧੌਣ ਵਾਲੇ ਹਿੱਸੇ ਦਾ ਟੇਢਾ ਹੋ ਜਾਣਾ।
* ਵੱਖ-ਵੱਖ ਕਸ਼ੇਰੁਕਾਵਾਂ ਵਿਚ ਦਰਦ ਦਾ ਸਹੀ ਕਾਰਨ।
* ਰੀੜ੍ਹ ਦੀਆਂ ਕਸ਼ੇਰੁਕਾਵਾਂ ਦੇ ਵਿਚ ਫਰਕ ਵਿਚ ਆਈ ਕਮੀ ਦੀ ਸੰਭਾਵਨਾ।

ਜੇ ਕਿਸੇ ਮਾਸਪੇਸ਼ੀ ਵਿਚ ਦਰਦ ਹੋ ਰਹੀ ਹੋਵੇ ਤਾਂ ਪਤਲੇ ਸਿਰਹਾਣੇ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਸਖ਼ਤ ਬਿਸਤਰ 'ਤੇ ਸੌਣਾ ਚਾਹੀਦਾ ਹੈ। ਜੇ ਤੁਸੀਂ ਧੌਣ ਝੁਕਾ ਕੇ ਕੰਮ ਕਰਦੇ ਹੋ ਤਾਂ ਧੌਣ ਝੁਕਾ ਕੇ ਕੰਮ ਕਰਨਾ ਬੰਦ ਕਰ ਦਿਓ। ਇਸ ਨਾਲ ਧੌਣ ਨੂੰ ਰਾਹਤ ਮਿਲੇਗੀ। ਸਿਰ ਝੁਕਾ ਕੇ ਕੋਈ ਕਸਰਤ ਜਾਂ ਯੋਗ ਆਸਣ ਜਿਵੇਂ ਸ਼ੀਸ਼ ਆਸਣ, ਸਰਵਾਂਗ ਆਸਣ, ਹਲ ਆਸਣ ਆਦਿ ਕਦੇ ਨਾ ਕਰੋ।

**ਧੌਣ ਦੀਆਂ ਹੇਠ ਲਿਖੀਆਂ ਕਸਰਤਾਂ ਕਰੋ-**

**ਕਸਰਤ** 1 : ਸਿੱਧੇ ਖੜ੍ਹੇ ਹੋ ਜਾਓ ਜਾਂ ਬੈਠ ਜਾਓ। ਸੁਭਾਵਿਕ ਰੂਪ ਨਾਲ ਸਾਹ ਲੈਂਦੇ ਹੋਏ ਅਤੇ ਸਾਹ ਛੱਡਦੇ ਹੋਏ ਸਿਰ ਨੂੰ ਇਕ ਵਾਰ ਸੱਜੇ ਵੱਲ ਜਿੰਨਾ ਘੁਮਾ ਸਕੋ, ਘੁਮਾਓ। ਫਿਰ ਖੱਬੇ ਵੱਲ ਜਿੰਨਾ ਸੰਭਵ ਹੋਵੇ, ਸਿਰ ਘੁਮਾਓ। ਇਸ ਪ੍ਰਕਿਰਿਆ ਨੂੰ ਇਕ ਵਾਰ ਮੰਨ ਕੇ ਇਸ ਕਸਰਤ ਨੂੰ 10 ਵਾਰ ਕਰੋ।

**ਕਸਰਤ** 2 : ਇਸ ਕਸਰਤ ਨੂੰ ਕਰਨ ਲਈ ਵੀ ਪਿਛਲੀ ਕਸਰਤ ਦੀ ਤਰ੍ਹਾਂ ਖੜ੍ਹੇ ਹੋ ਜਾਓ ਜਾਂ ਬੈਠ ਜਾਓ। ਫਿਰ ਸੁਭਾਵਿਕ ਰੂਪ ਨਾਲ ਸਾਹ ਲੈਂਦੇ ਹੋਏ ਅਤੇ ਛੱਡਦੇ ਹੋਏ ਸਿਰ ਨੂੰ ਇਕ ਵਾਰ ਪਿੱਛੇ ਵੱਲ ਝੁਕਾਓ, ਫਿਰ ਸਿੱਧਾ ਕਰੋ। ਇਸ ਪੂਰੀ ਪ੍ਰਕਿਰਿਆ ਨੂੰ ਇਕ ਵਾਰ ਮੰਨ ਕੇ ਇਸ ਕਸਰਤ ਨੂੰ ਵੀ 10 ਵਾਰ ਕਰੋ।

**ਕਸਰਤ** 3 : ਹੁਣ ਪਿੱਛੇ ਵੱਲ ਮੋੜ ਕੇ-ਸਿੱਧਾ ਰਹਿ ਕੇ।

**ਕਸਰਤ** 4 : ਸਿਰ ਨੂੰ ਵ੍ਰਿਤਾਕਾਰ ਸੱਜੇ ਤੋਂ ਖੱਬੇ ਵੱਲ ਘੁਮਾਓ ਅਤੇ ਖੱਬੇ ਤੋਂ ਸੱਜੇ ਵੱਲ ਘੁਮਾਓ। ਇਸ ਪ੍ਰਕਿਰਿਆ ਨੂੰ ਇਕ ਵਾਰ ਮੰਨ ਕੇ ਇਸੇ ਤਰ੍ਹਾਂ 10 ਵਾਰ ਕਰੋ। ਸਿਰ ਨੂੰ ਵ੍ਰਿਤਾਕਾਰ ਘੁਮਾਉਣ ਨਾਲ ਜਿਨ੍ਹਾਂ ਨੂੰ ਚੱਕਰ ਆਉਂਦੇ ਹੋਣ, ਉਹ ਇਹ ਕਸਰਤ ਨਾ ਕਰਨ।

ਰੁਕਾਵਟ ਪਾਉਣ ਵਾਲੀ ਕਸਰਤ (ਸਟੇਟਿਕ ਐਕਸਰਸਾਈਜ਼) : ਸੱਜੇ-ਖੱਬੇ ਧੌਣ ਘੁਮਾਉਂਦੇ ਸਮੇਂ ਹੱਥ ਨਾਲ ਉਲਟ ਦਿਸ਼ਾ ਵਿਚ ਦਬਾਅ ਪਾਇਆ ਜਾਂਦਾ ਹੈ। ਉਸ ਸਮੇਂ ਦਬਾਅ ਅਤੇ ਧੌਣ ਦਾ ਦਬਾਅ ਬਰਾਬਰ ਰਹਿਣ 'ਤੇ ਸਿਰ ਸਥਿਰ ਰਹੇਗਾ, ਹਿਲੇਗਾ ਨਹੀਂ।

ਸ਼ੋਲਡਰ ਰੋਲਿੰਗ : ਪਹਿਲਾਂ ਸਿੱਧੇ ਖੜ੍ਹੇ ਹੋ ਜਾਓ। ਉਸ ਤੋਂ ਬਾਅਦ ਦੋਵੇਂ ਮੋਢਿਆਂ ਨੂੰ ਸਾਹਮਣੇ ਤੋਂ ਪਿੱਛੇ ਵੱਲ ਵਾਰੀ-ਵਾਰੀ ਨਾਲ ਵ੍ਰਿਤਾਕਾਰ ਘੁਮਾਓ। ਫਿਰ ਉਲਟ ਦਿਸ਼ਾ ਵਿਚ ਪਿੱਛੇ ਤੋਂ ਸਾਹਮਣੇ ਵੱਲ 10 ਵਾਰ ਘੁਮਾਓ। ਕਸਰਤ ਕਰਦੇ ਸਮੇਂ ਸਾਹ ਸੁਭਾਵਿਕ ਰੂਪ ਨਾਲ ਲਓ ਅਤੇ ਛੱਡੋ।

# ਸੰਗੀਤ ਨਾਲ ਘੱਟਦਾ ਦਰਦ



ਆਸਟਰੀਆ ਦੇ ਖੋਜੀਆਂ ਨੇ ਦਰਦ ਦੂਰ ਕਰਨ ਦੀ ਇਕ ਨਵੀਂ ਦਵਾਈ ਖੋਜੀ ਹੈ । ਇਹ ਦਵਾਈ ਹੈ ਸੰਗੀਤ ।

ਖੋਜੀਆਂ ਨੇ ਸਲਿਪ ਡਿਸਕ ਜਾਂ ਹਾਲੀਆ ਸਰਜਰੀ ਵਾਲੇ 65 ਮਰੀਜ਼ਾਂ ਨੂੰ ਫਿਜ਼ੀਓਥਰੈਪੀ ਦਿੰਦੇ ਸਮੇਂ ਉਨ੍ਹਾਂ 'ਤੇ ਸੰਗੀਤ ਦੇ ਪ੍ਰਭਾਵ ਦਾ ਅਧਿਐਨ ਕੀਤਾ । ਉਨ੍ਹਾਂ ਵਿਚੋਂ ਮਰੀਜ਼ਾਂ ਨੂੰ ਫਿਜ਼ੀਓਥਰੈਪੀ ਦਿੰਦੇ ਸਮੇਂ ਸੰਗੀਤ ਸੁਣਾਇਆ ਗਿਆ ਜਦੋਂ ਕਿ ਅੱਧੇ ਮਰੀਜ਼ਾਂ ਨੂੰ ਕਿਸੇ ਹੋਰ ਢੰਗ ਨਾਲ ਤਣਾਅ-ਰਹਿਤ ਕੀਤਾ ਗਿਆ । ਤਿੰਨ ਹਫਤੇ ਦੇ ਬਾਅਦ ਪਾਇਆ ਗਿਆ ਕਿ ਸੰਗੀਤ ਸੁਣਦੇ ਸਮੇਂ ਫਿਜ਼ੀਓਥਰੈਪੀ ਲੈਣ ਵਾਲੇ ਰੋਗੀਆਂ ਵਿਚ ਦਰਦ ਦਾ ਪੱਧਰ ਜ਼ਿਆਦਾ ਘੱਟ ਹੋਇਆ ਸੀ ।

ਖੋਜਕਰਤਾਵਾਂ ਨੇ ਸੰਗੀਤ ਸੁਣਨ ਅਤੇ ਤਣਾਅ-ਰਹਿਤ ਹੋਣ ਸਬੰਧੀ ਤਾਂ ਹਾਲੇ ਖੋਜ ਨਹੀਂ ਕੀਤੀ ਪਰ ਇਸ ਤੋਂ ਪਹਿਲਾਂ ਦੇ ਅਧਿਐਨ ਵਿਚ ਵੀ ਇਹ ਪਾਇਆ ਗਿਆ ਸੀ ਕਿ ਸੰਗੀਤ ਦਰਦ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ । ਖੋਜ-ਕਰਤਾਵਾਂ ਅਨੁਸਾਰ ਸੰਗੀਤ ਉਨ੍ਹਾਂ ਰਸਾਇਣਾਂ ਦਾ ਪੱਧਰ ਘੱਟ ਕਰਦਾ ਹੈ ਜੋ ਸਰੀਰ ਵਿਚ ਦਰਦ ਨੂੰ ਫੈਲਾਉਂਦੇ ਹਨ । ਹਾਂ, ਇਸ ਉਦੇਸ਼ ਲਈ ਤਣਾਅ-ਰਹਿਤ ਕਰਨ ਵਾਲੇ ਹਲਕੇ ਸੰਗੀਤ ਦੀ ਵਰਤੋਂ ਕਰਨੀ ਚਾਹੀਦੀ ਹੈ ।

ਸਫੈਦ ਵਾਈਨ ਨਾਲ ਵੀ ਘੱਟ ਹੁੰਦਾ ਹੈ ਭਾਰ

ਜਿਥੇ ਹਿਚਕੀ ਜਾਂ ਹੋਰ ਮਾਦਕ ਪੀਣ ਵਾਲੇ ਪਦਾਰਥਾਂ ਨੂੰ ਸਿਹਤ ਲਈ ਚੰਗਾ ਨਹੀਂ ਮੰਨਿਆ ਜਾਂਦਾ, ਉਥੇ ਸਫੈਦ ਅਤੇ ਲਾਲ ਵਾਈਨ ਵਿਚ ਕਈ ਤਰ੍ਹਾਂ ਦੇ ਗੁਣ ਪਾਏ ਗਏ ਹਨ । ਜਰਮਨ ਵਿਚ 'ਫੋਰਮ ਆਫ ਵਾਈਨ ਐਂਡ ਹੈਲਥ' ਅਤੇ 'ਜਰਮਨ ਵਾਈਨ ਅਕੈਡਮੀ' ਦੇ ਮਾਹਿਰਾਂ ਨੇ ਹਾਲ ਵਿਚ ਇਕ ਖੋਜ ਵਿਚ ਪਾਇਆ ਕਿ ਭਾਰ ਘੱਟ ਕਰਨ ਲਈ 'ਖੁਰਾਕ' ਡ੍ਰਿੰਕਸ ਦੀ ਜਗ੍ਹਾ ਸਫੈਦ ਵਾਈਨ ਪੀਣਾ ਜ਼ਿਆਦਾ ਲਾਭਦਾਇਕ ਹੈ । ਖੋਜ ਵਿਚ ਸ਼ਾਮਿਲ ਅੱਧੇ ਵਿਅਕਤੀਆਂ ਨੂੰ 200 ਐੱਮ. ਐੱਲ. ਵਾਈਨ ਅਤੇ ਅੱਧੇ ਵਿਅਕਤੀਆਂ ਨੂੰ ਫਲਾਂ ਦਾ ਰਸ ਹਰ ਰੋਜ਼ ਦਿੱਤਾ ਗਿਆ ।

ਖੋਜ ਦਾ ਅਰਸਾ ਪੂਰਾ ਹੋਣ 'ਤੇ ਪਾਇਆ ਗਿਆ ਕਿ ਫਲਾਂ ਦਾ ਰਸ ਪੀਣ ਵਾਲੇ ਲੋਕਾਂ ਦਾ ਭਾਰ ਲਗਭਗ 8 ਪੌਂਡ ਘੱਟ ਹੋਇਆ ਸੀ, ਜਦੋਂ ਕਿ ਵਾਈਨ ਪੀਣ ਵਾਲੇ ਲੋਕਾਂ ਦਾ ਭਾਰ 10 ਪੌਂਡ ਘੱਟ ਹੋਇਆ ਸੀ । ਡਾਕਟਰਾਂ ਅਨੁਸਾਰ ਇਕ ਹੱਦ ਅੰਦਰ ਵਾਈਨ ਦਾ ਨਿਯਮਤ ਸੇਵਨ ਕਰਨ ਨਾਲ ਸਿਹਤ ਅਤੇ ਲਿਵਰ 'ਤੇ ਕੋਈ ਦੁਰਪ੍ਰਭਾਵ ਨਹੀਂ ਪੈਂਦਾ ।

# ਫੁੱਲਾਂ ਨਾਲ ਪਾਓ
## ਚੰਗੀ ਸਿਹਤ



ਗੁਲਾਬ : ਗੁਲਾਬ ਦੇ ਬਿਨਾਂ ਤਾਂ ਫੁੱਲਾਂ ਦੀ ਪਛਾਣ ਅਧੂਰੀ ਹੈ। ਇਹ ਫੁੱਲ ਬਹੁਤ ਗੁਣਵਾਨ ਹੈ। ਸਿਰਫ ਦੇਸੀ ਗੁਲਾਬ ਜੋ ਗੁਲਾਬੀ ਅਤੇ ਲਾਲ ਰੰਗ ਲਈ ਹੁੰਦਾ ਹੈ, ਵਿਚ ਕਾਫੀ ਖੁਸ਼ਬੂ ਹੁੰਦੀ ਹੈ। ਇਨ੍ਹਾਂ ਫੁੱਲਾਂ ਦਾ ਗੁਲਕੰਦ ਗਰਮੀ ਦੀਆਂ ਕਈ ਬਿਮਾਰੀਆਂ ਨੂੰ ਸ਼ਾਂਤ ਕਰਦਾ ਹੈ। ਗੁਲਾਬ ਜਲ ਨਾਲ ਅੱਖਾਂ ਧੋਣ ਨਾਲ ਅੱਖਾਂ ਦੀ ਜਲਣ ਵਿਚ ਆਰਾਮ ਮਿਲਦਾ ਹੈ। ਗੁਲਾਬ ਦਾ ਇਤਰ ਮਨ ਨੂੰ ਖੁਸ਼ੀ ਦਿੰਦਾ ਹੈ। ਗੁਲਾਬ ਦਾ ਤੇਲ ਦਿਮਾਗ ਨੂੰ ਠੰਢਾ ਰੱਖਦਾ ਹੈ ਅਤੇ ਗੁਲਾਬ ਜਲ ਦੀ ਵਰਤੋਂ ਅਨੇਕ ਉਬਟਨਾਂ ਆਦਿ ਵਿਚ ਕੀਤੀ ਜਾਂਦੀ ਹੈ।

ਗੇਂਦਾ : ਮੱਛਰਾਂ ਦਾ ਪ੍ਰਕੋਪ ਘੱਟ ਜਾਂ ਦੂਰ ਕਰਨਾ ਹੋਵੇ ਤਾਂ ਘਰ ਦੇ ਆਸ-ਪਾਸ ਗੇਂਦੇ ਦੇ ਬੂਟੇ ਲਗਾਓ। ਇਸ ਦੀ ਗੰਧ ਨਾਲ ਮੱਛਰ ਦੂਰ ਭੱਜਦੇ ਹਨ। ਚਮੜੀ-ਰੋਗ ਹੋਣ ਜਾਂ ਸਰੀਰ ਦੇ ਕਿਸੇ ਹਿੱਸੇ ਵਿਚ ਸੋਜ ਆ ਜਾਣ 'ਤੇ ਇਨ੍ਹਾਂ ਫੁੱਲਾਂ ਨੂੰ ਪੀਸ ਕੇ ਪੇਸਟ ਬਣਾ ਕੇ ਲਗਾਉਣ ਨਾਲ ਫਾਇਦਾ ਹੁੰਦਾ ਹੈ।

ਕਮਲ : ਉਂਝ ਤਾਂ ਕਮਲ ਦਾ ਫੁੱਲ ਕਈ ਰੰਗਾਂ ਵਿਚ ਆਉਂਦਾ ਹੈ ਪਰ ਜ਼ਿਆਦਾਤਰ ਲਾਲ ਅਤੇ ਸਫੈਦ ਹੀ ਹੁੰਦਾ ਹੈ। ਇਸ ਦੀਆਂ ਪੰਖੜੀਆਂ ਨੂੰ ਪੀਸ ਕੇ ਚਿਹਰੇ 'ਤੇ ਮਲਣ ਨਾਲ ਸੁੰਦਰਤਾ ਵਧਦੀ ਹੈ। ਇਸ ਦੇ ਫੁੱਲਾਂ ਦੇ ਪਰਾਗ ਨਾਲ ਮਧੂ ਮੱਖੀਆਂ ਸ਼ਹਿਦ ਬਣਾਉਂਦੀਆਂ ਹਨ।

ਬੇਲਾ : ਇਹ ਫੁੱਲ ਵੀ ਬਹੁਤ ਜ਼ਿਆਦਾ ਸੁਗੰਧ ਵਾਲੇ ਹੁੰਦੇ ਹਨ। ਇਹ ਫੁੱਲ ਗਰਮੀ ਵਿਚ ਕੁਝ ਜ਼ਿਆਦਾ ਹੀ ਫੁੱਲਦਾ ਹੈ। ਵੇਲ ਦੇ ਫੁੱਲਾਂ ਦਾ ਹਾਰ ਜਾਂ ਫੁੱਲ ਆਪਣੇ ਕੋਲ ਰੱਖਣ ਨਾਲ ਪਸੀਨੇ ਦੀ ਬਦਬੂ ਨਹੀਂ ਆਉਂਦੀ। ਇਸ ਦੀਆਂ ਕਲੀਆਂ ਨੂੰ ਚਬਾਉਣ ਨਾਲ ਔਰਤਾਂ ਵਿਚ ਮਾਸਕ ਧਰਮ ਦੀ ਰੁਕਾਵਟ ਦੂਰ ਹੋਣ ਵਿਚ ਮਦਦ ਮਿਲਦੀ ਹੈ।

ਚੰਪਾ : ਇਹ ਤਿੰਨ ਰੰਗਾਂ ਵਿਚ ਮਿਲਦਾ ਹੈ-ਸਫੈਦ, ਲਾਲ ਅਤੇ ਪੀਲਾ, ਜਿਸ ਨੂੰ ਸਵਰਣ ਚੰਪਾ ਵੀ ਕਹਿੰਦੇ ਹਨ ਪਰ ਸਵਰਣ ਚੰਪਾ ਬਹੁਤ ਘੱਟ ਦੇਖਣ ਵਿਚ ਮਿਲਦਾ ਹੈ। ਜ਼ਿਆਦਾਤਰ ਸਫੈਦ ਚੰਪਾ ਹੀ ਦਿਖਾਈ ਦਿੰਦਾ ਹੈ। ਇਸ ਦਾ ਰੁੱਖ ਕਾਫੀ ਉੱਚਾ ਹੁੰਦਾ ਹੈ। ਚੰਪਾ ਦੇ ਫੁੱਲਾਂ ਨੂੰ ਸੁਕਾ ਕੇ ਚੂਰਨ ਬਣਾਓ ਅਤੇ ਤੇਲ ਵਿਚ ਮਿਲਾ ਕੇ ਖੁਜਲੀ ਵਾਲੇ ਹਿੱਸੇ 'ਤੇ ਲਗਾਓ। ਤੁਰੰਤ ਰਾਹਤ ਮਿਲੇਗੀ। ਸਵਰਣ ਚੰਪਾ ਕੁਸ਼ਠਰੋਗ ਵਿਚ ਕਾਰਗਰ ਸਿੱਧ ਹੁੰਦਾ ਹੈ।

ਪਾਰਿਜਾਤ : ਪਾਰਿਜਾਤ ਦੇ ਫੁੱਲ ਬਹੁਤ ਨਜ਼ਾਕਤ ਭਰੇ ਹੁੰਦੇ ਹਨ। ਇਨ੍ਹਾਂ ਫੁੱਲਾਂ ਦੀਆਂ ਛੋਟੀਆਂ-ਛੋਟੀਆਂ ਡੰਡੀਆਂ ਨੂੰ ਸਰੀਰ 'ਤੇ ਮਲਣ ਨਾਲ ਉਨ੍ਹਾਂ 'ਤੇ ਆਇਆ ਹਲਕਾ ਕੇਸਰਿਆ ਰੰਗ ਸੁੰਦਰ ਦਿਖਾਈ ਦਿੰਦਾ ਹੈ। ਇਹ ਫੁੱਲ ਗਠੀਆ ਰੋਗ ਦਾ ਇਲਾਜ ਕਰਦਾ ਹੈ। ਇਨ੍ਹਾਂ ਫੁੱਲਾਂ ਦਾ ਕਾੜ੍ਹਾ ਬਣਾ ਕੇ ਪੀਣਾ ਚਾਹੀਦਾ ਹੈ।

ਨਿੰਮ : ਨਿੰਮ ਦੇ ਫੁੱਲਾਂ ਦੀ ਲੁਗਦੀ ਬਣਾ ਕੇ ਕਿਸੇ ਵੀ ਤਰ੍ਹਾਂ ਦੇ ਚਮੜੀ ਰੋਗ 'ਤੇ ਲਗਾਉਣ ਨਾਲ ਰੋਗ ਦੂਰ ਹੁੰਦਾ ਹੈ। ਨਿੰਮ ਦਾ ਰੁੱਖ ਕਲਪਬ੍ਰਿਖ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਦੀਆਂ ਕੋਮਲ ਡੰਡੀਆਂ ਦੀ ਦਾਤਣ ਕੀਤੀ ਜਾਂਦੀ ਹੈ। ਨਿੰਮ ਦੇ ਪੱਤਿਆਂ ਨੂੰ ਪੀਸ ਕੇ ਰਸ ਕੱਢ ਕੇ ਪੀਣ ਨਾਲ ਕਈ ਬਿਮਾਰੀਆਂ ਦੂਰ ਹੁੰਦੀਆਂ ਹਨ। ਇਸ ਦੇ ਲੇਪ ਨਾਲ ਮੁਹਾਸਿਆਂ ਅਤੇ ਹੋਰ ਚਰਮ ਰੋਗਾਂ ਵਿਚ ਲਾਭ ਹੁੰਦਾ ਹੈ।

# ਦਮੇ ਦੀ ਦਵਾਈ ਹਨ
## ਸੂਰਜ ਦੀਆਂ ਕਿਰਨਾਂ

ਸੂਰਜ ਦੀਆਂ ਕਿਰਨਾਂ ਅਰਥਾਤ ਧੁੱਪ ਸਾਨੂੰ ਮੁਫ਼ਤ ਵਿਚ ਮਿਲਦੀ ਹੈ। ਇਸ ਵਿਚ ਅਨੇਕ ਗੁਣ ਮੌਜੂਦ ਹਨ, ਜਿਨ੍ਹਾਂ ਤੋਂ ਸਾਰੇ ਜਾਣੂ ਨਹੀਂ ਹਨ। ਧੁੱਪ ਵਿਚ ਮੌਜੂਦ ਹੈ ਵਿਟਾਮਿਨ 'ਡੀ'। ਇਹੀ ਵਿਟਾਮਿਨ 'ਡੀ' ਸਾਡੇ ਖਾਣ-ਪੀਣ ਦੇ ਕੈਲਸ਼ੀਅਮ ਨੂੰ ਗ੍ਰਹਿਣ ਕਰਨ ਵਿਚ ਸਾਡੀ ਮਦਦ ਕਰਦਾ ਹੈ। ਇਹ ਅਜਿਹਾ ਕਰਕੇ ਹੱਡੀਆਂ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤੀ ਦਿੰਦਾ ਹੈ। ਧੁੱਪ ਨਾਲ ਦਿਮਾਗੀ ਸਮਰੱਥਾ ਵਧਦੀ ਹੈ। ਧੁੱਪ ਸ਼ੁਕਰਾਣੂ ਵਧਾਉਂਦੀ ਹੈ ਅਤੇ ਯੌਨ ਸ਼ਕਤੀ ਦਿੰਦੀ ਹੈ। ਇਹ ਲਾਭ ਸੂਰਜ ਦੀਆਂ ਕੋਮਲ ਕਿਰਨਾਂ ਤੋਂ ਮਿਲਦਾ ਹੈ। ਧੁੱਪ ਵਿਚ ਮੌਜੂਦ ਪੈਰਾਵੈਂਗਣੀ ਕਿਰਨਾਂ ਨਾਲ ਚਮੜੀ ਨੂੰ ਨੁਕਸਾਨ ਪਹੁੰਚਦਾ ਹੈ, ਇਸ ਲਈ ਸੂਰਜ ਦੀ ਤਿੱਖੀ ਧੁੱਪ ਤੋਂ ਬਚਣ ਲਈ ਕਿਹਾ ਜਾਂਦਾ ਹੈ। ਹਾਲ ਹੀ ਵਿਚ ਇਕ ਖੋਜ ਵਿਚ ਸੂਰਜ ਦੀ ਕੋਮਲ ਧੁੱਪ ਨਾਲ ਮਿਲਣ ਵਾਲੇ ਵਿਟਾਮਿਨ 'ਡੀ' ਵਿਚ ਦਮਾ ਨਾਸ਼ਕ ਗੁਣ ਪਾਇਆ ਗਿਆ ਹੈ। ਇਹ ਬੱਚਿਆਂ ਨੂੰ ਸਾਹ ਨਾਲ ਬਾਧਿਕ ਤਕਲੀਫ ਤੋਂ ਬਚਾਉਂਦਾ ਹੈ। ਇਹ ਸਾਹ ਦੀ ਬਿਮਾਰੀ ਵਿਚ ਬੱਚਿਆਂ ਲਈ ਕਵਚ ਦਾ ਕੰਮ ਕਰਦਾ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਤੁਤਲੀ ਬੋਲੀ



ਸੱਥ ਵਿੱਚ ਤਾਸ਼ ਖੇਡੀ ਜਾਂਦੇ ਸੁਰਜਨ ਕੇ ਜਲੰਧਰ ਦੇ ਖੂੰਡੀ ਦੀ ਹੁੱਜ ਮਾਰ ਕੇ ਬਾਬੇ ਹਜੂਰਾ ਸਿਉਂ ਨੇ ਪੁੱਛਿਆ, "ਓਏ ਸਣਾ ਬਈ ਮਾਂ ਦਿਆ ਛਿੰਦਿਆ। ਅੱਜ ਕਿਮੇਂ ਸੱਥ 'ਚ ਆਉਣ ਦੀ ਵਿਹਲ ਮਿਲ ਗੀ ਓਏ ਤੈਨੂੰ। ਤੂੰ ਤਾਂ ਕਦੇ ਸੱਥ 'ਚ ਈ ਨ੍ਹੀ ਆਇਆ। ਅੱਜ ਤਾਂ ਪਤੰਦਰਾ ਇਉਂ ਚੌਂਕੜੀ ਮਾਰੀ ਬੈਠੈਂ ਜਿਮੇਂ ਖਤਰਾਮਾਂ ਆਲੇ ਨਾਜਰ ਪਾੜ੍ਹੇ ਨਾਲ ਬਾਜੀ ਲੱਗੀ ਹੁੰਦੀ ਐ?"

ਬਾਬੇ ਵੱਲੋਂ ਇੱਕੋ ਗੱਲ 'ਚ ਕੀਤੇ ਕਈ ਸਵਾਲ ਜਵਾਬ ਸੁਣਕੇ ਨਾਥੇ ਅਮਲੀ ਨੇ ਬਾਬੇ ਨੂੰ ਹੈਰਾਨੀ ਨਾਲ ਪੁੱਛਿਆ, "ਕੀਹਨੂੰ ਕਿਹਾ ਬਾਬਾ ਛਿੰਦਾ?"

ਸੀਤਾ ਮਰਾਸੀ ਅਮਲੀ ਨੂੰ ਸੂਈ ਕੁੱਤੀ ਵਾਂਗੂੰ ਪੈ ਗਿਆ, "ਤੈਨੂੰ ਨ੍ਹੀ ਦਿਸਿਆ ਖੂੰਡੀ ਦੀ ਹੁੱਜ ਕੀਹਦੇ ਮਾਰੀ ਐ? ਧਿਆਨ ਨਾਲ ਬੈਠੀ ਦਾ ਹੁੰਦਾ ਨਾਲੇ ਸੱਥ 'ਚ ਆ ਕੇ।" ਦੋਬਾਰਾ ਫੇਰ ਖੂੰਡੀ ਦੀ ਹੁੱਜ ਲਾ ਕੇ ਬਾਬਾ ਹਜੂਰਾ ਸਿਉਂ ਕਹਿੰਦਾ, "ਆਹ ਸੁਰਜਨ ਦੇ ਮੁੰਡੇ ਨੂੰ ਕਿਹਾ ਛਿੰਦਾ। ਹੋਰ ਏਥੇ ਕਿਹੜਾ ਛਿੰਦਾ?"

ਸੀਤਾ ਮਰਾਸੀ ਕਹਿੰਦਾ, "ਜਲੰਧਰ ਐ ਇਹਦਾ ਨਾਂ ਤਾਂ ਬਾਬਾ। ਛਿੰਦਾ ਛੁੰਦਾ ਤਾਂ ਸਾਨੂੰ ਪਤਾ ਨ੍ਹੀ ਕੀਹਨੇ ਧਰਿਆ ਇਹਦਾ ਨਾਂਅ।"

ਬਾਬੇ ਹਜੂਰਾ ਸਿਉਂ ਨੇ ਹੈਰਾਨੀ ਨਾਲ ਪੁੱਛਿਆ, "ਜਲੰਧਰ ਵੀ ਕਿਤੇ ਬੰਦਿਆਂ ਦਾ ਨਾਉਂ ਹੁੰਦਾ। ਜਲੰਧਰ ਤਾਂ ਸ਼ਹਿਰ ਦਾ ਨਾਂਅ।"

ਨਾਥਾ ਅਮਲੀ ਬਾਬੇ ਨੂੰ ਟਿੱਚਰ 'ਚ ਕਹਿੰਦਾ, "ਜਲੰਧਰ ਕਿਉਂ ਨ੍ਹੀ ਨਾਂਅ ਹੁੰਦਾ ਬਾਬਾ। ਜੇ ਬੰਦੇ ਦਾ ਨਾਉਂ ਤੂੰ ਜਲੰਧਰ ਨ੍ਹੀ ਮੰਨਦਾ ਤਾਂ ਸ਼ਹਿਰ ਦਾ ਤਾਂ ਮੰਨਦਾ ਈ ਐਂ ਨਾ, ਕੁ ਉਹ ਵੀ ਨ੍ਹੀ ਤੇਰੇ ਚੇਹਨ ਚੱਕਰ 'ਚ ਆਉਂਦਾ?"

ਬਾਬਾ ਕਹਿੰਦਾ, "ਸ਼ਹਿਰ ਦਾ ਨਾਉਂ ਤਾਂ ਸੁਣਿਐਂ, ਪਰ ਬੰਦੇ ਦਾ ਤਾਂ ਮੈਂ ਅੱਜ ਪਹਿਲੀ ਵਾਰ ਸੁਣਿਆਂ। ਮੈਂ ਤਾਂ ਇਹਨੂੰ ਛਿੰਦਾ ਈ ਕਹਿਨਾਂ ਹੁੰਨਾਂ। ਜਲੰਧਰ ਜਲੁੰਧਰ ਦਾ ਤਾਂ ਮੈਨੂੰ ਪਤਾ ਨ੍ਹੀ। ਕਿਉਂ ਓਏ ਮੁੰਡਿਆ! ਕੀਐਂ ਧਰਿਆ ਤੇਰਾ ਨਾਉ ਓਏ?"

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਨੂੰ ਤਾਸ਼ ਵਾਲਿਆਂ ਦੀ ਬਾਜੀ ਪੂਰੀ ਹੋ ਗਈ ਤੇ ਜਲੰਧਰ ਸਿਉਂ ਸੱਥ 'ਚੋਂ ਉੱਠ ਕੇ ਪੱਤੇ ਲੀਹ ਹੋਇਆ ਬਈ ਰਲ਼ੇ ਵੇ ਕਿਤੇ ਹੋਰ ਈ ਨਾ ਜਲੰਧਰ ਤੋਂ ਬਠਿੰਡਾ ਬਣਾ ਦੇਣ ਮੈਨੂੰ। ਜਿਉਂ ਹੀ ਜਲੰਧਰ ਸੱਥ 'ਚੋਂ ਚਲਾ ਗਿਆ ਤਾਂ ਨਾਥੇ ਅਮਲੀ ਨੇ ਧਰ ਲੀ ਫਿਰ ਬਾਬੇ ਹਜੂਰਾ ਸਿਉਂ ਦੇ ਛਿੰਦੇ 'ਤੇ ਸੂਈ। ਬਾਬੇ ਹਜੂਰਾ ਸਿਉਂ ਨੂੰ ਕਹਿੰਦਾ, "ਕਿਉਂ ਬਾਬਾ! ਤੈਨੂੰ ਸੱਚੀਉਂ ਈਂ ਨ੍ਹੀ ਪਤਾ ਬਈ ਸੁਰਜਨ ਦੇ ਮੁੰਡੇ ਦਾ ਨਾਂ ਜਲੰਧਰ ਐ?"

ਬਾਬਾ ਕਹਿੰਦਾ, "ਨੇਮ ਲੈ ਲਾ ਬਈ ਨਾਥਾ ਸਿਆਂ ਆਪਾਂ ਨੂੰ ਨ੍ਹੀ ਪਤਾ।"

ਮਾਹਲੇ ਨੰਬਰਦਾਰ ਨੇ ਵੀ ਨਾਥੇ ਅਮਲੀ ਦੇ ਹੱਕ 'ਚ ਕੀਤੀ ਵਕਾਲਤ। ਬਾਬੇ ਹਜੂਰਾ ਸਿਉਂ ਨੂੰ ਕਹਿੰਦਾ, "ਨਾਥਾ ਸਿਉਂ ਦੀ ਗੱਲ ਠੀਕ ਐ ਹਜੂਰਾ ਸਿਆਂ। ਇਹਦਾ ਸੁਰਜਨ ਦੇ ਮੁੰਡੇ ਦਾ ਨਾਂ ਜਲੰਧਰ ਈ ਐ।"

ਬਾਬੇ ਨੇ ਪੁੱਛਿਆ, "ਕੀਹਨੇ ਧਰਿਆ ਇਹਦਾ ਨਾਂਅ।"

ਸੀਤਾ ਮਰਾਸੀ ਕਹਿੰਦਾ, "ਨਾਂਅ ਧਰੇ ਧੁਰੇ ਦਾ ਤਾਂ ਪਤਾ ਨ੍ਹੀ ਬਈ ਕੀਹਨੇ ਧਰਿਆ ਹੋਣੈ, ਪਰ ਲੱਖਣ ਜਾ ਤਾਂ ਇਉਂ ਲੱਗਦਾ ਬਈ ਇਹ ਜਲੰਧਰ ਜਲੁੰਧਰ ਨਾ ਕਿਤੇ ਜੰਮਿਆ ਹੋਵੇ। ਜਾਂ ਫਿਰ ਚਿੰਤੋ ਦਾਈ ਨੂੰ ਪੁੱਛਣਾ ਪਊ ਬਈ ਇਹਦਾ ਨਾਂ ਕੀਹਨੇ ਧਰਿਆ?"

ਨਾਥਾ ਅਮਲੀ ਕਹਿੰਦਾ, "ਜਲੰਧਰ ਨਾ ਕਿਤੇ ਇਹੇ ਪੂਨੇ ਸਤਾਰੇ ਜੰਮਿਐਂ। ਬੂਥੀ ਇਹਦੀ ਜਲੰਧਰ 'ਚ ਜੰਮਣ ਆਲੀ ਐ ਕਿਤੇ?"

ਬਾਬਾ ਹਜੂਰਾ ਸਿਉਂ ਅਮਲੀ ਨੂੰ ਕਹਿੰਦਾ, "ਤੂੰ ਦੱਸਦੇ ਫਿਰ ਨਾਥਾ ਸਿਆ ਕਿੱਥੇ ਜੰਮਿਆਂ?"

ਨਾਥਾ ਅਮਲੀ ਹੱਸ ਕੇ ਕਹਿੰਦਾ, "ਮੈਂ ਤਾਂ ਇਉਂ ਸੁਣਿਐਂ ਬਈ ਇਹਦਾ ਨਾਉਂ ਤਾਂ ਸ਼ਕੰਦਰ ਧਰਿਆ ਸੀ ਘਰ ਦਿਆਂ ਨੇ, ਪਰ ਜਦੋਂ ਇਹਨੂੰ ਆਪਣੇ ਓਧਰਲੇ ਗੁਆੜ ਆਲੇ ਨਿੱਕੇ ਸਕੂਲ 'ਚ ਇਹਦਾ ਦਾਦਾ ਸਦਾਗਰ ਸਿਉਂ ਇਹਦਾ ਨਾਂ ਦਾਖਲ ਕਰਾਉਣ ਗਿਆ ਤਾਂ ਉਹ ਰਾਹ 'ਚ ਜਾਂਦਾ ਜਾਂਦਾ ਸ਼ਕੰਦਰ ਨਾਂਅ ਤਾਂ ਭੁੱਲ ਗਿਆ, ਉੱਥੇ ਸਕੂਲ 'ਚ ਮਾਹਟਰ ਕੋਲੇ ਜਾ ਕੇ ਜਲੰਧਰ ਨਾਂਅ ਲਖਾ 'ਤਾ। ਵੱਸ! ਓਦਣ ਤੋਂ ਜਲੰਧਰ ਜਲੰਧਰ ਹੋਣ ਲੱਗ ਪਈ। ਹੁਣ ਆਹ ਬਾਬੇ ਨੇ ਪਤਾ ਨ੍ਹੀ ਛਿੰਦਾ ਨਾਉਂ ਕਿੱਧਰੋਂ ਕੱਢ ਧਰਿਆ?" ਬਾਬੇ ਦੀ ਛਿੰਦੇ ਨਾਉਂ ਵਾਲੀ ਗੱਲ ਢਕਣ ਦਾ ਮਾਰਾ ਸੀਤਾ ਮਰਾਸੀ ਅਮਲੀ ਨੂੰ ਕਹਿੰਦਾ, "ਬਾਬੇ ਨੇ ਤਾਂ ਅਮਲੀਆਂ ਇਹਦਾ ਨਾਉਂ ਛਿੰਦਾ ਇਉਂ ਧਰਿਆ ਬਈ ਇਹ ਗਾਉਂਦਾ ਬਹੁਤ ਵਧੀਆ। ਸਰਿੰਦਰ ਛਿੰਦੇ ਗਵਈਏ ਆਂਗੂੰ ਗਾਉਂਦੈ।"




ਛਿੰਦੇ ਗਵਈਏ ਦਾ ਨਾਂਅ ਸੁਣ ਕੇ ਨਾਥਾ ਅਮਲੀ ਸੀਤੇ ਮਰਾਸੀ ਨੂੰ ਕਹਿੰਦਾ, "ਗਾਉਣ ਨੂੰ ਇਹ ਕਿੱਧਰੋਂ ਆ ਗਿਆ ਓਏ ਸਿੱਧਮਾਂ ਕਾਲਜ ਆਲਾ ਰਣਜੀਤ ਕਵੀਸ਼ਰ ਬਈ ਜਿਹੜਾ ਵਟੇ ਦੇ-ਦੇ ਗਾਉਂਦੈ। ਨ਼ਲੀ ਤਾਂ ਇਹਤੋਂ ਪੂੰਝੀ ਨ੍ਹੀ ਜਾਂਦੀ, ਅਕੇ ਛਿੰਦੇ ਆਂਗੂੰ ਗਾਉਂਦਾ। ਗਾਉਣਾ ਕਿਤੇ ਸੌਖਾ ਪਿਆ। ਜਾਹ ਓਏ ਪਰ੍ਹਾਂ, ਕਰ 'ਤੀ ਬਈ ਗੱਲ।" ਗੱਲਾਂ ਸੁਣੀ ਜਾਂਦਾ ਚੁੱਪ ਕਰਿਆ ਬੈਠਾ ਜਲੰਧਰ ਦਾ ਗੁਆਂਢੀ ਬੁੱਘਰ ਦਖਾਣ ਵੀ ਬੋਲਿਆ, "ਓਏ ਗਾਉਂਦਾ ਗੂੰਦਾ ਕਾਹਨੂੰ ਐ ਇਹੇ। ਇਹ ਤਾਂ ਬਲਾਰਾ ਦੱਸਦੇ ਐ। ਬਾਕੀ ਮੈਂ ਤਾਂ ਕਦੇ ਬੋਲਦਾ ਸੁਣਿਆਂ ਨ੍ਹੀ, ਪਰ ਕਹਿੰਦੇ ਐ ਬਈ ਵਧੀਆ ਬਲਾਰਾ ਬੋਲਣ ਨੂੰ।"

ਨਾਥਾ ਅਮਲੀ ਬੁੱਘਰ ਦਖਾਣ ਦੇ ਮੂੰਹੋਂ ਵਧੀਆ ਬੁਲਾਰੇ ਵਾਲੀ ਗੱਲ ਸੁਣ ਕੇ ਬੁੱਘਰ ਨੂੰ ਇਉਂ ਚਿੰਬੜ ਗਿਆ ਜਿਮੇਂ ਰੇਤਲੇ ਟਿੱਬਿਆਂ ਵਾਲੀ ਜ਼ਮੀਨ ਮਿਣਦੇ ਪਟਵਾਰੀ ਦੇ ਸੁੱਬੂ ਨੂੰ ਲੇਹਾ ਚਿੰਬੜ ਗਿਆ ਹੋਵੇ। ਬੁੱਘਰ ਦਖਾਣ ਵੱਲ ਹੱਥ ਕਰਕੇ ਹੱਸ ਕੇ ਬੋਲਿਆ,

"ਆਹ ਹੋਰ ਸੁਣ ਲੋ ਬਈ ਬੁੱਘਰ ਸਿਉਂ ਤੋਂ। ਅਕੇ ਬੋਲਦਾ ਤਾਂ ਮੈਂ ਸੁਣਿਆਂ ਨ੍ਹੀ, ਪਰ ਬਲਾਰਾ ਚੰਗਾ ਦੱਸਦੇ ਐ। ਇਹ ਕੀ ਗੱਲ ਬਣੀ ਬਈ? ਬਲਾਰੇ ਨੂੰ ਦੱਸੀ ਖਾਂ ਇਹਨੇ ਕਿਹੜੇ ਛਪਾਰ ਦੇ ਮੇਲੇ 'ਤੇ ਲਸ਼ਕਰ ਦਿੱਤਾ ਓਏ। ਐਥੇ ਤਾਸ਼ ਖੇਡੀ ਜਾਂਦਾ ਤਾਂ ਸੱਤ ਵਾਰੀ ਲੜਿਆ ਇੱਕੋ ਬਾਜੀ 'ਚ। ਘੈਂ-ਘੈਂ ਜੀ ਕਰਕੇ ਇਉਂ ਬੋਲੇ ਜਿਮੇਂ ਕੁੱਜੇ 'ਚ ਤਾੜਿਆ ਵਿਆ ਭੂੰਡ ਬੋਲਦਾ ਹੁੰਦਾ। ਬਲਾਰੇ ਤਾਂ ਮੀਰ ਸਿੱਧਮਾਂ ਕਾਲਜ ਆਲੇ ਸਤਿੰਦਰਪਾਲ ਅਰਗੇ ਐ। ਜੀਹਨੂੰ ਬੋਲਦੇ ਨੂੰ ਸੁਣਨ ਆਲੇ ਸਾਰਾ-ਸਾਰਾ ਦਿਨ ਭੁੱਖੇ ਤਿਹਾਏ ਬੈਠੇ ਰਹਿੰਦੇ ਐ ਪੰਡਾਲ 'ਚ। ਘੋਟ-ਘੋਟ ਅੱਖਰ ਬੋਲਦਾ ਜਿਮੇਂ ਗਲ਼ 'ਚ ਕੋਈ ਰੇਡੀਆ ਫਿੱਟ ਕੀਤਾ ਹੁੰਦਾ। ਇਹ ਕਿੱਧਰੋਂ ਬਲਾਰਾ ਆ ਗਿਆ ਜਿਹਨੂੰ ਬਾਬਾ ਛਿੰਦਾ ਕਹਿੰਦਾ। ਬੋਲਦਾ ਤਾਂ ਤਤਲਾਕੇ ਐ, ਰਲਾ 'ਤਾ ਤੁਸੀਂ ਇਹਨੂੰ ਸਿੱਧਮਾਂ ਕਾਲਜ ਆਲੇ ਕਵੀਸ਼ਰਾਂ ਨਾਲ। ਬਾਬਾ ਤੇਰੇ ਆਲੀ ਵੀ ਹੱਦ ਈ ਐ। ਵੇਖ ਤਾਂ ਲਿਆ ਕਰ। ਕਿੱਥੇ ਛਿੰਦਾ ਕਿੱਥੇ ਇਹੇ ਜਲੰਧਰੂ।" ਅਮਲੀ ਦੀ ਗੱਲ ਸੁਣ ਕੇ ਮਾਹਲਾ ਨੰਬਰਦਾਰ ਕਹਿੰਦਾ, "ਤੈਨੂੰ ਕੀ ਪਤਾ ਅਮਲੀਆ ਬਈ ਇਹ ਤੁਤਲਾ ਬੋਲਦੈ?"

ਅਮਲੀ ਕਹਿੰਦਾ, "ਲੈ ਤੁਤਲਪੁਣੇ ਦੀ ਵੀ ਇਹਦੇ ਆਲੀ ਸੁਣ ਲਾ। ਆਪਣੇ ਪਿੰਡ ਆਲਾ ਮੱਘਰ ਵਚੋਲਾ ਇਹਨੂੰ ਸਾਕ ਕਰਾਵੇ। ਕੁੜੀ ਆਲੇ ਜਲੰਧਰ ਨੂੰ ਵੇਖ ਕੇ ਪਸਿੰਦ ਕਰ ਗੇ। ਕੱਦ ਕਾਠ ਤੇ ਸੋਹਣਾ ਸਨੱਖਾ ਤਾਂ ਵੇਖ ਲਿਆ ਅਗਲਿਆਂ ਨੇ, ਮੂੰਹੋਂ ਬਲਾ ਕੇ ਵੇਖਿਆ ਨਾ ਬਈ ਬੋਲਣ ਨੂੰ ਕਿਹੋ ਜਾ?"

ਅਮਲੀ ਦੀ ਗੱਲ ਟੋਕ ਕੇ ਸੀਤਾ ਮਰਾਸੀ ਕਹਿੰਦਾ, "ਬਲਾ ਕੇ ਵੇਖਣ ਨੂੰ ਕੁੜੀ ਆਲਿਆਂ ਨੇ ਕਲੀਆਂ ਲਵਾਉਣੀਆਂ ਸੀ ਉਹਤੋਂ।"

ਮਰਾਸੀ ਨੂੰ ਗੱਲ ਦੇ ਵਿੱਚ ਬੋਲਿਆ ਸੁਣ ਕੇ ਬਾਬਾ ਹਜੂਰਾ ਸਿਉਂ ਮਰਾਸੀ ਨੂੰ ਘੂਰ ਕੇ ਬੋਲਿਆ, "ਚੁੱਪ ਕਰ ਓਏ ਮੀਰ, ਐਮੇਂ ਨਾ ਚੱਲਦੀ ਗੱਲ 'ਚ ਘਪਲ ਚੌਂਦੇ ਜੀ ਕਰ ਦਿਆ ਕਰ। ਗੱਲ ਗਾਹਾਂ ਤੁਰਨ ਦੇ।"

ਜੱਗਾ ਕਾਮਰੇਡ ਅਮਲੀ ਦੇ ਮੋਢੇ 'ਤੇ ਹੱਥ ਮਾਰ ਕੇ ਕਹਿੰਦਾ, "ਅੱਗੇ ਦੱਸ ਅਮਲੀਆਂ ਕਿਮੇਂ ਹੋਈ ਫਿਰ?"

ਅਮਲੀ ਕਹਿੰਦਾ, "ਅੱਗੇ ਕਿਮੇਂ ਹੋਣੀ ਸੀ। ਜੇ ਤਾਂ ਉਹ ਜਲੰਧਰ ਨੂੰ ਬਲਾ ਕੇ ਵੇਖ ਲੈਂਦੇ ਫੇਰ ਤਾਂ ਕੁੜੀ ਆਲਿਆਂ ਨੇ ਓਦਣ ਈਂ ਜਵਾਬ ਦੇ ਜਾਣਾ ਸੀ। ਗੱਲ ਰਹਿ ਗੀ ਢਕੀ ਢਕਾਈ। ਉਹ ਜਾਂਦੇ ਜਾਂਦੇ ਇਨ੍ਹਾਂ ਨੂੰ ਟੈਮ ਦੇ ਗੇ ਬਈ ਜਿੱਦੇ ਤੁਸੀਂ ਕੁੜੀ ਵੇਖਣ ਆਉਣਾ ਹੋਇਆ ਮੱਘਰ ਸਿਉਂ ਵਚੋਲੇ ਦੇ ਹੱਥ ਸਨੇਹਾ ਘੱਲ ਦਿਉ। ਕੁੜੀ ਆਲਿਆਂ ਤੋਂ ਲੈ ਕੇ ਦਿਨ, ਮੱਘਰ ਵਚੋਲਾ ਸੁਰਜਨ ਕਿਆਂ ਨੂੰ ਨਾਲ ਲੈ ਕੇ ਜਲੰਧਰ ਨੂੰ ਕੁੜੀ ਵਖਾਉਣ ਚਲਾ ਗਿਆ ਉਨ੍ਹਾਂ ਦੇ ਪਿੰਡ। ਅਕੇ ਜਾਂਦੇ ਜਾਂਦੇ ਜਲੰਧਰ ਨੂੰ ਕਹਿੰਦੇ 'ਐਥੇ ਤਾਂ ਨ੍ਹੀ ਤੇਰੇ ਤੁਤਲੇ ਪਣ ਦਾ ਪਤਾ ਲੱਗਿਆ, ਕਿਤੇ ਉੱਥੇ ਜਾ ਕੇ ਨਾ ਕੰਜਰ ਦਿਆ ਭੌਂਕ ਪੀਂ। ਚੁੱਪ ਕਰਕੇ ਬੈਠਾ ਰਹੀਂ'। ਮੱਘਰ ਵਚੋਲੇ ਨੂੰ ਕੁੜੀ ਬਾਰੇ ਵੀ ਪਤਾ ਸੀ ਬਈ ਕੁੜੀ ਵੀ ਤੁਤਲੀ ਐ। ਅਕੇ ਮੱਘਰ ਜਲੰਧਰ ਦੀ ਮਾਂ ਨੂੰ ਕਹਿੰਦਾ 'ਸਰਜੀਤ ਕੁਰੇ! ਵੇਖ ਲਾ ਆਪਣਾ ਮੁੰਡਾ ਤੁਤਲਾ, ਐਮੇਂ ਉੱਥੇ ਜਾ ਕੇ ਕੁੜੀ ਨੂੰ ਨਾ ਬਲਾਉਣ ਬਹਿ ਜਿਉ। ਜੇ ਤੁਸੀਂ ਕੁੜੀ ਨੂੰ ਬਲਾ ਬੈਠੇ ਹੋਰ ਨਾ ਕਿਤੇ ਉਹ ਆਪਣੇ ਮੁੰਡੇ ਨੂੰ ਬਲਾ ਕੇ ਵੇਖ ਲੈ। ਇਹਦੇ ਤੁਤਲ ਪੁਣੇ ਦਾ ਉਨ੍ਹਾਂ ਨੂੰ ਲੱਗ ਜਾਣਾ ਪਤਾ, ਆਪਣੀ ਸਾਰੀ ਕਰੀ ਕਰਾਈ ਖੂਹ 'ਚ ਪੈ ਜੂ'। ਜਲੰਧਰ ਦੀ ਮਾਂ ਕਹਿੰਦੀ 'ਲੈ ਭਾਈ ਮੱਘਰ ਸਿਆਂ! ਆਪਾਂ ਤੇਰੇ ਕਹਿਣੇ ਤੋਂ ਕਿਤੇ ਬਾਹਰ ਆਂ। ਆਪਾਂ ਕੀ ਲੈਣਾ ਕੁੜੀ ਨੂੰ ਬਲਾ ਕੇ । ਆਪੇ ਜਦੋਂ ਵਿਆਹੀ ਆਈ ਪਤਾ ਲੱਗ ਈ ਜਾਣ ਬੋਲਣ ਦਾ'। ਇਹ ਸਾਰਾ ਟੱਬਰ ਕੁੜੀ ਆਲਿਆਂ ਦੇ ਘਰੇ ਭਾਈ ਜਾ ਵੜੇ ਕੁੜੀ ਵੇਖਣ। ਉਨ੍ਹਾਂ ਨੇ ਚੰਗਾ ਚਾਹ ਪਾਣੀ ਪਿਆਇਆ। ਚਾਹ ਸੀ ਕਿਤੇ ਬਾਬਾ ਤੱਤੀ। ਇੱਕ ਉੱਤੋਂ ਚਾਹ ਆਲੀਆਂ ਕੱਪੀਆਂ ਜੀਆਂ ਸਟੀਲ ਦੀਆਂ ਸੀ ਜਿਹੜੀਆਂ ਥੱਲਿਉਂ ਅੱਧੀਆਂ ਕੁ ਖਾਲੀ ਜੀਆਂ ਹੁੰਦੀਆਂ। ਜਦੋਂ ਜਲੰਧਰ ਨੇ ਬਾਬਾ ਕੱਪੀ ਜੀ ਮੂੰਹ ਨੂੰ ਲਾਈ ਇੱਕ ਤਾਂ ਚਾਹ ਵੀ ਤੱਤੀ ਸੀ ਦੂਜੀ ਸਟੀਲ ਜੀ ਵੀ ਅੱਗ ਅਰਗੀ ਹੋਈ ਪਈ ਸੀ। ਕੱਪੀ ਮੂੰਹ ਨੂੰ ਲਾਉਣ ਸਾਰ ਜਲੰਧਰ ਦੇ ਬੁੱਲ੍ਹ ਮੱਚ ਗੇ। ਅਕੇ ਜਲੰਧਰ ਮੱਘਰ ਵਚੋਲੇ ਨੂੰ ਕਹਿੰਦਾ 'ਤਾਹ ਦਲਮ ਐਂ ਮੱਧਲਾ ਮੇ਼ਲਾ ਤਾਂ ਮੂੰਹ ਈਂ ਮੱਤ ਗਿਆ। ਅਕੇ ਕੋਲੇ ਈ ਕੁੜੀ ਬੈਠੀ ਸੀ। ਹੋਰ ਤਾਂ ਕੋਈ ਬੋਲਿਆ ਨਾ ਸਾਰੇ ਸੁੰਨ ਈਂ ਹੋ ਗੇ ਬਈ ਜਲੰਧਰ ਸਿਉਂ ਦਾ ਤਾਂ ਫਰੋਲਿਆ ਗਿਆ ਪੋਤੜਾ। ਅਕੇ ਕੁੜੀ ਬੈਠੀ-ਬੈਠੀ ਕਹਿੰਦੀ 'ਫੂਤ ਮਾਲ ਲਾ ਥੰਦੀ ਹੋ ਦੂ'। ਕੁੜੀ ਤੇ ਮੁੰਡੇ ਦੀ ਤੁਤਲੀ ਬੋਲੀ ਸੁਣ ਕੇ ਨਾ ਤਾਂ ਕੁੜੀ ਆਲੇ ਸ਼ਰਮੋ ਸ਼ਰਮੀ ਕੁਸ ਬੋਲੇ, ਨਾ ਹੀ ਮੁੰਡੇ ਆਲਿਆਂ ਦੀ ਜਬਾਨ ਫੁੱਟੀ ਬਈ ਸਾਡਾ ਤਾਂ ਝੱਗਾ ਈ ਚੌੜ ਹੋ ਗਿਆ।"

ਬਾਬੇ ਹਜੂਰਾ ਸਿਉਂ ਨੇ ਵੀ ਅਮਲੀ ਨੂੰ ਤੁਤਲੀ ਬੋਲੀ ਬੋਲ ਕੇ ਟਿੱਚਰ 'ਚ ਪੁੱਛਿਆ, "ਅਮਲੀਆ ਫੇਲ ਮੱਧਲ ਵਤੋਲਾ ਨ੍ਹੀ ਕੁਸ ਬੋਦਿਆ?"

ਬਾਬੇ ਦੀ ਗੱਲ ਸੁਣ ਕੇ ਸੱਥ ਵਾਲੇ ਸਾਰੇ ਹੱਸ ਪਏ। ਅਮਲੀ ਕਹਿੰਦਾ,

"ਕੁੜੀ ਤੇ ਮੁੰਡੇ ਆਲਿਆਂ ਨੇ ਮੱਘਰ ਉੱਥੇ ਈ ਢਾਹ ਲਿਆ ਫਿਰ। ਮਾਰ ਮਾਰ ਘਸੁੰਨ ਮੱਘਰ ਤੰਦੂਰ 'ਚ ਫਸੇ ਸੂਰ ਅਰਗਾ ਕਰ 'ਤਾ ਅਗਲਿਆਂ ਨੇ।" ਕਹਿੰਦੇ, 'ਕੰਜਰ ਦਿਆ ਪੁੱਤਾ! ਤੂੰ ਸਾਨੂੰ ਦੋ ਟੱਬਰਾਂ ਨੂੰ ਨੇਰ੍ਹੇ ਚੀ ਰੱਖਿਆ ਓਏ।" ਮਾਹਲਾ ਨੰਬਰਦਾਰ ਅਮਲੀ ਨੂੰ ਕਹਿੰਦਾ, "ਅਮਲੀਆ ਮੁੰਡੇ ਕੁੜੀ ਆਲੀ ਬੋਲੀ ਬੋਲ ਕੇ ਦੱਸ ਕਿਮੇਂ ਹੋਈ ਸੀ ਗੱਲ ਉੱਥੇ?" ਏਨੇ ਚਿਰ ਨੂੰ ਕਰਮੇ ਸੂਬੇਦਾਰ ਦਾ ਮੁੰਡਾ ਬਾਬੇ ਹਜੂਰਾ ਸਿਉਂ ਨੂੰ ਸੱਥ 'ਚ ਆ ਕੇ ਕਹਿੰਦਾ, "ਬਾਬਾ ਜੀ! ਤੈਨੂੰ ਮੇਰੇ ਭਾਪੇ ਨੇ ਘਰੇ ਸੱਦਿਆ।"

ਸੂਬੇਦਾਰ ਦਾ ਮੁੰਡਾ ਤਾਂ ਬਾਬੇ ਨੂੰ ਸੁਨੇਹਾ ਲਾ ਕੇ ਘਰ ਨੂੰ ਮੁੜ ਗਿਆ, ਤੇ ਮਾਹਲਾ ਨੰਬਰਦਾਰ ਕਹਿੰਦਾ, "ਇਨ੍ਹਾਂ ਦੇ ਘਰੇ ਵੀ ਹਜੂਰਾ ਸਿਆਂ ਆਹੀ ਰੌਲਾ ਜਿਹੜੇ ਰੌ਼ਲੇ ਦੀ ਆਪਾਂ ਗੱਲ ਕਰਕੇ ਹਟੇ ਆਂ।"

ਸੂਬੇਦਾਰ ਦੇ ਮੁੰਡੇ ਦਾ ਸੁਨੇਹਾ ਸੁਣਦੇ ਸਾਰ ਜਿਉਂ ਹੀ ਬਾਬਾ ਹਜੂਰਾ ਸਿਉਂ ਸੱਥ 'ਚੋਂ ਉੱਠ ਕੇ ਸੂਬੇਦਾਰ ਦੇ ਘਰ ਨੂੰ ਤੁਰਿਆ ਤਾਂ ਬਾਕੀ ਦੀ ਸੱਥ ਵਾਲੇ ਵੀ ਸੱਥ 'ਚੋਂ ਉੱਠ ਖੜੋਤੇ।

# ਮੁਫ਼ਤਖੋਰੀ ਬਣਾ ਰਹੀ ਲੋਕਾਂ ਨੂੰ ਨਿਕੰਮੇ

ਇਹ ਵੀ ਹੋ ਸਕਦਾ ਹੈ ਕਿ ਕਈਆਂ ਨੂੰ ਸੁਪਰੀਮ ਕੋਰਟ ਦੀ ਇਹ ਟਿੱਪਣੀ ਨਾ ਪਚੇ ਕਿਉਂਕਿ ਲਗਾਤਾਰ ਰਿਓੜੀਛਾਪ ਯੋਜਨਾਵਾਂ ਦੀ ਵਕਾਲਤ ਕਰਨ ਵਾਲੀਆਂ ਸਿਆਸੀ ਧਿਰਾਂ ਦੇ ਆਗੂ ਲੋਕਾਂ ਨੂੰ ਮੁਫ਼ਤਖੋਰੇ ਤੇ ਸਰਕਾਰ ਦੇ ਰਹਿਮੋ-ਕਰਮ 'ਤੇ ਪਲਣ ਵਾਲੇ ਬਣਾ ਰਹੇ ਹਨ।

ਸਿਆਸੀ ਧਿਰਾਂ ਦੀ ਰਾਜਨੀਤੀ ਤੇ ਉਨ੍ਹਾਂ ਦੇ ਚੋਣ ਮਨੋਰਥ ਪੱਤਰਾਂ ਵਿਚਲੇ ਐਲਾਨ ਕੁਝ ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣ ਰਹੇ ਹਨ। ਇਨ੍ਹਾਂ ਦੇ ਆਧਾਰ 'ਤੇ ਕਈ ਸੂਬਿਆਂ ਵਿਚ ਸਰਕਾਰਾਂ ਵੀ ਬਣੀਆਂ ਹਨ ਪਰ ਹੁਣ ਸੁਪਰੀਮ ਕੋਰਟ ਨੇ ਇਨ੍ਹਾਂ ਐਲਾਨਾਂ ਦੇ ਹਵਾਲੇ ਨਾਲ ਵੱਡੀ ਟਿੱਪਣੀ ਕੀਤੀ ਹੈ।

ਬੇਘਰੇ ਲੋਕਾਂ ਲਈ ਪੱਕੀ ਛੱਤ ਦੀ ਮੰਗ ਕਰਨ ਵਾਲੀ ਇਕ ਪਟੀਸ਼ਨ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਸ 'ਤੇ ਕਿਹਾ ਕਿ ਰਾਜਨੀਤਕ ਪਾਰਟੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਮੁਫ਼ਤ ਸਹੂਲਤਾਂ ਤੇ ਸਿੱਧਾ ਪੈਸਾ ਦੇਣ ਵਾਲੀਆਂ ਯੋਜਨਾਵਾਂ ਲੋਕਾਂ ਨੂੰ ਨਿਕੰਮੇ ਬਣਾ ਰਹੀਆਂ ਹਨ। ਇਸ ਤੋਂ ਬਚ ਕੇ ਕੰਮ ਕਰਨ ਦੀ ਲੋੜ ਹੈ। ਸੁਪਰੀਮ ਕੋਰਟ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਕਿਤੇ ਅਸੀਂ ਲੋਕਾਂ ਨੂੰ ਪਰਜੀਵੀ ਤਾਂ ਨਹੀਂ ਬਣਾ ਰਹੇ? ਬਿਨਾਂ ਸ਼ੱਕ ਇਹੀ ਕੁਝ ਹੋ ਰਿਹਾ ਹੈ। ਕਈ ਸੂਬਿਆਂ ਵਿਚ ਇਸ ਗੱਲ 'ਤੇ ਲੜਾਈ ਹੋ ਰਹੀ ਹੈ ਕਿ ਦੂਜੇ ਸੂਬਿਆਂ ਤੋਂ ਕਿਰਤੀ ਮੰਗਵਾਏ ਜਾ ਰਹੇ ਹਨ। ਕਈ ਉਦਯੋਗਾਂ ਵਿਚ ਇਹ ਲੜਾਈ ਹਮੇਸ਼ਾ ਰਹੀ ਹੈ।

ਇਹ ਵੀ ਹੋ ਸਕਦਾ ਹੈ ਕਿ ਕਈਆਂ ਨੂੰ ਸੁਪਰੀਮ ਕੋਰਟ ਦੀ ਇਹ ਟਿੱਪਣੀ ਨਾ ਪਚੇ ਕਿਉਂਕਿ ਲਗਾਤਾਰ ਰਿਓੜੀਛਾਪ ਯੋਜਨਾਵਾਂ ਦੀ ਵਕਾਲਤ ਕਰਨ ਵਾਲੀਆਂ ਸਿਆਸੀ ਧਿਰਾਂ ਦੇ ਆਗੂ ਲੋਕਾਂ ਨੂੰ ਮੁਫ਼ਤਖੋਰੇ ਤੇ ਸਰਕਾਰ ਦੇ ਰਹਿਮੋ-ਕਰਮ 'ਤੇ ਪਲਣ ਵਾਲੇ ਬਣਾ ਰਹੇ ਹਨ। ਇਸ ਦਾ ਨਤੀਜਾ ਇਹ ਵੀ ਰਿਹਾ ਹੈ ਕਿ ਲੋਕ ਮਿਹਨਤ ਤੋਂ ਭੱਜ ਰਹੇ ਹਨ। ਉਨ੍ਹਾਂ ਨੂੰ ਯਕੀਨ ਹੈ ਕਿ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਨਾਲ ਉਨ੍ਹਾਂ ਦੇ ਕਈ ਖ਼ਰਚੇ ਨਿਪਟ ਜਾਣੇ ਹਨ।

ਇਸ ਵੇਲੇ ਜੇ ਉੱਡਵੀਂ ਨਜ਼ਰ ਮਾਰੀ ਜਾਵੇ ਤਾਂ ਮੁਫ਼ਤ ਰਾਸ਼ਨ, ਬਿਜਲੀ-ਪਾਣੀ, ਬੱਸਾਂ ਦੇ ਫ੍ਰੀ ਸਫ਼ਰ ਤੇ ਹੋਰ ਕਈ ਯੋਜਨਾਵਾਂ ਕਈ ਸਰਕਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਸੁਪਰੀਮ ਕੋਰਟ ਵੱਲੋਂ ਵੀ ਇਨ੍ਹਾਂ ਯੋਜਨਾਵਾਂ ਦੇ ਆਲੇ-ਦੁਆਲੇ ਹੀ ਆਪਣੀ ਗੱਲ ਕਹੀ ਗਈ ਹੈ। ਸਰਬਉੱਚ ਅਦਾਲਤ ਦਾ ਅਸਿੱਧੇ ਰੂਪ ਵਿਚ ਇਹ ਕਹਿਣਾ ਹੈ ਕਿ ਲੋਕਾਂ ਨੂੰ ਰਿਓੜੀਆਂ ਵਾਂਗ ਮੁਫ਼ਤ ਸਹੂਲਤਾਂ ਦੇਣ ਦੀ ਥਾਂ ਉਨ੍ਹਾਂ ਨੂੰ ਇੰਨਾ ਕੁ ਸਮਰੱਥ ਕੀਤਾ ਜਾਵੇ ਕਿ ਇਸ ਦੀ ਲੋੜ ਹੀ ਨਾ ਪਵੇ ਪਰ ਸਿਆਸੀ ਧਿਰਾਂ ਦੇ ਇਸ ਪਿੱਛੇ ਆਪਣੇ ਤਰਕ ਹਨ।

ਸੁਪਰੀਮ ਕੋਰਟ ਦਾ ਮੰਨਣਾ ਹੈ ਕਿ ਲੋਕਾਂ ਨੂੰ ਮੁੱਖ ਧਾਰਾ ਨਾਲ ਜੋੜਨ ਦੀ ਲੋੜ ਹੈ। ਜੇ ਲੋਕ ਮੁਫ਼ਤ ਦੀਆਂ ਚੀਜ਼ਾਂ ਹਾਸਲ ਕਰਨ ਵਿਚ ਹੀ ਲੱਗੇ ਰਹਿਣਗੇ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਉਨ੍ਹਾਂ ਵਿਚ ਕੋਈ ਕਲਾਤਮਕ ਪਿਰਤ ਪੈਦਾ ਹੋ ਜਾਵੇ। ਹਮੇਸ਼ਾ ਸਰਕਾਰੀ ਯੋਜਨਾਵਾਂ ਦੇ ਆਸਰੇ ਦਿਨ ਕੱਟਣ ਵਾਲੇ ਆਪਣੇ ਭਵਿੱਖ ਨੂੰ ਲੈ ਕੇ ਕਦੇ ਵੀ ਜਾਗ੍ਰਿਤ ਨਹੀਂ ਹੋ ਸਕਦੇ।

ਗ਼ਰੀਬਾਂ ਨੂੰ ਘਰ ਦੇਣ ਦੀ ਥਾਂ ਕਿਉਂ ਨਾ ਇਹ ਕੀਤਾ ਜਾਵੇ ਕਿ ਲੋਕ ਆਪਣੀ ਕਿਰਤ ਕਮਾਈ ਨਾਲ ਇੰਨੇ ਸਮਰੱਥ ਹੋਣ ਕਿ ਘੱਟੋ-ਘੱਟ ਆਪਣੇ ਰਹਿਣ ਲਾਇਕ ਛੱਤ ਬਣਾ ਸਕਣ। ਸਮਾਜ ਦੇ ਕਈ ਅਜਿਹੇ ਵਰਗ ਵੀ ਹਨ ਜਿਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਰਕਾਰੀ ਸਹਾਇਤਾ ਦੀ ਲੋੜ ਹੁੰਦੀ ਹੈ ਪਰ ਇੱਥੇ ਇਹ ਹਮੇਸ਼ਾ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਲੋਕ ਕਿਸੇ ਵੀ ਕੀਮਤ 'ਤੇ ਪੂਰੀ ਤਰ੍ਹਾਂ ਨਿਕੰਮੇ ਨਾ ਬਣ ਜਾਣ। ਦੂਜੇ ਪਾਸੇ ਲੋਕਾਂ ਨੂੰ ਵੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕੋਈ ਵੀ ਸਰਕਾਰੀ ਯੋਜਨਾ ਮੁਫ਼ਤ ਨਹੀਂ ਹੁੰਦੀ।

ਇਹ ਸਰਕਾਰੀ ਖ਼ਜ਼ਾਨੇ 'ਚੋਂ ਲਿਆ ਗਿਆ ਹਿੱਸਾ ਹੁੰਦਾ ਹੈ। ਇਹ ਹਿੱਸਾ ਉਹੀ ਹੈ ਜੋ ਅਸੀਂ ਟੈਕਸ ਵਜੋਂ ਸਰਕਾਰ ਨੂੰ ਮੋੜਦੇ ਹਾਂ। ਮੁਫ਼ਤ ਯੋਜਨਾਵਾਂ ਤੇ ਸਹੂਲਤਾਂ ਕਾਰਨ ਸੂਬਿਆਂ ਦੇ ਕਈ ਵਿਭਾਗ ਇਸ ਵੇਲੇ ਕਰਜ਼ਾਈ ਹੋਣ ਦੇ ਕੰਢੇ ਪੁੱਜ ਗਏ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਮੁਫ਼ਤ ਸਰਕਾਰੀ ਸਹੂਲਤਾਂ ਲੈਣ ਦੀ ਆਦਤ ਨਹੀਂ ਪਾਉਣੀ ਚਾਹੀਦੀ।

# ਦੇਸੀ ਤੜਕਾ

## ਸਿਹਤ ਪੀਜ਼ਾ

ਸਰਵਿੰਗ ਦਾ ਆਕਾਰ
: 1 ਨਾਨ ਪੀਜ਼ਾ



ਸਮੱਗਰੀ

1 ਹੋਲ ਵੀਟ ਪੀਟਾ ਜਾਂ ਹੋਲ ਵੀਟ ਨਾਨ

1 ਵੱਡਾ ਚਮਚਾ ਇਟਾਲੀਅਨ ਹਰਬ ਬਲੈਂਡ

1½ ਚਮਚਾ ਟਮਾਟਰ ਸੋਸ

1½ ਕੱਪ ਮੋਜ਼ਰੈਲਾ ਜਾਂ ਮਾਰਬਲ ਚੀਜ਼ ਕੱਦੂਕਸ

ਘੱਟੋ-ਘੱਟ 2 ਟੌਪਿੰਗਜ਼ ਚੁਣੋ

ਕੱਟੇ ਹੋਏ ਮਸ਼ਰੂਮ

ਹਰੀ ਮਿਰਚ, ਕੱਟੀ ਹੋਈ

ਟਮਾਟਰ, ਕੱਟੇ ਹੋਏ

ਪਿਆਜ਼ ਕੱਟੇ ਹੋਏ

ਪਾਲਕ, ਕੱਦੂਕਸ ਕੀਤੀ ਹੋਈ

ਅਨਾਨਾਸ ਕੱਟਿਆ ਹੋਇਆ

**ਬਣਾਉਣ ਦੀ ਵਿਧੀ :**

ਓਵਰ ਨੂੰ 350 ਡਿਗਰੀ 'ਤੇ ਗਰਮ ਕਰੋ। ਹੋਲ ਵੀਟ ਪੀਜ਼ਾ ਜਾਂ ਹੋਲ ਵੀਟ ਨਾਨ ਉੱਤੇ ਟਮਾਟਰ ਸੋਸ ਪਾ ਕੇ ਬੇਕਿੰਗ ਸ਼ੀਟ 'ਤੇ ਰੱਖੋ। ਇਟਾਲੀਅਨ ਹਰਬ ਬਲੈਂਡ ਉਸ ਉੱਤੇ ਛਿੜਕੋ। ਆਪਣੀ ਚੋਣ ਮੁਤਾਬਕ ਉਸ ਉੱਤੇ ਪੀਜ਼ਾ ਟੌਪਿੰਗ ਅਤੇ ਚੀਜ਼ ਪਾਓ। ਚੀਜ਼ ਦੇ ਪਿਘਲਣ ਤੱਕ ਜਾਂ ਉਸ ਨੂੰ 10-12 ਮਿੰਟਾਂ ਲਈ ਬੇਕ ਕਰੋ ਅਤੇ ਗਰਮਾ-ਗਰਮ ਪਰੋਸ ਕੇ ਆਨੰਦ ਮਾਣੋ।

## ਸਪੈਸ਼ਲ ਸ਼ਾਕਾਹਾਰੀ ਕੀਮਾ

ਸਮੱਗਰੀ

ਸੋਇਆ ਬੜੀਆਂ 200 ਗ੍ਰਾਮ,

ਦਹੀਂ 200 ਗ੍ਰਾਮ,

ਕੁਕਿੰਗ ਤੇਲ 200 ਮਿਲੀ,

ਪਿਆਜ਼ ਦੋ ਵੱਡੇ,

ਲਸਣ 25 ਕਲੀਆਂ,

ਅਦਰਕ ਇਕ ਟੁਕੜਾ,

ਕਰੀ ਮਸਾਲਾ 25 ਗ੍ਰਾਮ,

ਨਮਕ ਸਵਾਦ ਅਨੁਸਾਰ,

ਮਿਰਚ ਸਵਾਦ ਅਨੁਸਾਰ,

ਹਰਾ ਧਨੀਆ ਇਕ ਗੁੱਛੀ,

ਜੀਰਾ, ਕਾਜੂ,

ਬਦਾਮ ਜ਼ਰੂਰਤ ਅਨੁਸਾਰ।





ਵਿਧੀ : ਸੋਇਆ ਵੜੀਆਂ ਨੂੰ ਕੋਸੇ ਪਾਣੀ ਵਿਚ ਲਗਭਗ 30 ਮਿੰਟ ਭਿਉਂ ਦਿਓ। ਉਸ ਤੋਂ ਬਾਅਦ ਵੜੀਆਂ ਨੂੰ ਦੋਵੇਂ ਹੱਥਾਂ ਨਾਲ ਨਿਚੋੜ ਲਓ। ਬੜੀਆਂ ਨੂੰ ਉਂਗਲੀਆਂ ਤੇ ਅੰਗੂਠੇ ਦੀ ਸਹਾਇਤਾ ਨਾਲ ਰੇਸ਼ੇ ਦੀ ਲੰਬਾਈ ਅਨੁਸਾਰ ਬਾਰੀਕ-ਬਾਰੀਕ ਕਰ ਦਿਓ। ਪਿਆਜ਼ ਨੂੰ ਬਾਰੀਕ ਕੱਟੋ। ਅਦਰਕ ਦੇ ਵੀ ਬਾਰੀਕ ਟੁਕੜੇ ਕਰੋ। ਲਸਣ ਨੂੰ ਫੈਂਹ ਕੇ ਪਾਣੀ ਵਿਚ ਭਿਉਂ ਦਿਓ ਅਤੇ ਨਿਚੋੜ ਕੇ ਮਸਾਲੇ ਵਿਚ ਮਿਲਾ ਲਓ।

ਇਸ ਵਿਚ ਨਮਕ ਅਤੇ ਮਿਰਚ ਮਿਲਾ ਲਓ। ਕੜਾਹੀ ਕੁਕਿੰਗ ਤੇਲ ਗਰਮ ਕਰੋ। ਪਿਆਜ਼ ਤੇ ਅਦਰਕ ਦੇ ਟੁਕੜਿਆਂ ਨੂੰ ਹਲਕਾ ਭੂਰਾ ਹੋਣ ਤੱਕ ਭੁੰਨੋ। ਪਿਆਜ਼ ਤੇ ਅਦਰਕ ਨੂੰ ਕੱਢ ਕੇ ਸੋਇਆ ਵੜੀਆਂ ਦੇ ਚੂਰੇ ਨੂੰ ਕੁਕਿੰਗ ਆਇਲ ਵਿਚ ਮੱਧਮ ਅੱਗ 'ਤੇ ਉਦੋਂ ਤੱਕ ਭੁੰਨੋ ਜਦੋਂ ਤੱਕ ਇਨ੍ਹਾਂ ਦਾ ਪਾਣੀ ਖ਼ਤਮ ਨਾ ਹੋ ਜਾਵੇ। ਸੋਇਆ ਵੜੀ ਦੇ ਭੁੰਨੇ ਚੂਰੇ ਨੂੰ ਵੀ ਵੱਖਰਾ ਕੱਢ ਲਓ। ਬਚੇ ਤੇਲ ਵਿਚ ਜੀਰਾ ਦਾ ਤੜਕਾ ਲਗਾ ਕੇ ਦਹੀਂ ਪਾਓ।

ਇਸ ਦੇ ਨਾਲ ਮਸਾਲੇ ਆਦਿ ਪਾ ਕੇ ਕੁਝ ਦੇਰ ਹਿਲਾਉਂਦੇ ਰਹੋ। ਭੁੰਨੇ ਗਏ ਪਿਆਜ਼, ਅਦਰਕ ਤੇ ਸੋਇਆ ਵੜੀਆਂ ਦੇ ਚੂਰੇ ਨੂੰ ਦਹੀਂ ਤੇ ਤਿਆਰ ਮਸਾਲੇ ਦੇ ਮਿਸ਼ਰਨ ਵਿਚ ਪਾ ਕੇ ਦੋ ਮਿੰਟ ਹਿਲਾਓ। ਬਾਰੀਕ ਕੱਟਿਆ ਹਰਾ ਧਨੀਆ ਪਾ ਦਿਓ। ਤਿਆਰ ਕੀਮੇ ਨੂੰ ਕੌਲੀ ਵਿਚ ਕੱਢ ਲਓ ਅਤੇ ਬਦਾਮ ਤੇ ਕਾਜੂ ਦੇ ਟੁਕੜੇ ਪਾ ਕੇ ਮਿਲਾ ਦਿਓ।

# ਤਕਨਾਲੋਜੀ ਟਾਈਮਜ਼

## ਐਪਲ ਆਈਫੋਨ 16 ਸੀਰੀਜ਼ ਦਾ ਸਭ ਤੋਂ ਸਸਤਾ ਫੋਨ 16 ਈ ਹੋਇਆ ਲਾਂਚ




ਦੁਨੀਆ ਦੇ ਸਭ ਤੋਂ ਮਸ਼ਹੂਰ ਸਮਾਰਟਫੋਨ iPhone ਬਣਾਉਣ ਵਾਲੀ ਕੰਪਨੀ Apple Inc ਨੇ ਆਪਣੀ iPhone 16 ਸੀਰੀਜ਼ ਦਾ ਸਭ ਤੋਂ ਸਸਤਾ ਫੋਨ Apple iPhone 16e ਲਾਂਚ ਕੀਤਾ ਹੈ। ਕੰਪਨੀ ਦੇ ਸੀ.ਈ.ਓ. ਟਿਮ ਕੁੱਕ ਨੇ ਪਿਛਲੇ ਹਫਤੇ ਹੀ ਇਸ ਫੋਨ ਦੇ ਲਾਂਚ ਹੋਣ ਦੀ ਜਾਣਕਾਰੀ ਦਿੱਤੀ ਸੀ। ਕੰਪਨੀ ਨੇ ਇਸ ਫੋਨ ਨੂੰ ਆਨਲਾਈਨ ਲਾਂਚ ਕੀਤਾ ਹੈ ਅਤੇ ਇਸ ਦੇ ਨਾਲ ਹੀ ਆਈਫੋਨ 16 ਸੀਰੀਜ਼ ਪੂਰੀ ਹੋ ਗਈ ਹੈ। ਆਓ ਜਾਣਦੇ ਹਾਂ ਇਸ ਵਿੱਚ ਤੁਹਾਨੂੰ ਕਿਹੜੀਆਂ ਵਿਸ਼ੇਸ਼ਤਾਵਾਂ ਮਿਲਣਗੀਆਂ ਅਤੇ ਇਸ ਦੀ ਕੀਮਤ ਕਿੰਨੀ ਹੈ?

**48 ਮੈਗਾਪਿਕਸਲ ਦਾ 2-ਇਨ-1 ਕੈਮਰਾ**

ਐਪਲ ਆਈਫੋਨ ਲੋਕਾਂ ਵਿੱਚ ਆਪਣੇ ਕੈਮਰੇ ਲਈ ਜਾਣਿਆ ਜਾਂਦਾ ਹੈ। ਕੰਪਨੀ ਨੇ ਆਈਫੋਨ-16 ਸੀਰੀਜ਼ ਦੇ ਸਾਰੇ ਫੋਨਾਂ 'ਚ ਸ਼ਾਨਦਾਰ ਕੈਮਰੇ ਦਿੱਤੇ ਹਨ ਅਤੇ ਇਸ ਫੋਨ 'ਚ ਵੀ ਇਸ ਦਾ ਧਿਆਨ ਰੱਖਿਆ ਗਿਆ ਹੈ। Apple iPhone 16e ਦੀ ਘੱਟ ਕੀਮਤ ਦੇ ਬਾਵਜੂਦ, ਕੰਪਨੀ ਨੇ ਇਸ ਵਿੱਚ ਇੱਕ ਸ਼ਾਨਦਾਰ 48 ਮੈਗਾਪਿਕਸਲ ਫਿਊਜ਼ਨ ਕੈਮਰਾ ਦਿੱਤਾ ਹੈ।

**ਕੈਮਰੇ ਇੱਕ ਅਤੇ ਕੰਮ ਦੋ**

ਆਮ ਤੌਰ 'ਤੇ ਐਪਲ ਫੋਨਾਂ 'ਚ ਡਿਊਲ ਕੈਮਰਾ ਸਿਸਟਮ ਹੁੰਦਾ ਹੈ ਪਰ ਐਪਲ AweIPon 16e 'ਚ ਕੰਪਨੀ ਨੇ 2-ਇਨ-1 ਕੈਮਰਾ ਸੈੱਟਅਪ ਦਿੱਤਾ ਹੈ। ਇੱਥੇ ਕੰਪਨੀ ਨੇ ਸਿਰਫ ਇੱਕ ਕੈਮਰਾ ਲੈਂਸ ਦਿੱਤਾ ਹੈ, ਪਰ ਇਸ ਵਿੱਚ 2x ਟੈਲੀਫੋਟੋ ਦੀ ਵਿਸ਼ੇਸ਼ਤਾ ਵੀ ਦਿੱਤੀ ਗਈ ਹੈ। ਇਹ ਐਪਲ AweIPon 16e ਦੇ ਕੈਮਰੇ ਨੂੰ ਆਮ ਡਿਊਲ ਕੈਮਰਾ ਸੈੱਟਅਪ ਵਾਂਗ ਸ਼ਕਤੀਸ਼ਾਲੀ ਬਣਾਉਂਦਾ ਹੈ ਅਤੇ ਸ਼ਾਨਦਾਰ ਫੋਟੋਆਂ ਅਤੇ ਵੀਡੀਓਜ਼ ਲੈਂਦਾ ਹੈ।

**26 ਘੰਟੇ ਦੀ ਬੈਟਰੀ ਲਾਈਫ, ਸ਼ਾਨਦਾਰ ਪਰਫਾਰਮੈਂਸ**

ਕੰਪਨੀ ਨੇ Apple iPhone 16e 'ਚ A18 ਚਿਪ ਦਿੱਤੀ ਹੈ, ਜੋ ਇਸਦੀ ਪਰਫਾਰਮੈਂਸ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਦੇ ਨਾਲ ਹੀ ਇਸ ਵਿੱਚ ੀੌਸ਼ 18 ਉਪਲਬਧ ਹੋਵੇਗਾ ਜੋ ਫੋਨ ਦੇ ਕੰਮਕਾਜ ਨੂੰ ਸੁਚਾਰੂ ਬਣਾਉਂਦਾ ਹੈ। ਇਸ ਵਿੱਚ ਇੱਕ ਛ1 ਮਾਡਮ ਹੈ, ਜੋ ਸ਼ਾਨਦਾਰ 5G ਕੁਨੈਕਟੀਵਿਟੀ ਪ੍ਰਦਾਨ ਕਰਦਾ ਹੈ। ਇਹ ਕੰਪਨੀ ਦਾ ਹੁਣ ਤੱਕ ਦਾ ਸਭ ਤੋਂ ਘੱਟ ਪਾਵਰ ਖਪਤ ਕਰਨ ਵਾਲਾ ਮੋਡਮ ਵੀ ਹੈ। ਇਸ ਦੇ ਨਾਲ ਹੀ, ਤੁਹਾਨੂੰ ਲੰਬੀ ਬੈਟਰੀ ਲਾਈਫ ਮਿਲਦੀ ਹੈ, ਜੋ ਇੱਕ ਵਾਰ ਚਾਰਜ ਕਰਨ 'ਤੇ 26 ਘੰਟੇ ਦੇ ਵੀਡੀਓ ਪਲੇਬੈਕ ਦੇ ਨਾਲ ਆਉਂਦੀ ਹੈ। ਇਸ ਦੀ ਬੈਟਰੀ ਐਪਲ ਆਈਫੋਨ 11 ਤੋਂ 6 ਘੰਟੇ ਜਆਿਦਾ ਅਤੇ ਐਪਲ ਆਈਫੋਨ ਸ਼ਓ ਸੀਰੀਜ਼ ਦੇ ਸਾਰੇ ਫੋਨਾਂ ਤੋਂ 12 ਘੰਟੇ ਜ਼ਿਆਦਾ ਚੱਲੇਗੀ। ਟਾਈਪ-ਸੀ ਚਾਰਜਰ ਤੋਂ ਇਲਾਵਾ ਤੁਸੀਂ ਇਸ ਨੂੰ ਵਾਇਰਲੈੱਸ ਤਰੀਕੇ ਨਾਲ ਵੀ ਚਾਰਜ ਕਰ ਸਕਦੇ ਹੋ।

**ਚੈਟਜੀਪੀਟੀ, ਸਿਰੀ, ਅਤੇ ਐਪਲ ਇੰਟੈਲੀਜੈਂਸ ਨਾਲ ਅੰਤਮ ਗੋਪਨੀਯਤਾ**

ਐਪਲ ਫੋਨ ਆਪਣੀ ਨਿੱਜਤਾ ਲਈ ਜਾਣੇ ਜਾਂਦੇ ਹਨ। ਕੰਪਨੀ ਦਾ ਦਾਅਵਾ ਹੈ ਕਿ ਗਾਹਕਾਂ ਨੂੰ ਐਪਲ ਆਈਫੋਨ 16e ਵਿੱਚ ਉਦਯੋਗ ਦੇ ਪ੍ਰਮੁੱਖ ਪ੍ਰਾਈਵੇਸੀ ਫੀਚਰ ਵੀ ਮਿਲਣਗੇ। ਇਸ ਤੋਂ ਇਲਾਵਾ, ਸਿਰੀ ਨੂੰ ਐਪਲ ਇੰਟੈਲੀਜੈਂਸ ਨਾਲ ਬਿਹਤਰ ਬਣਾਇਆ ਗਿਆ ਹੈ, ਜੋ ਕਈ ਨਵੀਆਂ ਭਾਸ਼ਾਵਾਂ ਨੂੰ ਸਮਝ ਸਕਦਾ ਹੈ। ਇਸ ਵਿੱਚ ਅੰਗਰੇਜ਼ੀ (ਭਾਰਤ) ਵਰਜ਼ਨ ਸ਼ਾਮਲ ਹੈ। ਅਤੇ ਐਪਲ ਇੰਟੈਲੀਜੈਂਸ ਫੀਚਰ ਦੇ ਕਾਰਨ, ਤੁਸੀਂ ਆਪਣੀ ਫੋਟੋ ਨੂੰ ਤੁਰੰਤ ਐਡਿਟ ਕਰ ਸਕਦੇ ਹੋ। ਤੁਸੀਂ ਟੈਕਸਟ ਵਿੱਚ ਲਿਖ ਕੇ ਸੰਪੂਰਨ ਫੋਟੋ ਦੀ ਖੋਜ ਕਰ ਸਕਦੇ ਹੋ. ਤੁਸੀਂ ਇਸ ਦੀ ਮਦਦ ਨਾਲ ਆਪਣੀ ਪਸੰਦ ਦੇ ਇਮੋਜੀ ਵੀ ਬਣਾ ਸਕਦੇ ਹੋ ਅਤੇ ਟੈਕਸਟ ਲਿਖ ਕੇ ਖੋਜ ਕਰ ਸਕਦੇ ਹੋ। ਇਹ ਐਪਲ ਇੰਟੈਲੀਜੈਂਸ ਤੁਹਾਡੀ ਨਿੱਜੀ ਸਹਾਇਤਾ ਵਜੋਂ ਕੰਮ ਕਰੇਗੀ। ਨਾਲ ਹੀ, ਇਸ ਫੋਨ ਵਿੱਚ ਛਹਓਟਘਫਠ ਇਨ-ਬਿਲਟ ਹੋਵੇਗਾ, ਪਰ ਤੁਹਾਡੇ ਕੋਲ ਇਸ ਨੂੰ ਕੰਟਰੋਲ ਕਰਨ ਦੀ ਪੂਰੀ ਸ਼ਕਤੀ ਹੋਵੇਗੀ।

**ਵੱਡੀ ਸਕ੍ਰੀਨ ਅਤੇ ਐਕਸ਼ਨ ਬਟਨ**

ਇਹ ਫੋਨ 6.1 ਇੰਚ ਦੀ ਸੁਪਰ ਰੈਟੀਨਾ ਐਕਸਡੀਆਰ ਡਿਸਪਲੇਅ ਨਾਲ ਆਵੇਗਾ। ਇਸ 'ਚ ਤੁਹਾਨੂੰ IP68 ਰੇਟਿੰਗ ਦਾ ਸਪਲੈਸ਼, ਵਾਟਰ ਅਤੇ ਡਸਟ ਰੇਸਿਸਟੈਂਸ ਮਿਲੇਗਾ। ਇੰਨਾ ਹੀ ਨਹੀਂ ਇਸ 'ਚ ਤੁਹਾਨੂੰ ਸ਼ਾਨਦਾਰ ਗ੍ਰਾਫਿਕਸ ਰੈਜ਼ੋਲਿਊਸ਼ਨ ਵੀ ਮਿਲੇਗਾ। ਤੁਸੀਂ ਇਸਦੇ ਹੋਮਪੇਜ ਨੂੰ ਵਿਅਕਤੀਗਤ ਬਣਾ ਸਕਦੇ ਹੋ। ਨਾਲ ਹੀ, ਕੰਪਨੀ ਨੇ Apple iPhone 16e ਦੇ ਐਕਸ਼ਨ ਬਟਨ ਨੂੰ ਐਡਵਾਂਸ ਬਣਾਇਆ ਹੈ। ਹੁਣ ਇਸ ਬਟਨ ਦੇ ਨਾਲ ਤੁਸੀਂ ਨਾ ਸਿਰਫ ਸਾਈਲੈਂਟ ਮੋਡ 'ਤੇ ਜਾ ਸਕਦੇ ਹੋ, ਸਗੋਂ ਆਪਣੀ ਪਸੰਦ ਦੇ ਕਿਸੇ ਵੀ ਐਪ ਜਾਂ ਕੈਮਰਾ ਕਲਿੱਕ ਨੂੰ ਤੁਰੰਤ ਲਾਂਚ ਕਰ ਸਕਦੇ ਹੋ।

ਐਪਲ AweIPon 16e ਦੀ ਕੀਮਤ ਅਤੇ ਬੁਕਿੰਗ

ਕੰਪਨੀ ਨੇ ਅਪਪਲਣ iPhone 16e ਨੂੰ $599 ਦੀ ਕੀਮਤ 'ਤੇ ਲਾਂਚ ਕੀਤਾ ਹੈ। ਭਾਰਤ 'ਚ ਇਸ ਦੀ ਸ਼ੁਰੂਆਤੀ ਕੀਮਤ 59,900 ਰੁਪਏ ਰੱਖੀ ਗਈ ਹੈ। ਲੋਕ ਇਸਨੂੰ 2,496 ਰੁਪਏ ਦੀ ਮਹੀਨਾਵਾਰ EMI 'ਤੇ ਵੀ ਖਰੀਦ ਸਕਣਗੇ। ਇਸਦੇ ਲਈ ਪ੍ਰੀ-ਆਰਡਰ 21 ਫਰਵਰੀ ਨੂੰ ਸਵੇਰੇ 6:30 ਵਜੇ ਤੋਂ ਕੀਤਾ ਜਾ ਸਕਦਾ ਹੈ। ਜਦੋਂ ਕਿ ਇਹ ਫੋਨ 28 ਫਰਵਰੀ ਤੋਂ ਐਪਲ ਦੇ ਸਟੋਰ 'ਤੇ ਉਪਲਬਧ ਹੋਵੇਗਾ।

ਅਪਪਲਣ iPhone 16e ਨੂੰ 3 ਮੈਮੋਰੀ ਸੈੱਟਅੱਪ ਦੇ ਨਾਲ ਲਾਂਚ ਕੀਤਾ ਗਿਆ ਹੈ। ਇਸ 'ਚ 128 ਜੀਬੀ ਇੰਟਰਨਲ ਮੈਮਰੀ ਵਾਲੇ ਫ਼ੋਨ ਦੀ ਕੀਮਤ 59,900 ਰੁਪਏ, 256 ਜੀਬੀ ਮੈਮਰੀ ਵਾਲੇ ਫ਼ੋਨ ਦੀ ਕੀਮਤ 69,900 ਰੁਪਏ ਅਤੇ 512 ਜੀਬੀ ਮੈਮਰੀ ਵਾਲੇ ਫ਼ੋਨ ਦੀ ਕੀਮਤ 89,900 ਰੁਪਏ ਰੱਖੀ ਗਈ ਹੈ। ਇਹ ਫੋਨ ਫਿਲਹਾਲ ਸਿਰਫ ਦੋ ਰੰਗਾਂ, ਕਾਲੇ ਅਤੇ ਚਿੱਟੇ ਅਤੇ ਮੈਟ ਫਿਨਿਸ਼ ਵਿੱਚ ਉਪਲਬਧ ਹੋਵੇਗਾ।

# ਕਾਵਿ ਕਿਆਰੀ

## ਭਾਵੇਂ ਅਸੀਂ ਗਰੀਬ ਹਾਂ

ਕੀ ਹੋਇਆ ਗਰੀਬ ਹਾਂ ਪਰ ਚੋਰ ਨਹੀਂ,
ਫ਼ਖਰ ਨਾਲ ਕਹਿੰਦੇ ਹਾਂ ,
ਮਿਹਨਤ ਦੀ ਰੋਜੀ ਖਾਂਦੇ ਹਾਂ,
ਅਸੀਂ ਆਦਮ ਖੋਰ ਨਹੀ ।
ਅਸੀਂ ਵੀ ਤਾਂ ਰੱਬ ਦੇ ਬਣਾਏ ਜੀਅ ਹਾਂ,
ਕੋਈ ਹੋਰ ਨਹੀਂ ।
ਉਹਦੀਆਂ ਲਿਖੀਆਂ ਉਹੀ ਜਾਣੇ,
ਸਾਡੇ ਦਿਲ ਵਿੱਚ ਖੋਟ ਨਹੀਂ,
ਬਹੁਤਾ ਭਾਵੇਂ ਉਹ ਜੁੜਨ ਨਹੀਂ ਦਿੰਦਾ,
ਪਰ ਰੋਟੀ ਦੀ ਰੱਖਦਾ ਤੋੜ ਨਹੀਂ।
ਕੀ ਹੋਇਆ ਗਰੀਬ ਹਾਂ ਪਰ ਚੋਰ ਨਹੀਂ।
ਸ਼ਾਹੂਕਾਰ ਲੋਕਾਂ ਨੂੰ ਲੁੱਟ ਲੁੱਟ ਖਾਵੇ ,
ਪਰ ਕਰਦਾ ਕੋਈ ਸ਼ੋਰ ਨਹੀਂ।
ਝੂਠ ਦਾ ਪਸੇਰਾ ਹਾਹਾਕਾਰ ਮਚਾਵੇ ,
ਸੱਚ ਦਾ ਕੋਈ ਦੌਰ ਨਹੀਂ ।
ਕੀ ਹੋਇਆ ਗਰੀਬ ਹਾਂ ਪਰ ਚੋਰ ਨਹੀਂ।
ਮੰਦਰਾਂ ਦੇ ਟਲ ਖੜਕਾਵੇ,
ਗੁਰੂ ਪੀਰਾਂ ਦੇ ਨਾਮ ਧਿਆਵੇ ,
ਪਰ ਕਰਦਾ ਗੋਰ ਨਹੀਂ ।
ਰੱਬ ਵੀ ਤੈਥੋਂ ਕੋਹਾਂ ਦੂਰ ,
ਜੇ ਤੂੰ ਬੋਲੇ ਮਿੱਠੇ ਬੋਲ ਨਹੀਂ ।
ਕੀ ਹੋਇਆ ਗਰੀਬ ਹਾਂ ਪਰ ਚੋਰ ਨਹੀਂ।
ਪਾਉਂਦੇ ਨਹੀਂ ਅਸੀਂ ਨਿਤ ਨਵੇਂ ਬਾਣੇ,
ਸਾਡੀ ਕੋਈ ਬੱਲੇ ਬੱਲੇ ਤੇ ਟੋਹਰ ਨਹੀਂ।
ਪਰ ਜੋ ਸਾਨੂੰ ਬਖਸ਼ਿਆ ਰੱਬ ਨੇ,
ਸਬਰ ਉਹਦਾ ਕੋਈ ਤੋੜ ਨਹੀਂ।
ਕੀ ਹੋਇਆ ਗਰੀਬ ਹਾਂ ਪਰ ਚੋਰ ਨਹੀਂ।

**ਲੇਖਕ : ਨਵਦੀਪ ਕੌਰ** 672-272-3164

## ਅਸਤੀਫ਼ੇ ਹੀ ਅਸਤੀਫ਼ੇ

ਅਸਤੀਫ਼ੇ ਦੇਣ ਦੀ ਤੁਰ ਲੀਹ ਪਈ
ਖੜ੍ਹੇ ਪਰੋਈ ਵਾਂਗ ਲੜੀ ਬਾਬਾ।
ਇੱਕ ਪਿੱਛੋਂ ਹੋਏ ਤਿਆਰ ਬੜੇ,
ਰੁੱਕੇ ਹੱਥ ਵਿੱਚ ਖੜ੍ਹੇ ਫੜ੍ਹੀ ਬਾਬਾ।

ਪਾਟੀ ਬੋਰੀਉਂ ਡਿੱਗਣ ਗਾਜਰਾਂ ਜਿਉਂ,
ਆਉਂਦੇ ਵਾਰੋ ਵਾਰੀ ਚੜ੍ਹੀ ਬਾਬਾ।
ਵੇਖ ਨਿਕਲਦੇ ਜਾਂਦੇ ਹੱਥ ਹੇਠੋ,
ਜਾਂਦੇ ਆਕੜਖੋਰੇ ਡਰੀ ਬਾਬਾ।

ਬਾਗ਼ੀ ਹੋਣੋਂ ਜੋ ਸੀ ਬਚੇ ਰਹੇ,
ਖਿੱਦੋ ਉਹ ਵੀ ਜਾਂਦੇ ਮੜ੍ਹੀ ਬਾਬਾ।
ਅੱਜ ਨਹੀਂ ਤਾਂ ਕੱਲ੍ਹ ਭ਼ਲਕ ਤਾਈਂ,
ਲਾ ਦੇਣਗੇ ਅਸਤੀਫਾ ਝੜੀ ਬਾਬਾ।

ਵਾਰੋ ਵਾਰੀ ਜਾਣਗੇ ਕਿਰ ਸਾਰੇ,
ਜੇ ਬਾਂਹ ਨਾ ਕਿਸੇ ਫੜ੍ਹੀ ਬਾਬਾ।
ਜਾਊ ਖਾਲੀ ਹੋ ਮੈਦਾਨ 'ਭਗਤਾ',
ਆਉਣੀ ਕੰਮ ਨਾ ਕੀਤੀ ਤੜੀ ਬਾਬਾ।

**ਲੇਖਕ : ਬਰਾੜ-ਭਗਤਾ ਭਾਈ ਕਾ** 604-751-1113

## ਆ ਪੀੜਾਂ ਨੂੰ ਸਾਂਝਾ ਕਰੀਏ

ਆ ਪੀੜਾਂ ਨੂੰ ਸਾਂਝਾ ਕਰੀਏ, ਆ ਦੁੱਖਾਂ ਨੂੰ ਵੰਡੀਏ।
ਆਪਣੇ ਅੰਦਰ ਝਾਤੀ ਮਾਰੀਏ, ਲੋਕਾਂ ਨੂੰ ਕਿਉਂ ਭੰਡੀਏ।

ਚਿਹਰੇ ਦਿੱਸਣ ਮਖੌਟਿਆਂ ਵਾਲੇ, ਕਿਸ-ਕਿਸ ਦੇ ਨਾਲ ਲੜੀਏ।
ਆਪਣਾ ਆਪਾ ਟੁੱਟ ਨਾ ਜਾਵੇ, ਕਿਉਂ ਨਾ ਇਸ ਨਾਲ ਖੜੀਏ।

ਤੂੰ ਵੀ ਜਾਣੇ ਮੈਂ ਵੀ ਜਾਣਾ, ਮੋਹ ਪਿਆਰ ਦੀਆਂ ਬਾਤਾਂ।
ਫਿਰ ਵੀ ਦਿਨ ਕਿਉਂ ਐਨੇ ਸੱਖਣੇ, ਸੁੰਨੀਆਂ ਨੇ ਕਿਉਂ ਰਾਤਾਂ।

ਖੁਰ-ਖੁਰ ਜਾਵੇ, ਭੁਰ-ਭੁਰ ਜਾਵੇ, ਜਿੰਦ ਨਿਮਾਣੀ ਆਕੀ।
ਚਾਅ ਮੁਕਿਆਂ ਤੋਂ ਕੀ ਕਰਨੀ ਏਂ, ਮੁੱਠ ਹੱਡੀਆਂ ਦੀ ਬਾਕੀ।

ਬਾਹਰੋਂ ਦਿਸਦੇ ਹੱਸਦੇ ਚਿਹਰੇ, ਅੰਦਰੋਂ ਘੋਰ ਉਦਾਸੀ।
ਤਨ ਪੀੜਾਂ ਦੀ ਉਮਰ ਹੰਢਾਵੇ, ਤੜਫ਼ੇ ਰੂਹ ਪਿਆਸੀ।

ਨਕਲੀ ਭੇਸ ਮੁਲੱਮੇ ਵਾਲੇ, ਛਾਵਾਂ ਵਿੱਚ ਵੀ ਸੜਦੇ।
ਕੁੰਦਨ ਉਹੀਓ ਬਣਦੇ ਸੱਜਣਾ, ਜੋ ਅਗਨੀ ਵਿੱਚ ਖੜਦੇ।

ਆ ਪੀੜਾਂ ਨੂੰ ਸਾਂਝਾ ਕਰੀਏ, ਆ ਦੁੱਖਾਂ ਨੂੰ ਵੰਡੀਏ।
ਆਪਣੇ ਅੰਦਰ ਝਾਤੀ ਮਾਰੀਏ, ਲੋਕਾਂ ਨੂੰ ਕਿਉਂ ਭੰਡੀਏ।

**ਲੇਖਕ : ਦਲਜਿੰਦਰ ਰਹਿਲ**

## ਮਾਂ ਤੇ ਬੋਲੀ

"ਪੰਜਾਬੀ ਸਾਡੀ ਮਾਂ" ਜੋ ਕਹਿੰਦੀ
ਜੀਭ ਭਾਵੇਂ ਮਸ਼ੀਨ ਹੁੰਦੀ ਹੈ।
ਉਹ 'ਮਾਂ' ਅਤੇ ਪੰਜਾਬੀ ਬੋਲੀ
ਦੋਹਾਂ ਦੀ ਘੋਰ ਤੌਹੀਨ ਹੁੰਦੀ ਹੈ।

ਬੋਲੀ ਆਪਣੀ ਥਾਂ ਵਿੱਚ ਫਿਟ ਹੈ
ਮਾਂ ਦੀ ਆਪਣੀ ਥਾਂ ਹੁੰਦੀ ਹੈ,
ਅਨਪੜ੍ਹ ਭਾਵੇਂ ਲਿਖ ਨਾ ਸਕਦੀ
ਗੁੰਗੀ ਮਾਂ ਵੀ ਮਾਂ ਹੁੰਦੀ ਹੈ।

ਬੋਲੀ ਅਕਸਰ ਯੁੱਗ ਯੁੱਗ ਜਿਉਦੀ
ਮਾਂ ਜਾਨ ਇੱਕ ਪੀੜ੍ਹੀ ਵਿੱਚ ਹੈ,
ਬੋਲੀ ਕਿਸੇ ਦੀ ਮਾਂ ਜੇ ਹੋਵੇ
ਉਹ ਬੋਲੀ ਜਲਦੀ ਹੀ ਚਿੱਤ ਹੈ।

ਬੋਲੀ ਨੂੰ ਮਾਂ ਕਹਿਣਾ 'ਪਰਖਿਆਂ'
ਵਰਦਾਨ ਨਹੀਂ ਸਰਾਪ ਹੁੰਦਾ ਹੈ,
ਬੋਲੀ ਪੂਜਕਾਂ ਭਗਤ ਤੋਂ ਇਹ
ਪਾਪ ਆਪਣੇ ਆਪ ਹੁੰਦਾ ਹੈ।

ਪੂਜਾ ਨਾਲ ਨਹੀਂ ਬੋਲੀ ਬਚਦੀ
ਸਿਫ਼ਤਾਂ ਦੇ ਅੰਬਾਰ ਥੱਲੇ ਨਾ,
ਅੰਗਰੇਜ਼ੀ ਹਿੰਦੀ ਤੋਂ ਤਾਂ ਬਚ ਜਊ
ਪਾਖੰਡਾਂ ਪਰ ਭਾਰ ਥੱਲੇ ਨਾ।

ਪੰਜਾਬੀ ਜੇ ਬਚਾਉਣਾ ਚਾਹੀਏ
ਇਹਦੇ ਬਹਿ ਕੇ ਭਜਨ ਨਾ ਗਾਈਏ।
ਇਸ ਵਿੱਚ ਹੋਰ ਕਾਬਲੀਅਤ ਭਰੀਏ
ਇਹਨੂੰ ਅੱਜ ਦੇ ਹਾਣ ਦੀ ਕਰੀਏ।

ਇੱਧਰੋਂ ਉਧਰੋਂ ਜਿੱਥੇ ਵੀ ਲੱਭਣ
ਲੋੜੀਂਦੇ ਇਹਨੂੰ ਸ਼ਬਦ ਚਬਾਈਏ,
ਛੁੜਾ ਕੇ 'ਠੇਠਤਾ' ਚਿੱਚੜਾਂ ਕੋਲੋਂ
ਵਿਕਾਸ ਰਾਹੇ 'ਪੰਜਾਬੀ' ਪਾਈਏ।

**ਲੇਖਕ : ਡਾ. ਸੁਖਪਾਲ ਸੰਘੇੜਾ ਓਰਫ ਪਰਖ਼ਾ**

## ਬਸੰਤ ਦੀ ਆਮਦ

ਆ ਗਈ ਬਸੰਤ ਉੱਡ ਗਿਆ ਪਾਲਾ ਜੀ
ਕਰੋ ਨਹੀਂ ਹੁਣ ਕੋਈ ਘਾਲਾ-ਮਾਲਾ ਜੀ
ਪੱਤੀ ਪੱਤੀ ਅੱਜ ਫਿਰ ਨਸ਼ਿਆਈ ਏ
ਮਿੱਤਰ ਪਿਆਰਿਆਂ ਬਸੰਤ ਆਈ ਏ
ਧਰਤੀ ਦਾ ਕਣ ਕਣ ਮਹਿਕ ਗਿਆ ਏ
ਸੱਜਰੀ ਸਵੇਰ ਵਿਚ ਬਹਿਕ ਗਿਆ ਏ
ਹਰ ਖੁਸ਼ੀ ਚਾਰੇ ਪਾਸੇ ਚੱਲ ਆਈ ਏ
ਮਿੱਤਰ ਪਿਆਰਿਆਂ ਬਸੰਤ ਆਈ ਏ
ਆਸਮਾਨ ਅੱਜ ਫਿਰ ਗਿਆ ਰੰਗਿਆ
ਗੁੱਡੀ ਕੋਲੋ ਹਰ ਇਕ ਗੁੱਡਾ ਸੰਗਿਆ
ਉੱਚੇ ਅੰਬਰਾਂ ਤੇ ਮੱਚਗੀ ਦਹਾਈ ਏ
ਮਿੱਤਰ ਪਿਆਰਿਆਂ ਬਸੰਤ ਆਈ ਏ
ਪੀਲੇ-ਪੀਲੇ ਸਭ ਕੱਪੜੇ ਹੈ ਪਾਵਦੇ
ਖੁਸ਼ੀਆਂ ਦੇ ਵਿਚ ਸਾਰੇ ਗੀਤ ਗਾਵਦੇ
ਮੌਸਮ ਦੇ ਵਿਚ ਆਗੀ ਪਕਿਆਈ ਏ
ਮਿੱਤਰ ਪਿਆਰਿਆਂ ਬਸੰਤ ਆਈ ਏ

**ਲੇਖਕ : ਵੀਨਾ ਬਟਾਲਵੀ**
9463229499

## ਗ਼ਜ਼ਲ

ਹੁਣ ਤੈਥੋਂ ਕੋਈ ਆਸ ਰਹੀ ਨਾ,
ਆਮ ਰਹੀ ਨਾ ਖਾਸ ਰਹੀ ਨਾ।

ਜਦ ਦੇ ਉਜੜੇ ਜੋਬਨ ਰੁੱਤੇ,
ਵਸਲਾਂ ਦੀ ਕੋਈ ਸਾਖ ਰਹੀ ਨਾ।

ਸੱਚ ਜਾਣੀ ਹੁਣ ਦਿਲ ਸਾਡੇ ਨੂੰ,
ਇਹੋ ਜਿਹੀ ਕੋਈ ਝਾਕ ਰਹੀ ਨਾ।

ਦੁੱਖ ਵੀ ਕਾਹਦਾ ਜਦ ਦੀ ਸਾਨੂੰ,
ਭੁੱਖ ਰਹੀ ਨਾ ਪਿਆਸ ਰਹੀ ਨਾ।

ਜਾਤਾਂ-ਪਾਤਾਂ ਦਾ ਵੇਖਰੇ ਵਾਂ,
ਬੰਦੇ ਨੂੰ ਧਰਵਾਸ ਰਹੀ ਨਾ।

ਝੱਮਟ ਅੱਜ ਤੱਕ ਤੈਨੂੰ,
ਇਹੋ ਜਿਹੀ ਕੋਈ ਬਾਤ ਕਹੀ ਨਾ।

**ਲੇਖਕ : ਮਹਿੰਦਰ ਸਿੰਘ ਝੱਮਟ**
**ਸੰਪਰਕ :** 99158-98210

## ਪੰਜਾਬੀ ਬੋਲੀ

ਬਹਿ ਜੋ ਪਾਉਣਾ ਸ਼ੋਰ ਮਾੜਾ,
ਲੈ ਜਲਾਬ ਨ੍ਹਾਉਣ ਮਾੜਾ,
ਮਿੱਠੜੀ ਜ਼ਬਾਨ ਰਾਗ,
ਵਧੀਆ ਅਲਾਪਦੀ ।
ਸੋਗ ਵਿੱਚ ਗਾਉਣ ਮਾੜਾ,
ਵੈਰ ਨੂੰ ਵਧਾਉਣ ਮਾੜਾ,
ਰੱਖਣਾ ਲਿਹਾਜ਼,
ਗੱਲ ਕਰਨੀ ਮਿਲਾਪ ਦੀ ।
ਦੁਖੀ ਨੂੰ ਦੁਖਾਉਣ ਮਾੜਾ,
ਮਾੜਿਆਂ ਨੂੰ ਢਾਉਣ ਮਾੜਾ,
ਦੂਏ ਦੀ ਸ਼ਰਮ ਨੂੰ
ਸ਼ਰਮ ਜਾਣ ਆਪ ਦੀ ।
'ਬਾਬੂ ਜੀ' ਪੰਜਾਬੀ ਫਿਰੇ
ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ,
ਤੇਰੇ ਮਾਂ ਤੇ ਬਾਪ ਦੀ ।
ਬੈਂਗਲੋ ਬੰਗਾਲੀ ਬੋਲੇ,
ਪਸ਼ਤੋ ਪਠਾਣ ਬੋਲੇ,
ਆਪ ਦੀ ਜ਼ਬਾਨ 'ਚ,
ਕਿਤਾਬ ਲੋਕੀ ਛਾਪਦੀ ।
ਹਿੰਦੀ, ਅਰਬੀ ਤੇ ਤੀਜੀ ਫ਼ਾਰਸੀ
ਰਲਾ ਕੇ ਨਾਲ, ਏਸ ਵਜ੍ਹਾ
ਉਰਦੂ ਜ਼ਬਾਨ ਪਈ ਜਾਪਦੀ ।
ਘਚਲੀ ਜ੍ਹੀ ਬੋਲੀ ਛੱਡ,
ਚਲੇ ਗਏ ਵਲੈਤ ਗੋਰੇ,
ਚੜ੍ਹੀ 'ਵੀ ਜ਼ਹਿਰ ਤੈਨੂੰ,
ਅੰਗਰੇਜ਼ੀ ਸਾਂਪ ਦੀ ।
'ਬਾਬੂ ਜੀ' ਪੰਜਾਬੀ ਫਿਰੇ
ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ,
ਤੇਰੇ ਮਾਂ ਤੇ ਬਾਪ ਦੀ ।
ਕੋਟ ਸੀ ਬਨਾਉਣਾ ਫਿਰੇ,
ਨੀਕਰਾਂ ਦਾ ਮੇਚ ਲੈਂਦਾ,
ਲਿਆਉਣੀ ਸਲਵਾਰ ਤੇ
ਕਮੀਜ਼ ਲੈਂਦਾ ਫਿਰੇ ਨਾਪ ਦੀ ।
ਹੋਇਆ ਅਧਰੰਗ ਵੈਦ ਖੰਘ ਦੀ
ਦਵਾਈ ਕਰੇ, ਪੇਟ ਦੀ ਦਰਦ ਨੂੰ,
ਕਰੂ ਕੀ ਗੋਲੀ ਤਾਪ ਦੀ ।
ਮਾਦਰੀ ਜ਼ਬਾਨ ਛੱਡ,
ਗ਼ੈਰਾਂ ਦੇ ਮਗਰ ਲੱਗਾ,
ਏਦੂੰ ਵੱਧ ਬੇਵਕੂਫ਼ਾ
ਕਿਹੜੀ ਗੱਲ ਪਾਪ ਦੀ ।
'ਬਾਬੂ ਜੀ' ਪੰਜਾਬੀ ਫਿਰੇ
ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ,
ਤੇਰੇ ਮਾਂ ਤੇ ਬਾਪ ਦੀ ।
ਢੋਲ ਗੱਜ ਪਾਵੇ,
ਮਿੱਠੀ ਤੁੱਰਰੀ ਦੀ ਅਵਾਜ਼ ਹੁੰਦੀ,
ਰੇਲ ਚੀਕਾਂ ਮਾਰਦੀ,
ਡਰਾਉਣੀ 'ਵਾਜ਼ ਭਾਫ਼ ਦੀ ।
ਹਿਣਕੇ ਵਛੇਰਾ,
ਸ਼ੇਰ ਬੱਬਰ ਚੰਘਿਆੜੇ,
ਹੋਰ ਮੇਮਨੀ ਦੇ ਨਾਲ,
'ਵਾਜ ਰਲੇ ਨਾ ਗੜ੍ਹਾਪ ਦੀ ।
ਕੋਇਲ ਕੂ ਕੂ, ਕਰੇ ਸਦਾ,
ਆਪਣੀ ਜ਼ਬਾਨ ਵਿੱਚੋਂ,
ਬੁਲਬੁਲ ਆਪਣੀ
ਜ਼ਬਾਨ ਕਰਲਾਪ ਦੀ ।
'ਬਾਬੂ ਜੀ' ਪੰਜਾਬੀ ਫਿਰੇ
ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ,
ਤੇਰੇ ਮਾਂ ਤੇ ਬਾਪ ਦੀ ।

**ਲੇਖਕ : ਬਾਬੂ ਰਜਬ ਅਲੀ**

## ਗ਼ਜ਼ਲ

ਪਹਿਚਾਣ ਕਰਾਂਵਾਂਗੀ ਜਾਬਰ, ਦੁਰਗਾ ਹੀ ਮੈਂ ਔਰਤ ਹਾਂ
ਪੱਥਰ 'ਚੋ ਪੂਜ ਰਿਹੈਂ ਜਿਸਨੂੰ, ਓਹ ਸ਼ਕਤੀ ਮੈਂ ਔਰਤ ਹਾਂ
ਰਾਖਸ਼ ਦਾ ਸਿਰ ਕਲਮ ਕਰੇ ਜੋ, ਪਰਚੰਡ ਉਹੀ ਹਾਂ ਦੇਵੀ
ਪਹਿਨ ਹਿਜਾਬ ਬਣੀ ਹਾਂ ਕਾਲੀ, ਰਣ ਉਤਰੀ ਮੈਂ ਔਰਤ ਹਾਂ
ਮੰਨ ਮਰਦ ਹਾਰਾਂ ਨੇ ਗਿਰਦੇ , ਮੈਦਾਨੇ ਜੰਗ ਜਦੋਂ ਵੀ
ਚੰਡੀ ਬਣ ਮੌਤ ਬਣੀ ਤਦ ਹੀ, ਰਣ ਜੂਝੀ ਮੈਂ ਔਰਤ ਹਾਂ
ਰੂਪ ਜਵਾਲਾ ਨੈਣੀ ਅਗਨੀ, ਕਾਲ ਬਣੀ ਮੈਂ ਰੋਹ ਅੰਦਰ
ਥਰ ਥਰ ਕੰਬੇ ਅੰਬਰ ਧਰਤੀ, ਓਹ ਬਿਜਲੀ ਮੈਂ ਔਰਤ ਹਾਂ
ਖੁਦ ਅਦਲਾਤ ਬਣਾਂ ਆਖਿਰ ਮੈਂ, ਕਲਮ ਨਿਆਂ ਦੀ ਬਣ ਬਾਲੀ
ਜਾਤ ਨਹੀਂ ਮੇਰਾ ਮਹਜਬ ਨਾ, ਓਹ ਜਨਨੀ ਮੈਂ ਔਰਤ ਹਾਂ

**ਲੇਖਕ : ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ"**, +919465129168

## ਸਲਾਮ

ਬਿਨ ਮਸਲੇ ਹੀ ਟੁੱਟ ਗਏ ਜੋ, ਇਕਰਾਰਾ ਨੂੰ ਸਲਾਮ,
ਸ਼ਰਮ ਦੇ ਮਾਰੇ ਹੋ ਨਾ ਸਕੇ ਜੋ, ਇਜਹਾਰਾ ਨੂੰ ਸਲਾਮ,
ਟੁੱਟ ਗਏ ਜੋ ਲੁੱਟ ਗਏ, ਇਸ਼ਕ ਦੇ ਰਾਹਾਂ ਵਿੱਚ,
ਰੋਂਦੇ ਫਿਰਦੇ ਦੀਦ ਲਈ ਓਹਨਾ ਬਿਮਾਰਾ ਨੂੰ ਸਲਾਮ,
ਜਦੋਂ ਖਿੜਦੇ ਨੇ ਫੁੱਲ ਤੇ ਈਦ ਹੁੰਦੀ ਭੋਰੇ ਦੀ,
ਚਾਨਣੀ ਦੇ ਚੰਨ ਜਹੀਆਂ ਬਾਹਰਾ ਨੂੰ ਸਲਾਮ,
ਫੁੱਲਾਂ ਦੇ ਓਹਲੇ ਹੋ ਕੇ ਮਾਣੀਆਂ ਸੀ ਸ਼ਾਵਾਂ ਜੋਂ,
ਕਿੱਕਰਾਂ ਦੇ ਕੰਡੇ ਬਹਿ ਕੇ ਕਿਤੇ ਇੰਤਜ਼ਾਰ ਨੂੰ ਸਲਾਮ
ਕਿਸੇ ਦੀ ਇਮਨਾਤ ਬਣ ਗਈ ਤਾਜ ਕਿਸੇ ਹੋਰ ਦਾ,
ਪਿਆਰ ਲਈ ਬੇਵੱਸ ,ਓਹਨਾ ਲਚਾਰਾ ਨੂੰ ਸਲਾਮ,
ਤਿੱਖੇ ਖੂਨੀ ਕੰਢੇ ਵੀ ਜਿੱਥੇ ਫੁੱਲ ਜਹੇ ਜਾਪਦੇ,
ਸੱਜਣਾ ਦੇ ਪਿੰਡ ਨੂੰ ਜਾਂਦੇ ਸਬ ਰਾਹਾਂ ਨੂੰ ਸਲਾਮ,
ਜਿਹਦੀ ਬੁੱਕਲ ਚ ਨਿੱਘ ਮਾਣਦੇ ਨੇ ਆਸ਼ਿਕ,
ਓਸ ਦੋ ਜੋੜੀ ਦਿਆ ਹਾਰਾ ਨੂੰ ਵੀ ਸਲਾਮ,
ਨਿੱਖਰੀ ਹੋਈ ਚਿੱਟੀ ਦੇਹ ਉਤੇ ਲਾਉਂਦੇ ਚਾਰ ਚੰਨ ਜੋਂ,
ਸੁਰਖ਼ੀ ਤੇ ਮਹਿੰਦੀ ਜਹੇ ਸ਼ਿੰਗਾਰਾ ਨੂੰ ਸਲਾਮ,
ਹੱਕ ਕਿਸੇ ਹੋਰ ਦਾ ਤੇ ਹੱਥ ਕਿਸੇ ਹੋਰ ਦਾ,
ਇਕ ਮਹਿੰਦੀ ਤੇ ਦੋ ਨਾਂ ਵਾਲੀਆ ਨਾਰਾ ਨੂੰ,
ਕਪੜੇ ਖਾਤਿਰ, ਰੋਟੀ ਖਾਤਿਰ ਜਿਸਮ ਜਿੱਥੇ ਵਿੱਕਦਾ,
ਬਿਨਾਂ ਗੁਨਾਹ ਤੋ ਬਦਨਾਮ ਹੋਏ ਬਜ਼ਾਰਾਂ ਨੂੰ ਸਲਾਮ

**ਲੇਖਕ : ਜਸਵਿੰਦਰ ਭਟੋਆ**

## ਜਜ਼ਬਾਤ ਬਦਲਦੇ ਰਹਿੰਦੇ ਨੇ

ਮਨ ਅੰਦਰ ਲਾਲਚ ਭਰਿਆ ਏ, ਨਾ ਸਬਰ ਸ਼ੁਕਰ ਦੀ ਗੱਲ ਕੋਈ
ਅੱਜ ਏਸੇ ਲਈ ਪਲ ਪਲ ਉੱਤੇ, ਜਜ਼ਬਾਤ ਬਦਲਦੇ ਰਹਿੰਦੇ ਨੇ

ਇਸ ਮਤਲਬਖ਼ੋਰੀ ਦੁਨੀਆਂ ਵਿੱਚ, ਐਸੇ ਵੀ ਮਤਲਬਖ਼ੋਰ ਬੜੇ
ਛੱਡ ਆਪਣੇ ਧਰਮ ਨੂੰ ਮਤਲਬ ਲਈ, ਜੋ ਜਾਤ ਬਦਲਦੇ ਰਹਿੰਦੇ ਨੇ

ਧਰਤੀ ਸੂਰਜ ਘੁੰਮਦੇ ਰਹਿੰਦੇ, ਦਿਨ ਰਾਤ ਬਣਾਵਣ ਦੀ ਖਾਤਿਰ
ਘੁੰਮਦੇ ਹੋਏ ਲੀਡਰਾਂ ਦੇ ਵਾਅਦੇ, ਦਿਨ ਰਾਤ ਬਦਲਦੇ ਰਹਿੰਦੇ ਨੇ

ਉਹਨਾ ਨੂੰ ਮਿਲਣੇ ਦਾ ਰੱਖਿਆ, ਜੋ ਦਿਲ 'ਚੋਂ ਕੱਢ ਖਿਆਲ ਦੇਵੀਂ
ਮਿਲਣੇ ਦੇ ਲਾਰੇ ਲਾ ਕੇ ਜੋ, ਮੁਲਾਕਾਤ ਬਦਲਦੇ ਰਹਿੰਦੇ ਨੇ

ਕੁਖ਼ਿਆਤ ਅਪਰਾਧੀ ਹੁੰਦੇ ਨੇ, ਜੋ ਖ਼ਤਰਾ ਦੇਸ਼ ਤੇ ਦੁਨੀਆਂ ਲਈ
ਅਫ਼ਸਰ ਸਰਕਾਰੀ ਓਹਨਾ ਦੀ, ਹਵਾਲਾਤ ਬਦਲਦੇ ਰਹਿੰਦੇ ਨੇ

ਓਏ "ਖੁਸ਼ੀ ਮੁਹੰਮਦਾ" ਯਾਰ ਉਹੋ, ਹੁੰਦੇ ਵਿਸ਼ਵਾਸ ਦੇ ਕਾਬਿਲ ਨਹੀਂ
ਜੋ ਗੱਲ ਗੱਲ ਉੱਤੇ ਹਰ ਵੇਲੇ, ਗੱਲਬਾਤ ਬਦਲਦੇ ਰਹਿੰਦੇ ਨੇ

**ਲੇਖਕ : ਖੁਸ਼ੀ ਮੁਹੰਮਦ "ਚੱਠਾ", ਸੰਪਰਕ :** 97790-25356

# ਨਾਰੀ ਸੰਸਾਰ

## ਔਰਤ ਦੀ ਦੋਹਰੀ ਜ਼ਿੰਮੇਵਾਰੀ ਦੀਆਂ ਚੁਣੌਤੀਆਂ



ਲੇਖਕ : ਪ੍ਰੋ. ਕੁਲਜੀਤ ਕੌਰ ਅਠਵਾਲ

ਅਜੋਕੇ ਤੇਜ਼ ਰਫ਼ਤਾਰੀ ਅਤੇ ਭੌਤਿਕਵਾਦੀ ਯੁੱਗ ਵਿਚ ਔਰਤ ਮਰਦ ਦੇ ਨਾਲ ਆਰਥਿਕਤਾ ਵਿਚ ਹੱਥ ਵੰਡਾ ਰਹੀ ਹੈ। ਭਾਵੇਂ ਅੱਜ ਦੀ ਔਰਤ, ਡਾਕਟਰ, ਇੰਜੀਨੀਅਰ, ਪ੍ਰੋਫ਼ੈਸਰ, ਅਫਸਰ ਆਦਿ ਵੱਡੇ-ਵੱਡੇ ਰੁਤਬਿਆਂ ਨੂੰ ਨਿਭਾਅ ਰਹੀ ਹੈ ਪਰ ਉਹ ਗ੍ਰਹਿਲਕਸ਼ਮੀ ਜਾਂ ਗ੍ਰਹਿਣੀ/ਸੁਆਣੀ ਵਰਗੇ ਅਹੁਦਿਆਂ ਨੂੰ ਵੀ ਨਾਲ-ਨਾਲ ਨਿਭਾਅ ਰਹੀ ਹੈ। ਭਾਵੇਂ ਉਹ ਵੱਡੇ ਤੋਂ ਵੱਡੇ ਰੁਤਬੇ 'ਤੇ ਹੋਵੇ ਤੇ ਬਹੁਤ ਸਾਰਾ ਪੈਸਾ ਕਮਾਉਣ ਦੀ ਸਮਰੱਥਾ ਰੱਖਦੀ ਹੋਵੇ, ਫਿਰ ਵੀ ਬੱਚੇ ਪੈਦਾ ਕਰਨਾ, ਉਨ੍ਹਾਂ ਦੀ ਪਾਲਣਾ ਕਰਨਾ, ਉਨ੍ਹਾਂ ਦੀ ਪੜ੍ਹਾਈ-ਲਿਖਾਈ ਵਿਚ ਉਨ੍ਹਾਂ ਦੀ ਮਦਦ ਕਰਨਾ, ਰਸੋਈ ਦਾ ਕੰਮ, ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਸਾਰਾ ਕੁਝ ਔਰਤ ਦੇ ਹਿੱਸੇ ਆਇਆ ਹੈ। ਹੋ ਸਕਦਾ ਹੈ ਕੁਝ ਕੁ ਔਰਤਾਂ ਇਹੋ ਜਿਹੀਆਂ ਹੋਣ, ਜਿਹੜੀਆਂ ਘਰ ਵਿਚ ਭਾਵੇਂ ਕੁਝ ਵੀ ਹੋਵੇ, ਉਸ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਨੌਕਰੀ ਉੱਪਰ ਵਧੇਰੇ ਧਿਆਨ ਦਿੰਦੀਆਂ ਹਨ ਪਰ ਵਧੇਰੇ ਕਰਕੇ ਔਰਤਾਂ ਦਾ ਸੁਭਾਅ ਅਜਿਹਾ ਹੁੰਦਾ ਹੈ ਕਿ ਉਹ ਆਪਣੀਆਂ ਪਰਿਵਾਰਕ, ਸਮਾਜਿਕ ਅਤੇ ਦਫ਼ਤਰੀ ਜ਼ਿੰਮੇਵਾਰੀਆਂ ਵਿਚ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਿਚ ਲੱਗੀਆਂ ਰਹਿੰਦੀਆਂ ਹਨ। ਇਹ ਦੋਵੇਂ ਕੰਮ ਕਿਸ ਤਰ੍ਹਾਂ ਸੁਭਾਵਿਕ ਢੰਗ ਨਾਲ ਕੀਤੇ ਜਾ ਸਕਣ, ਇਸ ਵਾਸਤੇ ਥੋੜ੍ਹੀ ਜਿਹੀ ਸੂਝ-ਸਮਝ ਤੋਂ ਕੰਮ ਲਿਆ ਜਾਵੇ ਤਾਂ ਔਰਤ ਘਰ ਨੂੰ ਖ਼ੁਸ਼ਹਾਲ ਅਤੇ ਆਪਣੀ ਨੌਕਰੀ ਨੂੰ ਬੜੇ ਅਨੰਦ ਤੇ ਖੁਸ਼ੀ ਨਾਲ ਨਿਭਾਅ ਸਕਦੀ ਹੈ।

ਕੰਮਕਾਜੀ ਔਰਤਾਂ ਵਿਚ ਕੁਝ ਅਜਿਹੀਆਂ ਔਰਤਾਂ ਹੋਣਗੀਆਂ, ਜਿਨ੍ਹਾਂ ਦੇ ਕੋਲ ਸਹਾਇਕ ਵੀ ਮੌਜੂਦ ਹੁੰਦੇ ਹਨ ਜਾਂ ਫਿਰ ਸੰਯੁਕਤ ਪਰਿਵਾਰਾਂ ਵਿਚ ਜੇਠਾਣੀ, ਸੱਸ ਜਾਂ ਕੋਈ ਹੋਰ ਔਰਤ ਵੀ ਸਹਾਇਤਾ ਕਰ ਸਕਦੀ ਹੈ। ਕੁਝ ਔਰਤਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਸਾਰਾ ਕੰਮ ਆਪ ਹੀ ਕਰਨਾ ਪੈਂਦਾ ਹੈ। ਉਨ੍ਹਾਂ ਦੇ ਪਤੀ ਜਾਂ ਬੱਚੇ ਥੋੜ੍ਹਾ ਸਹਿਯੋਗ ਜ਼ਰੂਰ ਦਿੰਦੇ ਹਨ। ਬਿਨਾਂ ਕਿਸੇ ਦੇ ਸਹਿਯੋਗ ਤੋਂ ਨੌਕਰੀ ਕਰਨਾ ਅਤੇ ਘਰ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਤੇ ਵਧੀਆ ਰੱਖਣਾ ਨੌਕਰੀਸ਼ੁਦਾ ਔਰਤ ਲਈ ਵੱਡੀ ਚੁਣੌਤੀ ਹੈ।

ਜੇਕਰ ਘਰ ਵਿਚ ਪੱਕਾ ਜਾਂ ਪਾਰਟ ਟਾਈਮ ਸਹਾਇਕ ਹੈ ਤਾਂ ਉਸ ਨੂੰ ਕੰਮ ਕਰਨ ਦਾ ਤਰੀਕਾ ਸਿਖਾ ਕੇ ਆਪਣੀ ਲੋੜ ਅਨੁਸਾਰ ਕੰਮ ਲਿਆ ਜਾ ਸਕਦਾ ਹੈ, ਜਿਸ ਨਾਲ ਨੌਕਰੀਸ਼ੁਦਾ ਔਰਤਾਂ ਆਪਣੇ ਕੰਮਕਾਜ ਲਈ ਜਾਣ ਤੋਂ ਪਹਿਲਾਂ ਕਾਫੀ ਕੰਮ ਨਿਪਟਾ ਸਕਦੀਆਂ ਹਨ। ਰਾਤ ਨੂੰ ਸੌਣ ਤੋਂ ਪਹਿਲਾਂ ਸਵੇਰ ਦੇ ਨਾਸ਼ਤੇ ਤੇ ਦੁਪਹਿਰ ਦੇ ਖਾਣੇ ਦੀ ਸਹੀ ਯੋਜਨਾ ਅਤੇ ਤਿਆਰੀ ਕਰ ਕੇ ਕਾਫ਼ੀ ਹੱਦ ਤੱਕ ਆਪਣੇ ਨੌਕਰੀਸ਼ੁਦਾ ਜੀਵਨ ਨੂੰ ਆਸਾਨ ਬਣਾਇਆ ਜਾ ਸਕਦਾ ਹੈ।

ਜੇਕਰ ਬੱਚੇ ਵੱਡੇ ਹਨ ਤਾਂ ਉਨ੍ਹਾਂ ਨੂੰ ਆਪਣੇ ਕੰਮ ਆਪ ਕਰਨ ਦੀ ਆਦਤ ਪਾ ਕੇ ਅਸੀਂ ਕਾਫ਼ੀ ਹੱਦ ਤੱਕ ਆਪਣੀਆਂ ਮੁਸ਼ਕਿਲਾਂ ਘਟਾ ਸਕਦੇ ਹਾਂ ਤੇ ਸਮਾਂ ਬਚਾਅ ਸਕਦੇ ਹਾਂ। ਕੰਮਕਾਜੀ ਔਰਤਾਂ ਲਈ ਆਪਣੇ ਆਂਢ-ਗੁਆਂਢ ਨਾਲ ਸਬੰਧ ਵਧੀਆ ਬਣਾ ਕੇ ਰੱਖਣਾ ਲੋੜ ਵੀ ਹੈ ਤੇ ਮਜਬੂਰੀ ਵੀ ਤਾਂ ਕਿ ਜ਼ਰੂਰਤ ਪੈਣ 'ਤੇ ਕੋਈ ਕੰਮ ਆ ਸਕੇ। ਜੇਕਰ ਬੱਚੇ ਛੋਟੇ ਹਨ, ਕਿਸੇ ਸਹਾਇਕ ਜਾਂ ਆਯਾ ਕੋਲ ਛੱਡਣੇ ਪੈਂਦੇ ਹਨ ਤਾਂ ਉਨ੍ਹਾਂ ਦਾ ਸਹੀ ਪ੍ਰਬੰਧ (ਖਾਣ-ਪੀਣ ਅਤੇ ਪਹਿਨਣ ਦਾ) ਕਰ ਕੇ ਹੀ ਜਾਣਾ ਚਾਹੀਦਾ ਹੈ। ਆਪਣਾ ਕੀਮਤੀ ਸਾਮਾਨ ਆਪਣੀਆਂ ਅਲਮਾਰੀਆਂ ਵਿਚ ਹੀ ਰੱਖੋ। ਬੱਚਿਆਂ ਦੇ ਭਰੋਸੇ 'ਤੇ ਨਾ ਛੱਡ ਕੇ ਜਾਓ। ਨੌਕਰੀਪੇਸ਼ਾ ਔਰਤਾਂ ਲਈ ਸਭ ਤੋਂ ਵੱਡੀ ਚੁਣੌਤੀ ਹੁੰਦੀ ਹੈ ਘਰ ਦੇ ਬਜ਼ੁਰਗਾਂ ਅਤੇ ਬੱਚਿਆਂ ਦੀ ਦੇਖਭਾਲ।

ਜੇਕਰ ਘਰ ਵਿਚ ਕਿਚਨ ਗਾਰਡਨ ਜਾਂ ਗਮਲੇ ਪੌਦੇ ਲਗਾ ਕੇ ਰੱਖੇ ਹੋਏ ਹਨ ਤਾਂ ਉਨ੍ਹਾਂ ਦੀ ਦੇਖ-ਰੇਖ ਲਈ ਛੁੱਟੀ ਵਾਲੇ ਦਿਨ 'ਚੋਂ ਥੋੜ੍ਹਾ ਸਮਾਂ ਕੱਢਿਆ ਜਾ ਸਕਦਾ ਹੈ। ਛੁੱਟੀ ਵਾਲੇ ਦਿਨ ਦਾ ਸਹੀ ਉਪਯੋਗ ਕਰ ਕੇ ਘਰ ਦੀ ਸਾਫ਼-ਸਫ਼ਾਈ, ਝਾੜ-ਪੂੰਝ ਵਿਚ ਸਹਾਇਕ ਜਾਂ ਘਰ ਦੇ ਹੋਰ ਜੀਆਂ ਦੀ ਮਦਦ ਲਈ ਜਾ ਸਕਦੀ ਹੈ। ਨੌਕਰੀਪੇਸ਼ਾ ਔਰਤਾਂ ਨੂੰ ਘਰ ਅਤੇ ਆਪਣੇ ਕੰਮ ਦੀ ਦੋਹਰੀ ਜ਼ਿੰਮੇਵਾਰੀ ਨਿਭਾਉਣ ਲਈ ਪਤੀ, ਬੱਚਿਆਂ ਅਤੇ ਘਰ ਦੇ ਹੋਰ ਜੀਆਂ ਤੋਂ ਸਹਿਯੋਗ ਦੀ ਬੜੀ ਉਮੀਦ ਹੁੰਦੀ ਹੈ। ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਹਿਯੋਗ ਦੇ ਕੇ ਕੰਮਕਾਜੀ ਔਰਤਾਂ ਲਈ ਮਦਦਗਾਰ ਸਾਬਤ ਹੋਣ, ਕਿਉਂਕਿ ਉਹ ਘਰ ਦੀ ਆਰਥਿਕ ਸਥਿਤੀ ਨੂੰ ਸੰਵਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਕੰਮਕਾਜੀ ਔਰਤਾਂ ਦੀ ਜ਼ਿੰਦਗੀ ਵਿਚ ਘਰੇਲੂ ਔਰਤਾਂ ਦੇ ਮੁਕਾਬਲੇ ਵਿਚ ਆਪਣੇ ਲਈ ਸਮੇਂ ਦੀ ਕਮੀ ਹੁੰਦੀ ਹੈ ਪਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਮਾਂ ਕੱਢ ਕੇ ਸਰੀਰਕ ਅਤੇ ਮਾਨਸਿਕ ਸਿਹਤ ਦਾ ਧਿਆਨ ਰੱਖਿਆ ਜਾਵੇ। ਕਸਰਤ, ਯੋਗਾ, ਸਾਈਕਲਿੰਗ ਦੀ ਸਹਾਇਤਾ ਲਈ ਜਾ ਸਕਦੀ ਹੈ। ਕਿਉਂਕਿ ਨੌਕਰੀਪੇਸ਼ਾ ਔਰਤਾਂ ਦੀ ਜ਼ਿੰਦਗੀ ਵਿਚ ਤਣਾਅ ਦੀਆਂ ਸੰਭਾਵਨਾਵਾਂ ਅਤੇ ਸਥਿਤੀਆਂ ਵਧੇਰੇ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਿਹਤ ਪ੍ਰਤੀ ਚੌਕਸੀ ਵਰਤਣ ਅਤੇ ਸਮੇਂ-ਸਮੇਂ ਆਪਣਾ ਚੈਕਅੱਪ ਕਰਵਾਉਂਦੀਆਂ ਰਹਿਣ। ਪਰਿਵਾਰ ਨਾਲ ਛੁੱਟੀ ਵਾਲੇ ਦਿਨ ਸਮਾਂ ਬਿਤਾ ਕੇ ਵੀ ਆਪਣੀਆਂ ਚਿੰਤਾਵਾਂ ਅਤੇ ਤਣਾਅ ਘੱਟ ਕੀਤੇ ਜਾ ਸਕਦੇ ਹਨ। ਨੌਕਰੀਪੇਸ਼ਾ ਔਰਤਾਂ ਦੀ ਮਦਦ ਲਈ ਬਹੁਤ ਸਾਰੇ ਅਜਿਹੇ ਬਿਜਲੀ ਉਪਕਰਨ ਆ ਚੁੱਕੇ ਹਨ, ਜੋ ਉਨ੍ਹਾਂ ਦਾ ਸਮਾਂ ਅਤੇ ਊਰਜਾ ਬਚਾਅ ਸਕਦੇ ਹਨ। ਅਜਿਹੇ ਉਪਕਰਨਾਂ ਨੂੰ ਖਰੀਦਣਾ ਆਪਣੀਆਂ ਮੁਢਲੀਆਂ ਲੋੜਾਂ 'ਚ ਸ਼ਾਮਿਲ ਕਰ ਕੇ ਨੌਕਰੀਪੇਸ਼ਾ ਔਰਤਾਂ ਆਪਣੀ ਜ਼ਿੰਦਗੀ ਸੌਖੀ ਬਣਾ ਸਕਦੀਆਂ ਹਨ।

ਇਸ ਤਰ੍ਹਾਂ ਸਮੇਂ ਦਾ ਸਹੀ ਉਪਯੋਗ ਕਰ ਕੇ ਰਿਸ਼ਤਿਆਂ ਵਿਚ ਸੁਖਾਵਾਂਪਨ ਲਿਆ ਕੇ ਪਰਿਵਾਰਕ ਲੋੜਾਂ ਅਤੇ ਜ਼ਿੰਮੇਵਾਰੀਆਂ ਦਾ ਧਿਆਨ ਰੱਖ ਕੇ ਅਤੇ ਪਰਿਵਾਰ ਦੇ ਹੋਰ ਜੀਆਂ ਦੇ ਸਹਿਯੋਗ ਸਦਕਾ ਨੌਕਰੀਪੇਸ਼ਾ ਔਰਤਾਂ ਆਪਣੀਆਂ ਦੋਹਰੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਅ ਸਕਦੀਆਂ ਹਨ। ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖ ਕੇ ਤਣਾਅ ਮੁਕਤ ਰਿਹਾ ਜਾ ਸਕਦਾ ਹੈ। ਗ੍ਰਹਿਸਥੀ ਅਤੇ ਨੌਕਰੀ ਦੋਵਾਂ ਕੰਮਾਂ ਨੂੰ ਖ਼ੂਬਸੂਰਤ ਤੇ ਅਨੰਦਮਈ ਢੰਗ ਨਾਲ ਨਿਭਾਇਆ ਜਾ ਸਕਦਾ ਹੈ।

## ਹੱਥਾਂ ਦੀ ਸੁੰਦਰਤਾ ਬਣਾਈ ਰੱਖਣ ਲਈ ਅਪਣਾਓ ਇਹ ਟਿਪਸ




ਸੁਮਿੱਤਰਾ ਯਾਦਵ

ਹਮੇਸ਼ਾ ਸਾਡੇ ਵਲੋਂ ਕੀਤਾ ਜਾਣ ਵਾਲਾ ਜ਼ਿਆਦਾਤਰ ਕੰਮ ਹੱਥਾਂ ਨਾਲ ਹੀ ਹੁੰਦਾ ਹੈ। ਸਾਨੂੰ ਚਾਹੀਦਾ ਹੈ ਕਿ ਹੱਥਾਂ ਨੂੰ ਸਿਹਤਮੰਦ ਅਤੇ ਸੁੰਦਰ ਬਣਾਈ ਰੱਖਣ ਲਈ ਲਗਾਤਾਰ ਦੇਖਭਾਲ ਕਰਦੇ ਰਹੀਏ।

- ਪੋਚਾ ਲਗਾਉਣ, ਭਾਂਡੇ ਤੇ ਕੱਪੜੇ ਧੋਣ ਅਤੇ ਸਫ਼ਾਈ ਆਦਿ ਕਰਦੇ ਰਹਿਣ ਨਾਲ ਖ਼ਾਸ ਗ੍ਰਹਿਣੀਆਂ ਦੇ ਹੱਥਾਂ ਵਿਚ ਦਰਾਰਾਂ ਪੈ ਜਾਂਦੀਆਂ ਹਨ ਅਤੇ ਕੱਟੇ-ਫਟੇ ਦੇ ਨਿਸ਼ਾਨ ਉੱਭਰ ਆਉਂਦੇ ਹਨ। ਇਥੇ ਆਮ ਕਰ ਕੇ ਹੱਥਾਂ ਦੇ ਰੱਖ-ਰਖਾ ਬਾਰੇ ਕੁਝ ਨੁਸਖੇ ਦੱਸ ਰਹੇ ਹਾਂ ਜਿਨ੍ਹਾਂ ਨੂੰ ਅਜ਼ਮਾ ਕੇ ਕੋਈ ਵੀ ਕਹਿ ਉਠੇਗਾ ਵਾਹ! ਕਿੰਨੇ ਸੁੰਦਰ ਹੱਥ ਹਨ।
- ਕੰਮ ਚਾਹੇ ਜੋ ਵੀ ਹੋਵੇ, ਪੂਰਾ ਹੋਣ ਤੋਂ ਬਾਅਦ ਹੱਥਾਂ ਦੀ ਚੰਗੀ ਤਰ੍ਹਾਂ ਸਫਾਈ ਕਰੋ।
- ਜੇਕਰ ਸਮਾਂ ਹੈ ਤਾਂ ਗਰਮ ਅਤੇ ਠੰਢੇ ਪਾਣੀ ਵਿਚ ਥੋੜ੍ਹੀ-ਥੋੜ੍ਹੀ ਦੇਰ ਹੱਥਾਂ ਨੂੰ ਡੁਬੋਈ ਰੱਖੋ। ਇਸ ਨਾਲ ਹੱਥਾਂ ਵਿਚ ਜੰਮੀ ਮੈਲ ਦੀ ਪਰਤ ਨਿਕਲ ਜਾਵੇਗੀ। ਦੋਵਾਂ ਹਥੇਲੀਆਂ ਨੂੰ ਇਕ ਦੂਜੇ ਵਿਚ ਫਸਾ ਕੇ ਰਗੜੋ। ਫਿਰ ਸਾਫ਼ ਪਾਣੀ ਨਾਲ ਧੋ ਲਓ।
- ਉਂਗਲੀਆਂ ਦੇ ਨਹੁੰਆਂ ਦੇ ਨਾਲ ਪੈਰਾਂ ਦੀ ਵੀ ਚੰਗੀ ਤਰ੍ਹਾਂ ਸਫ਼ਾਈ ਕਰੋ। ਸੁੱਕ ਜਾਣ 'ਤੇ ਕੋਈ ਕ੍ਰੀਮ ਮਲ ਲਓ।
- ਨਹੁੰਆਂ 'ਤੇ ਮੈਚ ਹੁੰਦੀ ਨੇਲ ਪਾਲਿਸ਼ ਲਗਾਓ।

ਲਓ, ਥੋੜ੍ਹੇ ਹੀ ਸਮੇਂ ਵਿਚ ਤੁਹਾਡੇ ਹੱਥਾਂ ਵਿਚ ਸੁੰਦਰਤਾ ਛਾ ਜਾਵੇਗੀ। ਹੱਥਾਂ ਦੀ ਲਗਾਤਾਰ ਦੇਖਭਾਲ ਜ਼ਰੂਰੀ ਹੈ। ਮਲਾਈ ਬੇਸਨ ਨਾਲ ਬਣਿਆ ਬਟਨਾ ਲਗਾਓ। ਸੰਗਤਰਾ ਜਾਂ ਨਿੰਬੂ ਦਾ ਛਿਲਕਾ ਹੱਥਾਂ 'ਤੇ ਰਗੜਦੇ ਰਹੋ, ਮੁਲਤਾਨੀ ਮਿੱਟੀ ਦਾ ਪੇਸਟ ਬਣਾ ਕੇ ਹੱਥਾਂ 'ਤੇ ਲਗਾ ਲਓ। ਸੁੱਕ ਜਾਣ 'ਤੇ ਹਲਕੇ ਕੋਸੇ ਪਾਣੀ ਨਾਲ ਧੋ ਲਓ। ਇਸ ਤੋਂ ਇਲਾਵਾ ਜੇਕਰ ਤੁਸੀਂ ਚਾਹੋ ਤਾਂ ਨੇੜਲੇ ਬਿਊਟੀ ਪਾਰਲਰ ਤੋਂ ਮੈਨੀਕਿਓਰ ਕਰਵਾ ਕੇ ਹੱਥਾਂ ਦੀ ਖੂਬਸੂਰਤੀ ਬਣਾਈ ਰੱਖ ਸਕਦੇ ਹੋ।

## ਆ ਜਾਵੇ ਜੇ ਜ਼ਿੰਦਗੀ ਜਿਊਣ ਦਾ ਸਲੀਕਾ



ਲੇਖਕ : ਅਮਰਜੀਤ ਬਰਾੜ,
ਮੋਬਾ: 94179-4907


ਜੋ ਕਿਸੇ ਤੋਂ ਪ੍ਰੇਰਿਤ ਨਹੀਂ ਹੁੰਦੇ, ਉਹ ਕਿਸੇ ਲਈ ਵੀ ਪ੍ਰੇਰਨਾ ਨਹੀਂ ਬਣਦੇ। ਜਿਹੜੇ ਸਾਡੇ ਰਸਤੇ ਵਿਚ ਕੰਡੇ ਵਿਛਾਉਂਦੇ ਹਨ, ਅਕਸਰ ਉਨ੍ਹਾਂ ਕਰਕੇ ਹੀ ਅਸੀਂ ਤੁਰਨ ਦੀ ਜਾਚ ਸਿੱਖਦੇ ਹਾਂ। ਰਸਤੇ ਦੇ ਕੰਡਿਆਂ ਕਾਰਨ ਅਸੀਂ ਸਿੱਖ ਜਾਂਦੇ ਹਾਂ ਕਿ ਪੈਰ ਕਿੱਥੇ ਰੱਖਣਾ ਹੈ, ਆਪਣੇ ਕਦਮਾਂ ਨੂੰ ਕਿੱਥੇ ਰੋਕਣਾ ਹੈ ਅਤੇ ਕਿਥੇ ਪੈਰ ਨਹੀਂ ਰੱਖਣਾ। ਇੱਛਾ ਸ਼ਕਤੀ ਜਿੰਨੀ ਵੱਧ ਮਜ਼ਬੂਤ ਹੁੰਦੀ ਹੈ, ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਓਨੀ ਵੱਧ ਹੁੰਦੀ ਹੈ। ਮੰਜ਼ਿਲਾਂ ਨੂੰ ਪਾਉਣ ਦੀ ਜ਼ਿਦ ਅੱਗੇ ਅਕਸਰ ਮੁਸ਼ਕਿਲਾਂ ਸਿਰ ਝੁਕਾ ਲੈਂਦੀਆਂ ਹਨ। ਆਪਣੇ-ਆਪ 'ਤੇ ਭਰੋਸਾ ਜਿੰਨਾ ਵੱਧ ਹੋਵੇਗਾ, ਨਿਰਾਸ਼ਾ ਓਨੀ ਹੀ ਘੱਟ ਹੁੰਦੀ ਹੈ। ਦਿਲ ਜਿੰਨਾ ਵੱਧ ਮਜ਼ਬੂਤ ਹੁੰਦਾ ਹੈ, ਸਬਰ ਓਨਾ ਹੀ ਵੱਡਾ ਹੁੰਦਾ ਹੈ। ਬਿਨਾਂ ਮਨੋਰਥ ਤੋਂ ਜ਼ਿੰਦਗੀ ਬਿਨਾਂ ਪਤਾ ਲਿਖੀ ਚਿੱਠੀ ਵਾਂਗ ਹੈ, ਜੋ ਕਿਤੇ ਨਹੀਂ ਪਹੁੰਚਦੀ। ਦਿਲ ਅਤੇ ਰੂਹ ਨਾਲ ਕੀਤੇ ਕੰਮਾਂ ਵਿਚੋਂ ਖ਼ੁਸ਼ੀ ਮਿਲਦੀ ਹੈ ਅਤੇ ਖ਼ੁਸ਼ੀ ਨਾਲ ਕੀਤੇ ਕੰਮਾਂ ਵਿਚੋਂ ਸਫਲਤਾ। ਕਈ ਵਾਰ ਵਖ਼ਤ ਹੀ ਵਕਤ ਦੀ ਪਛਾਣ ਕਰਵਾਉਂਦਾ ਹੈ। ਜ਼ਿੰਦਗੀ ਦੇ ਕੀ ਅਨੁਭਵ ਬਹੁਤ ਮਹਿੰਗੇ ਮਿਲਦੇ ਹਨ ਪਰ ਇਹ ਮਹਿੰਗੇ ਅਨੁਭਵ ਜ਼ਿੰਦਗੀ ਦੀ ਕੀਮਤ ਵਿਚ ਵੀ ਵਾਧਾ ਕਰਦੇ ਹਨ। ਤੁਹਾਡੀ ਕਿਸਮਤ ਤੁਹਾਡਾ ਫੈਸਲਾ ਨਹੀਂ ਬਦਲ ਸਕਦੀ ਪਰ ਤੁਹਾਡਾ ਫੈਸਲਾ ਤੁਹਾਡੀ ਕਿਸਮਤ ਜ਼ਰੂਰ ਬਦਲ ਦਿੰਦਾ ਹੈ। ਜੇਕਰ ਸਾਨੂੰ ਚੰਗੇ ਅਤੇ ਬੁਰੇ ਦੀ ਪਹਿਚਾਣ ਕਰਨੀ ਆ ਜਾਵੇ ਤਾਂ ਸਾਡਾ ਯਕੀਨ ਸਾਨੂੰ ਕਦੇ ਵੀ ਧੋਖਾ ਨਹੀਂ ਦਿੰਦਾ। ਆਪਣੇ-ਆਪ 'ਤੇ ਪ੍ਰਾਪਤ ਕੀਤੀ ਜਿੱਤ ਅਜਿਹੀ ਜਿੱਤ ਹੈ, ਜਿਸ ਨੂੰ ਕੋਈ ਖੋਹ ਨਹੀਂ ਸਕਦਾ।

ਆਪਣੀ ਸਮਰੱਥਾ ਅਤੇ ਯੋਗਤਾ ਦਾ ਗਿਆਨ ਸਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਆਪਣਾ ਕੰਮ ਆਪ ਕਰਨ ਦੀ ਰੀਝ, ਆਪਣਾ ਕੋਈ ਕੰਮ ਦੂਜਿਆਂ ਕੋਲੋਂ ਕਰਵਾਉਣ ਦਾ ਹੁਨਰ, ਦੂਜਿਆਂ ਕੋਲੋਂ ਕੁਝ ਨਵਾਂ ਸਿੱਖਣ ਦੀ ਸਮਝ, ਸਮੇਂ ਦੀ ਸਹੀ ਵਰਤੋਂ ਦਾ ਅਮਲ, ਦੂਜਿਆਂ ਦੇ ਕੰਮ ਆਉਣ ਦੀ ਪ੍ਰਸੰਨਤਾ, ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਲਗਨ, ਵਿਹਾਰ ਵਿਚ ਇਮਾਨਦਾਰੀ, ਉਸਾਰੂ ਅਤੇ ਚੰਗੀਆਂ ਆਦਤਾਂ ਦੀ ਮਾਲਕੀ ਆਦਿ ਜ਼ਿੰਦਗੀ ਜਿਊਣ ਦੇ ਸਲੀਕੇ ਵਿਚ ਆਉਂਦੇ ਅਜਿਹੇ ਗੁਣ ਹਨ, ਜਿਹੜੇ ਸਾਡੇ ਕਿਰਦਾਰ ਅਤੇ ਸ਼ਖ਼ਸੀਅਤ ਦੇ ਕੱਦ ਨੂੰ ਸਮਾਜ ਵਿਚ ਵੱਖਰਾ ਸਥਾਨ ਦਿੰਦੇ ਹਨ। ਸਭ ਤੋਂ ਸੌਖਾ ਕੰਮ ਹੈ ਦੂਜਿਆਂ ਵਿਚੋਂ ਗ਼ਲਤੀਆਂ ਕੱਢਣਾ ਅਤੇ ਸਭ ਤੋਂ ਔਖਾ ਕੰਮ ਹੈ ਆਪਣੀ ਗ਼ਲਤੀ ਨੂੰ ਸੁਧਾਰਨਾ। ਸਿਰਫ ਵਿਖਾਵੇ ਲਈ ਚੰਗਾ ਬਣਨਾ ਬੁਰੇ ਹੋਣ ਨਾਲੋਂ ਵੱਧ ਬੁਰਾ ਹੈ। ਹੱਸਦਾ ਹੋਇਆ ਚਿਹਰਾ ਤੁਹਾਡੀ ਸ਼ਾਨ ਵਿਚ ਵਾਧਾ ਕਰਦਾ ਹੈ ਅਤੇ ਹੱਸ ਕੇ ਕੀਤਾ ਕੰਮ ਤੁਹਾਡੀ ਪਛਾਣ ਵਿਚ ਵਾਧਾ ਕਰਦਾ ਹੈ। ਅਕਸਰ ਲੋਕ ਜਜ਼ਬਾਤੀ ਹੁੰਦੇ ਹਨ ਪਰ ਜਜ਼ਬਾ ਕਿਸੇ-ਕਿਸੇ ਕੋਲ ਹੀ ਹੁੰਦਾ ਹੈ। ਇਕ ਮਜ਼ਬੂਤ ਨਿਸਚਾ ਤੁਹਾਨੂੰ ਆਪਣੀ ਮੰਜ਼ਿਲ ਤੱਕ ਲੈ ਕੇ ਜਾਂਦਾ ਹੈ। ਗਿਆਨ ਤੁਹਾਨੂੰ ਰੌਸ਼ਨ ਕਰਦਾ ਹੈ ਅਤੇ ਇਮਾਨਦਾਰੀ ਤੁਹਾਡੀ ਜ਼ਿੰਦਗੀ ਦੇ ਦਾਇਰੇ ਨੂੰ ਵਿਸ਼ਾਲ ਕਰਦੀ ਹੈ। ਤੁਹਾਡਾ ਹੌਸਲਾ ਤੁਹਾਡੇ ਤੋਂ ਉਹ ਕੁਝ ਕਰਵਾਉਂਦਾ ਹੈ, ਜੋ ਤੁਸੀਂ ਕਰਨਾ ਚਾਹੁੰਦੇ ਹੋ। ਤੁਹਾਡਾ ਅਨੁਭਵ ਤੁਹਾਡੇ ਤੋਂ ਉਹ ਕੁਝ ਕਰਵਾਉਂਦਾ ਹੈ, ਜੋ ਅਸਲ ਵਿਚ ਤੁਹਾਨੂੰ ਕਰਨਾ ਚਾਹੀਦਾ ਹੈ। ਚਿੰਤਾ ਇਸ ਗੱਲ ਦੀ ਨਾ ਕਰੋ ਕਿ ਸਾਡੇ ਨਾਲ ਬੁਰਾ ਹੋਇਆ ਹੈ ਪਰ ਸਾਡੇ ਲਈ ਇਹ ਗੱਲ ਚਿੰਤਾ ਵਾਲੀ ਹੈ, ਜਦੋਂ ਅਸੀਂ ਖ਼ੁਦ ਕਿਸੇ ਦਾ ਬੁਰਾ ਕਰਦੇ ਹਾਂ।

ਸਾਡੀ ਸਫਲਤਾ ਇਸ ਗੱਲ ਵਿਚ ਵੀ ਹੈ ਕਿ ਅਸੀਂ ਉਹ ਕੰਮ ਨਾ ਕਰੀਏ, ਜਿਹੜਾ ਸਾਨੂੰ ਨਹੀਂ ਕਰਨਾ ਚਾਹੀਦਾ। ਤੁਹਾਡੀ ਜ਼ਿੰਦਗੀ ਦਾ ਅਸਲੀ ਚਿਹਰਾ ਤੁਹਾਡਾ ਚਰਿੱਤਰ ਹੈ। ਅਸੀਂ ਆਪਣੀ ਜ਼ਿੰਦਗੀ ਵਿਚ ਕਿਨ੍ਹਾਂ ਲੋਕਾਂ ਦਾ ਸਾਥ ਦਿੰਦੇ ਹਾਂ, ਇਹ ਸਾਡੀ ਸੋਚ ਅਤੇ ਚਰਿੱਤਰ 'ਤੇ ਨਿਰਭਰ ਹੈ। ਤੁਸੀਂ ਜ਼ਿੰਦਗੀ ਵਿਚ ਉਹੀ ਕੁਝ ਬਣਦੇ ਹੋ, ਜਿਸ ਤਰ੍ਹਾਂ ਦਾ ਤੁਸੀਂ ਕਰਦੇ ਹੋ। ਤੁਹਾਡੀ ਸਿਹਤ ਕਿਸ ਤਰ੍ਹਾਂ ਦੀ ਹੈ, ਇਹ ਜ਼ਿਆਦਾਤਰ ਤੁਹਾਡੀਆਂ ਖਾਣ-ਪੀਣ ਅਤੇ ਰਹਿਣ-ਸਹਿਣ ਦੀਆਂ ਆਦਤਾਂ 'ਤੇ ਨਿਰਭਰ ਕਰਦਾ ਹੈ। ਛੋਟੀਆਂ ਗੱਲਾਂ ਹੀ ਵੱਡੇ ਨਤੀਜਿਆਂ ਵਿਚ ਤਬਦੀਲ ਹੁੰਦੀਆਂ ਹਨ। ਤੁਹਾਡੀ ਸ਼ਖ਼ਸੀਅਤ ਤੁਹਾਡੇ ਕੀਤੇ ਹੋਏ ਕੰਮਾਂ ਦਾ ਇਤਿਹਾਸ ਹੈ। ਤੁਹਾਡੀ ਕਿਸਮਤ ਦਾ ਲੇਖਾ-ਜੋਖਾ ਤੁਹਾਡੇ ਕੰਮ ਹੀ ਕਰਦੇ ਹਨ। ਬਾਹਰੀ ਰੌਸ਼ਨੀ ਅੰਦਰਲੇ ਹਨੇਰੇ ਨੂੰ ਦੂਰ ਨਹੀਂ ਕਰਦੀ। ਜੇਕਰ ਤੁਸੀਂ ਆਪਣੇ ਵਰਤਮਾਨ ਨੂੰ ਬਰਬਾਦ ਕਰੋਗੇ ਤਾਂ ਤੁਸੀਂ ਭਵਿੱਖ ਦੀ ਸਜ਼ਾ ਤੋਂ ਬਚ ਨਹੀਂ ਸਕਦੇ। ਚੰਗੇ ਕੰਮਾਂ ਦਾ ਨਤੀਜਾ ਕਦੇ ਵੀ ਬੁਰਾ ਨਹੀਂ ਹੁੰਦਾ ਅਤੇ ਬੁਰੇ ਕੰਮਾਂ ਦਾ ਨਤੀਜਾ ਕਦੇ ਚੰਗਾ ਨਹੀਂ ਹੁੰਦਾ। ਜੇਕਰ ਜ਼ਿੰਦਗੀ ਜਿਊਣ ਦਾ ਸਲੀਕਾ ਆ ਜਾਵੇ ਤਾਂ ਜ਼ਿੰਦਗੀ ਦੀਆਂ ਦੁੱਖ-ਤਕਲੀਫਾਂ ਅਤੇ ਮੁਸ਼ਕਿਲਾਂ ਆਪਣੇ-ਆਪ ਹੀ ਘਟ ਜਾਣਗੀਆਂ। ਇਕ ਸੱਚੀ ਜਿੱਤ ਉਹ ਹੁੰਦੀ ਹੈ ਜੋ ਨਾ ਖ਼ੁਦ ਹਾਰਦੀ ਹੈ ਅਤੇ ਨਾ ਉਹ ਕਿਸੇ ਨੂੰ ਹਾਰਨ ਦਿੰਦੀ ਹੈ। ਇਸ ਤਰ੍ਹਾਂ ਜੀਓ ਕਿ ਤੁਹਾਡਾ ਰੁਝੇਵਾਂ ਵੀ ਤੁਹਾਨੂੰ ਰੱਜ ਅਤੇ ਖ਼ੁਸ਼ੀ ਦੇਵੇ। ਇੱਛਾ ਰੱਖਣ 'ਤੇ ਜੋ ਮਿਲੇ, ਉਹ ਸਫਲਤਾ ਹੈ ਅਤੇ ਜੋ ਮਿਲੇ, ਉਸ ਨੂੰ ਆਪਣੀ ਪਸੰਦ ਬਣਾ ਲੈਣਾ ਪ੍ਰਸੰਨਤਾ ਹੈ।



# CLASSIFIEDS & MATRIMONIALS



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

..........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09


CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310


# ਕੁਦਰਤ ਨਾਲ ਸਾਂਝ ਦੀ ਘਾਟ ਸਰੀਰਕ ਅਤੇ ਮਾਨਸਿਕ ਵਿਗਾੜਾਂ ਨੂੰ ਸੱਦਾ ਦਿੰਦੀ ਹੈ


ਲੇਖਕ : ਡਾ. ਸੁਖਰਾਜ ਸਿੰਘ ਬਾਜਵਾ
ਸੰਪਰਕ : 91-78886 - 84597




'ਕੁਦਰਤ ਦੀ ਘਾਟ – ਵਿਕਾਰ' ਇਹ ਸ਼ਬਦ ਕੁਦਰਤ ਵਿੱਚ ਬਹੁਤ ਘੱਟ ਸਮਾਂ ਬਿਤਾਉਣ ਦੇ ਮਾੜੇ ਪ੍ਰਭਾਵਾਂ ਦਾ ਵਰਣਨ ਕਰਨ ਲਈ ਵਰਤੇ ਜਾਂਦੇ ਹਨ। ਅੱਜ ਦੇ ਯੁਗ ਵਿੱਚ ਚਾਹੇ ਬੱਚੇ ਹਨ ਜਾਂ ਫਿਰ ਵੱਡੇ, ਹਰ ਕੋਈ ਆਪਣਾ ਜ਼ਿਆਦਾ ਸਮਾਂ ਬੰਦ ਕਮਰਿਆਂ ਅਰਥਾਤ ਚਾਰਦੀਵਾਰੀ ਅੰਦਰ ਹੀ ਗੁਜ਼ਾਰਦਾ ਹੈ। ਸਕੂਲ ਹੋਵੇ ਜਾਂ ਦਫਤਰ ਜਾਂ ਫਿਰ ਘਰ ਆਉਣ ਤੋਂ ਬਾਅਦ ਵੀ ਬਹੁਤਾ ਸਮਾਂ ਬੰਦ ਕਮਰਿਆਂ ਵਿੱਚ ਗੁਜ਼ਾਰਨ ਵਾਲੇ ਕੁਦਰਤ ਦੀ ਘਾਟ ਤੋਂ ਹੋਣ ਵਾਲੇ ਵਿਗਾੜਾਂ ਨਾਲ ਗ੍ਰਸਤ ਹੋ ਜਾਂਦੇ ਹਨ।

ਕੁਦਰਤ ਨਾਲ ਸਾਂਝ ਦੀ ਘਾਟ ਦਾ ਇੱਕ ਕਾਰਨ ਅੱਜਕੱਲ੍ਹ ਸੋਸ਼ਲ ਮੀਡੀਏ 'ਤੇ ਜਾਣਕਾਰੀ, ਸੂਚਨਾਵਾਂ, ਮਨੋਰੰਜਨ ਦਾ ਅਥਾਹ ਭੰਡਾਰ ਹੋਣਾ ਵੀ ਹੈ ਜੋ ਲੋਕਾਂ ਨੂੰ ਕਮਰਿਆਂ ਤੋਂ ਬਾਹਰ ਨਿਕਲਣ ਤੋਂ ਰੋਕਦਾ ਹੈ। ਅੱਜ ਦੇ ਆਧੁਨਿਕ ਮੀਡੀਆ ਲੈਂਡਸਕੇਪ ਵਿੱਚ ਅਸੀਂ ਹਰ ਕਿਸਮ ਦੀ ਡਰਾਉਣੀ ਜਾਣਕਾਰੀ ਨਾਲ ਭਰੇ ਹੋਏ ਹਾਂ ਕਿ ਸਾਡੇ ਨਾਲ ਬਾਹਰ ਕੀ ਹੋ ਸਕਦਾ ਹੈ। ਅਸੀਂ ਬਿਮਾਰੀਆਂ, ਜਾਨਵਰਾਂ ਦੇ ਹਮਲਿਆਂ, ਅਪਰਾਧ ਪੀੜਤਾਂ, ਹਾਦਸਿਆਂ, ਖਤਰਨਾਕ ਮੌਸਮ ਦੀਆਂ ਸਥਿਤੀਆਂ ਅਤੇ ਹੋਰ ਬਹੁਤ ਕੁਝ ਬਾਰੇ ਕਹਾਣੀਆਂ ਸੁਣਦੇ ਹਾਂ। ਇਨ੍ਹਾਂ ਡਰਾਉਣੀਆਂ ਖਬਰਾਂ ਕਾਰਨ ਕੁਝ ਲੋਕ ਸਿਰਫ਼ ਇਹ ਫ਼ੈਸਲਾ ਕਰਦੇ ਹਨ ਕਿ ਬਾਹਰ ਹੋਣ ਦੇ ਜੋਖਮ ਦੀ ਬਜਾਏ ਘਰ ਦੇ ਅੰਦਰ ਰਹਿਣਾ ਸੁਰੱਖਿਅਤ ਹੈ।

### ਕੁਦਰਤੀ ਨਾਲ ਸਾਂਝ ਦੀ ਘਾਟ ਵਿਕਾਰ ਕੀ ਹਨ?

ਸਰੀਰਕ: ਬੰਦ ਕਮਰੇ ਜਾਂ ਚਾਰਦੀਵਾਰੀ ਦੇ ਅੰਦਰ ਰਹਿਣ ਕਾਰਨ ਇੰਦਰੀਆਂ ਦੀ ਘੱਟ ਵਰਤੋਂ ਹੁੰਦੀ ਹੈ, ਜਿਸਦਾ ਅਸਰ ਸਾਡੀਆਂ ਇੰਦਰੀਆਂ ਦੀ ਸੰਵੇਦਨਸ਼ੀਲਤਾ 'ਤੇ ਪੈਂਦਾ ਹੈ, ਜਿਸ ਕਾਰਨ ਇਨ੍ਹਾਂ ਦੀ ਕਾਰਜ ਪ੍ਰਣਾਲੀ ਪ੍ਰਭਾਵਿਤ ਹੁੰਦੀ ਹੈ। ਬੰਦ ਕਮਰਿਆਂ ਵਿੱਚ ਬੈਠੇ ਰਹਿਣ ਕਾਰਨ ਮੋਟਾਪਾ ਵਧਦਾ ਹੈ ਅਤੇ ਇਸਦੇ ਕਾਰਨ ਕਈ ਗੰਭੀਰ ਬਿਮਾਰੀਆਂ ਜਨਮ ਲੈਂਦੀਆਂ ਹਨ। ਸਰੀਰ ਬਹੁਤਾ ਸਮਾਂ ਕੁਦਰਤੀ ਧੁੱਪ ਤੋਂ ਵਾਂਝਾ ਰਹਿਣ ਕਾਰਨ ਇਸ ਵਿੱਚ ਵਿਟਾਮਿਨ ਡੀ ਦੀ ਕਮੀ ਹੋਣ ਲਗਦੀ ਹੈ।

ਮਨੋਵਿਗਿਆਨਕ: ਕੁਦਰਤ ਤੋਂ ਦੂਰ ਰਹਿਣ ਕਾਰਨ ਕਈ ਮਨੋਵਿਗਿਆਨਕ ਰੋਗ ਦੇਖਣ ਨੂੰ ਮਿਲਦੇ ਹਨ, ਜਿਨ੍ਹਾਂ ਵਿੱਚ ਘੱਟ ਧਿਆਨ ਦੀ ਮਿਆਦ, ਨਕਾਰਾਤਮਕ ਸੋਚ, ਅਤੇ ਡਿਪਰੈਸ਼ਨ ਵਿੱਚ ਵਾਧਾ ਮੁੱਖ ਹਨ।

ਵਿਵਹਾਰਕ: ਕੁਦਰਤ ਤੋਂ ਦੂਰ, ਬੰਦ ਕਮਰਿਆਂ ਵਿੱਚ ਜ਼ਿਆਦਾ ਸਮਾਂ ਗੁਜ਼ਾਰਨ ਕਾਰਨ ਕਈ ਵਿਵਹਾਰਿਕ ਬਦਲਾਅ, ਜਿਨ੍ਹਾਂ ਵਿੱਚ ਜ਼ਿਆਦਾ ਗੁੱਸੇਖੋਰ ਹੋਣਾ, ਹਮਲਾਵਰ ਹੋਣਾ, ਮਨੋਦਸ਼ਾ ਦੇ ਵਿਕਾਰ, ਬੇਚੈਨੀ ਅਤੇ ਚਿੰਤਾ ਵਿੱਚ ਵਾਧਾ ਹੋਣਾ ਆਮ ਹਨ।

### ਬੱਚਿਆਂ ਵਿੱਚ 'ਕੁਦਰਤ ਦੀ ਘਾਟ – ਵਿਕਾਰ' ਦੇ ਲੱਛਣ:

ਜਦੋਂ ਬੱਚੇ ਬਾਹਰ ਨਹੀਂ ਜਾਂਦੇ ਅਤੇ ਇਸਦੀ ਬਜਾਏ ਸਕ੍ਰੀਨ ਵੱਲ ਦੇਖਦੇ ਹੋਏ ਆਪਣਾ ਜ਼ਿਆਦਾ ਸਮਾਂ ਬਿਤਾਉਂਦੇ ਹਨ ਤਾਂ ਇਸਦੇ ਨਤੀਜੇ ਵਜੋਂ ਧਿਆਨ ਦੀ ਮਿਆਦ ਘੱਟ ਹੋ ਸਕਦੀ ਹੈ। ਕਿਸੇ ਸਮੱਸਿਆ ਨੂੰ ਹੱਲ ਕਰਨ ਦੇ ਹੁਨਰ ਵਿੱਚ ਕਮੀ, ਮੋਟਾਪਾ ਅਤੇ ਉਹਨਾਂ ਦੀ ਭਾਵਨਾਤਮਕ ਅਤੇ ਸਰੀਰਕ ਸਿਹਤ ਨਾਲ ਸਬੰਧਿਤ ਹੋਰ ਸਮੱਸਿਆਵਾਂ ਹੋ ਸਕਦੀਆਂ। ਪੜ੍ਹਾਈ ਪ੍ਰਤੀ ਇਕਾਗਰਤਾ ਨਹੀਂ ਬਣ ਪਾਉਂਦੀ, ਜਿਸ ਨਾਲ ਬੱਚਾ ਪੜ੍ਹਾਈ ਦੇ ਨਾਮ ਤੋਂ ਦੂਰ ਭੱਜਦਾ ਹੈ।

'ਕੁਦਰਤ-ਘਾਟ ਵਿਕਾਰ' ਸਿਰਫ਼ ਬੱਚਿਆਂ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਇਹ ਵਾਤਾਵਰਣ ਦੇ ਭਵਿੱਖ ਨੂੰ ਵੀ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਜੇਕਰ ਬੱਚਿਆਂ ਦਾ ਕੁਦਰਤ ਨਾਲ ਸਕਾਰਾਤਮਕ ਅਨੁਭਵ ਨਹੀਂ ਹੈ, ਤਾਂ ਉਹ ਬਾਲਗਾਂ ਦੇ ਰੂਪ ਵਿੱਚ ਕੁਦਰਤ ਦੀ ਰੱਖਿਆ ਅਤੇ ਸੰਭਾਲ ਲਈ ਲੋੜੀਂਦੇ ਕਦਮ ਚੁੱਕਣ ਲਈ ਘੱਟ ਝੁਕਾਵ ਰੱਖਣਗੇ।

### 'ਕੁਦਰਤੀ ਘਾਟ – ਵਿਕਾਰ' ਨੂੰ ਕਿਵੇਂ ਦਰੁਸਤ ਕਰ ਸਕਦੇ ਹਾਂ:

ਕੁਦਰਤ ਵਿੱਚ ਸਮਾਂ ਬਿਤਾਓ, ਸੈਰ ਲਈ ਜਾਓ, ਪਿਕਨਿਕ ਕਰੋ ਜਾਂ ਇੱਕ ਰੁੱਖ ਲਗਾਓ।

ਕੁਦਰਤ ਨਾਲ ਜੁੜੋ: ਇੱਕ 'ਬੈਠਣ ਵਾਲੀ ਥਾਂ' ਚੁਣੋ ਅਤੇ ਉੱਥੇ ਰਹਿਣ ਵਾਲੇ ਪੌਦਿਆਂ ਅਤੇ ਜਾਨਵਰਾਂ ਨੂੰ ਨਿਹਾਟਰੋ, ਉਨ੍ਹਾਂ ਦਾ ਨਿਰੀਖਣ ਕਰੋ।

ਕੁਦਰਤ ਬਾਰੇ ਜਾਣੋ: ਕਿਤਾਬਾਂ ਪੜ੍ਹੋ, ਡਾਕੂਮੈਂਟਰੀ ਦੇਖੋ, ਜਾਂ ਜੰਗਲ ਦਰਸ਼ਨ ਲਈ ਜਾਉ। ਧਿਆਨ ਦਿਓ ਕਿ ਸਮੇਂ ਦੇ ਨਾਲ ਤੁਹਾਡੇ ਆਲੇ ਦੁਆਲੇ ਕੀ ਬਦਲਾਅ ਆ ਰਹੇ ਹਨ।

### ਕੁਦਰਤ ਨਾਲ ਸਾਂਝ ਮਹੱਤਵਪੂਰਨ ਕਿਉਂ ਹੈ?

ਕੁਦਰਤ ਲੋਕਾਂ ਨੂੰ ਵਧੇਰੇ ਆਰਾਮਦਾਇਕ ਮਹਿਸੂਸ ਕਰਨ, ਆਪਸੀ ਸਾਂਝ ਬਹਾਲ ਕਰਨ ਅਤੇ ਦੂਜਿਆਂ ਨਾਲ ਜੁੜਨ ਵਿੱਚ ਮਦਦ ਕਰ ਸਕਦੀ ਹੈ। ਕੁਦਰਤ ਲੋਕਾਂ ਨੂੰ ਆਪਣੇ ਅਤੇ ਆਪਣੇ ਆਲੇ-ਦੁਆਲੇ ਬਾਰੇ ਵਧੇਰੇ ਸਕਾਰਾਤਮਕ ਮਹਿਸੂਸ ਕਰਨ ਵਿੱਚ ਮਦਦ ਕਰ ਸਕਦੀ ਹੈ। ਕੁਦਰਤ ਲੋਕਾਂ ਨੂੰ ਘੱਟ ਤਣਾਅ ਅਤੇ ਭਾਵਨਾਤਮਕ ਤੌਰ 'ਤੇ ਚੰਗੀ ਤਰ੍ਹਾਂ ਮਹਿਸੂਸ ਕਰਨ ਵਿੱਚ ਮਦਦ ਕਰ ਸਕਦੀ ਹੈ। ਜੇਕਰ ਤੁਸੀਂ ਬੱਚਿਆਂ ਨੂੰ ਬਾਹਰ ਰਹਿਣ ਦਾ ਮੌਕਾ ਦਿੰਦੇ ਹੋ ਤਾਂ ਕੁਦਰਤ ਲਈ ਉਹਨਾਂ ਦੀ ਉਤਸੁਕਤਾ ਅਕਸਰ ਵਧੇਗੀ। ਪਰ ਸਾਵਧਾਨ ਰਹੋ ਕਿ ਆਪਣੇ ਬੱਚਿਆਂ ਨੂੰ ਬਾਹਰ ਜਾਣ ਲਈ ਬਹੁਤ ਜ਼ਿਆਦਾ ਧੱਕਾ ਨਾ ਕਰੋ। ਉਦਾਹਰਨ ਲਈ, ਇਲੈਕਟ੍ਰਾਨਿਕ ਡਿਵਾਈਸਾਂ 'ਤੇ ਬਹੁਤ ਜ਼ਿਆਦਾ ਸਮਾਂ ਬਿਤਾਉਣ ਕਾਰਨ ਉਹਨਾਂ ਨੂੰ ਬਾਹਰ ਭੇਜਣਾ ਜਾਂ ਖੜ੍ਹੇ ਰੱਖਣਾ ਸਜ਼ਾ ਹਰਗਿਜ਼ ਨਹੀਂ ਹੋਣਾ ਚਾਹੀਦਾ ਹੈ। ਇੱਕ ਰਣਨੀਤੀ, ਇੱਕ ਨਿਯਮ ਸਥਾਪਤ ਕਰੋ ਕਿ ਇੱਕ ਇਲੈਕਟ੍ਰਾਨਿਕ ਡਿਵਾਈਸ 'ਤੇ ਬਿਤਾਏ ਹਰ ਘੰਟੇ ਲਈ, ਇੱਕ ਘੰਟਾ ਬਾਹਰ ਖੇਡਣ ਵਿੱਚ ਬਿਤਾਉਣਾ ਜ਼ਰੂਰੀ ਹੈ। ਇਸ ਤਰ੍ਹਾਂ ਕਰਨ ਨਾਲ ਤੁਸੀਂ ਬੱਚੇ ਨੂੰ ਕੁਦਰਤ ਨਾਲ ਜੋੜਨ ਵਿੱਚ ਕਾਮਯਾਬ ਹੋ ਸਕੋਗੇ।

### ਮਿਸਾਲ ਕਾਇਮ ਕਰੋ:

ਉਹਨਾਂ ਲਈ ਚੰਗੀ ਮਿਸਾਲ ਕਾਇਮ ਕਰੋ। ਜੇਕਰ ਤੁਹਾਡਾ ਬੱਚਾ ਤੁਹਾਨੂੰ ਬਾਹਰ ਮਸਤੀ ਕਰਦੇ ਦੇਖਦਾ ਹੈ ਤਾਂ ਉਹ ਆਪ ਵੀ ਉਸ ਵਿੱਚ ਸ਼ਾਮਲ ਹੋਣਾ ਚਾਹੇਗਾ। ਪਤੰਗ ਉਡਾਉਣਾ, ਬਾਗ਼ ਲਗਾਉਣਾ, ਜਾਂ ਪੱਤਿਆਂ ਨੂੰ ਢੇਰ ਵਿੱਚ ਉਛਾਲਣਾ ਅਤੇ ਉਨ੍ਹਾਂ ਵਿੱਚ ਛਾਲ ਮਾਰਨਾ ਇੱਕ ਮਜ਼ੇਦਾਰ ਕਿਰਿਆ ਹੋ ਸਕਦੀ ਹੈ, ਜਿਸ ਵਿੱਚ ਬੱਚੇ ਸ਼ਾਮਲ ਹੋਣਾ ਚਾਹੁਣਗੇ। ਅੰਤ ਵਿੱਚ, ਬਾਹਰ ਮਜ਼ੇਦਾਰ ਗਤੀਵਿਧੀਆਂ ਲਈ ਯੋਜਨਾਵਾਂ ਬਣਾਓ। ਉਹਨਾਂ ਗਤੀਵਿਧੀਆਂ ਦੀ ਪਹਿਲਾਂ ਤੋਂ ਹੀ ਯੋਜਨਾ ਬਣਾਓ ਤਾਂ ਜੋ ਤੁਸੀਂ ਉਹ ਯੋਜਨਾ ਆਪਣੇ ਬੱਚਿਆਂ ਤਕ ਪਹੁੰਚਾ ਸਕੋਂ ਅਤੇ ਉਮੀਦ ਦਾ ਮਾਹੌਲ ਬਣਾ ਸਕੋਂ। "ਅਸੀਂ ਚਾਰ ਦਿਨਾਂ ਵਿੱਚ ਝੀਲ ਦੇ ਕੰਢੇ ਕੈਂਪਿੰਗ ਕਰਨ ਜਾ ਰਹੇ ਹਾਂ! ਇਹ ਬਹੁਤ ਮਜ਼ੇਦਾਰ ਹੋਣ ਜਾ ਰਿਹਾ ਹੈ, ਅਤੇ ਮੈਂ ਇੰਤਜ਼ਾਰ ਨਹੀਂ ਕਰ ਸਕਦਾ!" "ਅਸੀਂ ਮੱਛੀਆਂ ਫੜਨ ਜਾ ਰਹੇ ਹਾਂ।" "ਅਸੀਂ ਪਹਾੜਾ 'ਤੇ ਟਰੈਕਿੰਗ ਲਈ ਜਾ ਰਹੇ ਹਾਂ, ਉੱਥੇ ਤੀਰ-ਕਮਾਨ ਚਲਾਵਾਂਗੇ, ਅਤੇ ਘਰੋਂ ਕਈ ਚੀਜ਼ਾਂ ਬਣਾਕੇ ਲਿਜਾ ਕੇ ਉੱਥੇ ਖਾਵਾਂਗੇ, ਮੌਜ ਉਡਾਵਾਂਗੇ।" ਇਹ ਸਭ ਕਰਨ ਨਾਲ ਜਿੱਥੇ ਤੁਹਾਡੀ ਆਪਣੀ ਸਿਹਤ ਅਤੇ ਵਿਵਹਾਰ ਵਿੱਚ ਬਦਲਾਅ ਆਵੇਗਾ, ਉੱਥੇ ਬੱਚਿਆਂ ਦਾ ਵੀ ਨਾ ਸਿਰਫ ਸਰੀਰਕ, ਸਗੋਂ ਮਾਨਸਿਕ ਵਿਕਾਸ ਹੋਵੇਗਾ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ



ਵਲੋਂ : ਰਵਿੰਦਰ ਸਿੰਘ ਸੋਢੀ

## ਅੱਠਵੀਂ ਕਿਸ਼ਤ

ਇਹ ਸਾਰਾ ਕੁੱਝ ਪਿਛਲੇ ਦੋ ਦਹਾਕਿਆਂ ਤੋ ਆਪਾਂ, ਦੁਨੀਆਂ ਸਮੇਤ, ਦੇਖਦੇ ਤੇ ਭੋਗਦੇ/ਹੰਢਾਉਂਦੇ ਆ ਰਹੇ ਆ।

ਮਿਸਾਲ ਵਜੋਂ, ਸੰਗੀਤ/ਰੇਡੀਓ ਦੇ ਖੇਤਰ ਵਿੱਚ ਸੂਚਨਾ ਇਨਕਲਾਬ ਮੇਰੀ ਪਹਿਲੀ ਗੱਲਬਾਤ ਤੋਂ ਥੋੜ੍ਹਾ ਪਹਿਲਾਂ ਹੀ ਸ਼ੁਰੂ ਹੋ ਚੁੱਕਿਆਂ ਸੀ, ਯੂਟਿਊਬ ਤੋਂ ਵੀ ਪਹਿਲਾਂ। ਆਪਣੇ ਕੰਮ ਚੋਂ ਇਕ ਤਜਰਬਾ ਦੱਸਦਾਂ, ਜਦੋਂ ਮੈਂ ਇਕ ਐਸੀ ਕੰਪਨੀ, ਮਪ3, ਵਿਚ ਕੰਮ ਕਰਦਾ ਸੀ ਜੋ ਸੰਗੀਤ/ਰੇਡੀਓ ਦੇ ਖੇਤਰ ਵਿਚ ਇਨਕਲਾਬ ਲਿਆ ਰਹੀ ਸੀ। ਅਸੀਂ ਆਪਣੀ ਵੈੱਬਸਾਈਟ ਉੱਪਰੋਂ ਦੁਨੀਆਂ ਭਰ ਦੇ ਕਲਾਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਸਾਈਟ ਦੁਆਰਾ ਆਪਣਾ ਸੰਗੀਤ ਸਿੱਧਾ ਲੋਕਾਂ ਤੱਕ ਪਹੁੰਚਣ। ਲੱਖਾਂ ਜਾਣੇ ਤੇ ਅਣਜਾਣੇ ਸੰਗੀਤਕਾਰਾਂ ਨੇ ਆਪਣਾ ਸੰਗੀਤ ਲੋਕਾਂ ਨੂੰ ਸਿੱਧਾ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਹਾਲੀਵੁਡ ਦੇ ਮੀਡੀਆ ਸਰਦਾਰਾਂ ਨੂੰ ਇਹ ਦੇਖ ਕੇ ਹੱਥਾਂ ਪੈਰਾਂ ਦੀਆਂ ਪੈ ਗਈਆਂ। ਇਸ ਖੇਤਰ ਵਿੱਚ, ਪਿਛਲੀ ਇੱਕ ਸਦੀ ਤੋਂ ਪੰਜ ਵੱਡੀਆਂ ਕੰਪਨੀਆਂ ਟਾਇਮ ਵਾਰਨਰਜ਼, ਈ. ਐੱਮ.ਆਈ, ਯੂਨੀਵਰਸਲ, ਸੋਨੀ, ਤੇ ਬੀ.ਐੱਮ.ਜੀ ਸੰਗੀਤ ਵਰਤਾਉਣ ਦੇ ਸਾਧਨਾਂ ਉੱਪਰ ਜੱਫ਼ਾ ਮਾਰੀ ਬੈਠੇ ਸਨ। ਇੰਟਰਨੈੱਟ ਨੂੰ ਉਨ੍ਹਾਂ ਨੇ ਨਜ਼ਰ ਅੰਦਾਜ਼ ਕੀਤਾ ਹੋਇਆ ਸੀ ਕਿਉਂਕਿ ਇਸ ਉੱਪਰ ਉਨ੍ਹਾਂ ਦਾ ਕਬਜ਼ਾ ਨਹੀਂ ਸੀ। ਜਦੋਂ ਇਸ ਇਨਕਲਾਬ ਦੇ ਹੂੰਝੇ ਸਾਹਮਣੇ ਆਪਣੇ ਆਪ ਨੂੰ ਬੇਸਹਾਰਾ ਹੁੰਦੇ ਮਹਿਸੂਸ ਕੀਤਾ ਤਾਂ ਇਨ੍ਹਾਂ ਪੰਜ ਵੱਡੇ ਸਰਦਾਰਾਂ ਨੇ ਸਾਡੇ ਉੱਪਰ ਮੁਕੱਦਮਾਂ ਕਰ ਮਾਰਿਆ। ਇਹ ਛੋਟੀ ਜਿਹੀ ਉਦਾਹਰਣ ਇਸ ਗੱਲ ਦਾ ਸਬੂਤ ਸੀ ਕਿ ਸੂਚਨਾ ਇਨਕਲਾਬ ਸੱਚਮੁਚ ਵਾਪਰਨਾ ਸ਼ੁਰੂ ਹੋ ਰਿਹਾ ਸੀ; ਜਿਹਦੇ ਬਾਰੇ ਜਿਵੇ ਮੈਂ ਉਦੋਂ, ਮੇਰੀ ਪਹਿਲੀ ਗੱਲਬਾਤ ਦੌਰਾਨ, ਕਿਹਾ ਸੀ, "ਇਹਦੇ ਅਸਰ ਖੇਤਰ ਵਿਚ ਸਾਰੇ ਦੇਸ਼, ਸਾਰੇ ਸੱਭਿਆਚਾਰ, ਤੇ ਸਾਰੇ ਖੇਤਰ ਆ ਜਾਣੇ ਆਂ। ਇੰਨੇ ਵੱਡੇ ਪ੍ਰਭਾਵ ਖੇਤਰ ਵਾਲਾ ਇਨਕਲਾਬ ਇਸ ਧਰਤੀ ਉੱਪਰ ਮਨੁੱਖਤਾ ਦੇ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਵਾਪਰਿਆ।"

**ਹਾਂ, ਜਿਵੇਂ ਤੁਸੀਂ ਕਿਹਾ ਸੀ, ਪਿਛਲੇ ਦੋ ਦਹਾਕਿਆਂ ਤੋਂ ਉਵੇਂ ਹੁੰਦਾ ਆਇਆ ਹੈ। ਦੁਨੀਆਂ ਬੜੀ ਬਦਲ ਗਈ ਆ ਸੰਚਾਰ ਦੇ ਖ਼ੇਤਰ ਵਿੱਚ, ਤੇ ਇਹ ਤਬਦੀਲੀ ਦੂਸਰੇ ਖ਼ੇਤਰਾਂ ਵਿੱਚ ਵੀ ਤਬਦੀਲੀਆਂ ਉਪਜਾਉਂਦੀ ਆ ਰਹੀ ਆ। ਖ਼ੈਰ, ਅੱਜਕੱਲ ਵਿਗਿਆਨ ਵਿੱਚ ਤੁਹਾਡੀਆ ਕੀ ਸਰਗਰਮੀਆਂ? ਕੰਪਿਊਟਰ ਵਿਗਿਆਨ ਵੱਲ ਨੂੰ ਮੋੜਾ ਕੱਟਣ ਤੋਂ ਬਾਅਦ ਤੁਸੀਂ ਭੌਤਿਕ ਵਿਗਿਆਨ ਦੇ ਖੋਜ ਖ਼ੇਤਰ ਨਾਲ ਵੀ ਕਿੰਨਾ ਕੁ ਸੰਪਰਕ ਰੱਖਦੇ ਆ ਰਹੇ ਹੋ, ਭਵਿੱਖ ਦੀ ਪਲੈਨ?**

ਔਔਦੇਖੋ ਸੋਢੀ ਜੀ, ਵਿਗਿਆਨੀ ਆ, ਪਰ ਵਿਗਿਆਨ ਦੇ ਸਿਰਫ਼ ਇੱਕ ਹੀ ਕੋਨੇ ਵਿੱਚ ਬੈਠਿਆਂ ਮੇਰਾ ਜੀਅ ਨਹੀਂ ਲੱਗਦਾ; ਇਸ ਲਈ ਮੈਂ ਸਮੇਂ ਦੇ ਨਾਲ ਨਾਲ ਤਿੰਨ ਵਿਗਿਆਨ ਵਿਸ਼ਿਆ ਵਿੱਚ ਗਰੇਜੂਏਟ, ਜਿਹਨੂੰ ਭਾਰਤ ਵਿੱਚ ਪੋਸਟ-ਗਰੇਜੂਏਟ ਕਹਿੰਦੇ ਆ, ਡਿਗਰੀਆਂ ਕਮਾ ਰੱਖੀਆਂ ਨੇ: ਭੌਤਿਕ ਵਿਗਿਆਨ, ਕੰਪਿਊਟਰ ਵਿਗਿਆਨ, ਤੇ ਜੀਵ ਵਿਗਿਆਨ ਵਿੱਚ। ਪਰ, ਭੌਤਿਕ ਵਿਗਿਆਨ ਦਾ ਕੋਨਾ ਮੇਰਾ ਵਧੇਰੇ ਪਸੰਦੀਦਾ ਹੈ, ਉਸ ਨਾਲ ਥੋੜਾ ਜਾਂ ਬਹੁਤਾ ਸੰਪਰਕ ਵਿੱਚ ਮੈਂ ਹਮੇਸ਼ਾ ਵਿੱਚ ਰਹਿੰਦਾ ਆ। ਆਸਾਰ ਬਣ ਰਹੇ ਆ ਕਿ ਆਉਦੇ ਸਮੇਂ ਭੌਤਿਕ ਵਿਗਿਆਨ ਖੋਜ ਵਿੱਚ ਫਿਰ ਜ਼ਿਆਦਾ ਸਰਗਰਮ ਹੋ ਜਾਵਾਂਗਾ।

**ਚੱਲੋ ਗੱਲ ਨੂੰ ਫਿਰ ਕਵਿਤਾ ਵੱਲ ਨੂੰ ਮੋੜੀਏ। ਤੁਹਾਡਾ ਕੰਮ-ਖੇਤਰ ਵਿਗਿਆਨ ਖੋਜ ਤੇ ਵਿਗਿਆਨ ਅਧਿਆਪਨ ਦਾ ਹੈ। ਕਵਿਤਾ ਵਰਗੀ ਨਾਜ਼ਕ ਵਿਧਾ ਲਈ ਇਹ ਅੜਚਣ ਤਾਂ ਨਹੀਂ ਬਣਦਾ?**

ਤੁਹਾਡਾ ਸੁਆਲ, ਸੋਢੀ ਜੀ, ਬੜਾ ਬਾਜਵ ਆ। ਦੇਖਣ ਨੂੰ ਤਾਂ ਇੰਝ ਈ ਲੱਗਦਾ ਕਿ ਕਵੀ ਤੇ ਵਿਗਿਆਨੀ ਦੋ ਅਲੱਗ ਅਲੱਗ ਸੰਸਾਰਾਂ ਦੇ ਵਾਸੀ ਆ ਤੇ ਬੰਦਾ ਦੋ ਬਿਲਕੁਲ ਅਲੱਗ ਦਿਸਦੇ ਸੰਸਾਰਾਂ ਵਿਚ ਇੱਕੋ ਸਮੇਂ ਕਿਵੇਂ ਰਹਿ ਸਕਦਾ। ਕਵਿਤਾ ਤੇ ਵਿਗਿਆਨ ਵਿਚ ਇਹ ਵਿਰੋਧ ਸਾਨੂੰ ਇਸ ਲਈ ਦਿਸਦਾ ਕਿਉਂਕਿ ਸਾਡਾ ਵਿਸ਼ਵਾਸ਼ ਆ ਕਿ ਕਵਿਤਾ ਦਾ ਸੰਬੰਧ ਕਲਪਨਾ ਨਾਲ ਹੈ ਤੇ ਵਿਗਿਆਨ ਦਾ ਤਰਕ ਤੇ ਪ੍ਰਯੋਗ ਨਾਲ। ਪਰ, ਇਹ ਕਲਪਿਤ ਵਿਰੋਧ ਆਪਣੇ ਆਪ ਹੀ ਗਾਇਬ ਹੋ ਜਾਂਦਾ ਜੇ ਅਸੀਂ ਇਸ ਸਚਾਈ ਨੂੰ ਗ੍ਰਹਿਣ ਕਰ ਲਈਏ ਕਿ ਨਾਂ ਤਾਂ ਕਵਿਤਾ ਹੀ ਤਰਕ ਤੋਂ ਪੂਰੀ ਤਰਾਂ ਮੁਕਤ ਹੈ ਤੇ ਨਾ ਹੀ ਵਿਗਿਆਨ ਦੀ ਕਲਪਨਾ ਤੋਂ ਬਿਨਾਂ ਪ੍ਰਗਤੀ ਹੋਣੀ ਸੰਭਵ ਆ। ਵਿਗਿਆਨ ਵਿੱਚ ਖੋਜ ਉਨ੍ਹਾਂ ਚੀਜ਼ਾਂ ਜਾਂ ਵਰਤਾਰਿਆਂ ਬਾਰੇ ਕੀਤੀ ਜਾਂਦੀ ਆ ਜਿਨ੍ਹਾਂ ਬਾਰੇ, ਜਾਂ ਜਿਨ੍ਹਾਂ ਦੇ ਕੁਝ ਪੱਖਾਂ ਬਾਰੇ, ਸਾਨੂੰ ਅਜੇ ਗਿਆਨ ਨਹੀਂ ਹੁੰਦਾ। ਅਜਿਹੀ ਖੋਜ ਕਰਦੇ ਸਮੇਂ ਵਿਗਿਆਨੀ ਨੂੰ ਪ੍ਰਾਪਤ ਗਿਆਨ ਦੇ ਧਰਾਤਲ ਉੱਪਰ ਖੜ੍ਹ ਕੇ ਅਣਸਮਝੀ ਅਣਜਾਣੀ ਦੁਨੀਆਂ ਵੱਲ ਨੂੰ ਕਲਪਨਾ ਦੀ ਉਡਾਰੀ ਮਾਰਨੀ ਪੈਂਦੀ ਆ। ਪ੍ਰਾਪਤ ਗਿਆਨ ਦੇ ਧਰਾਤਲ ਤੇ ਖੜ੍ਹ ਕੇ ਮਾਰੀ ਇਸ ਕਲਪਨਾ ਉਡਾਰੀ 'ਚੋਂ ਵਿਗਿਆਨਕ ਸਿਧਾਂਤ ਜਾਂ ਪਰਿ-ਸਿਧਾਂਤ ਜਨਮ ਲੈਂਦੇ ਆ। ਨਿਸ਼ਚੇ ਹੀ ਐਸੇ ਸਿਧਾਂਤ ਜਾਂ ਪਰਿ-ਸਿਧਾਂਤ ਨੂੰ ਵਿਗਿਆਨਕ ਤਜਰਬਿਆਂ/ਪ੍ਰਯੋਗਾਂ ਦੀ ਕਸਵੱਟੀ ਉੱਪਰ ਪਰਖਿਆ ਜਾਏਗਾ, ਪਰ ਐਸੇ ਸਿਧਾਂਤ ਤੱਕ ਪਹੁੰਚਣ ਲਈ ਕਲਪਨਾ ਨਿਸ਼ਚੇ ਹੀ ਮਹੱਤਵਪੂਰਨ ਰੋਲ ਨਿਭਾਉਂਦੀ ਆ। ਸਾਰਥਿਕ ਕਵਿਤਾ ਵੀ ਤਾਂ ਹੀ ਲਿਖੀ ਜਾਂਦੀ ਆ ਜੇ ਪ੍ਰਾਪਤ ਗਿਆਨ ਦੇ ਧਰਾਤਲ 'ਤੇ ਖੜ੍ਹਕੇ ਅਣਜਾਣੀ ਦੁਨੀਆਂ ਵੱਲ ਨੂੰ ਕਲਪਨਾ ਦੀ ਉਡਾਰੀ ਮਾਰੀ ਜਾਵੇ। ਸੋ, ਵਿਗਿਆਨ ਦਾ ਕਵਿਤਾ ਵਿਚ ਰੋਲ ਵਿਘਨ ਪਾਉਣ ਵਾਲਾ ਨਹੀਂ ਸਗੋਂ ਮੱਦਦ ਕਰਨ ਵਾਲਾ। ਮੇਰੇ ਅੰਦਰ ਵਿਗਿਆਨ ਤੇ ਕਵਿਤਾ ਦੋਨੋਂ ਪ੍ਰਸਪਰ ਸਦਭਾਵਨਾ ਤੇ ਸਮਤੋਲ,ਸਮਤਾਲ ਵਿਚ ਰਹਿੰਦੇ ਆ। ਦੋਨ੍ਹਾਂ ਵਿਚ ਕਦੀ ਕਲੇਸ਼ ਨਹੀਂ ਹੋਇਆ। ਕਿਸੇ ਵੀ ਭਾਸ਼ਾ ਦੀ ਕਵਿਤਾ ਵਾਂਗ, ਪੰਜਾਬੀ ਕਵਿਤਾ ਦਾ ਭਲਾ ਵੀ ਵਿਗਿਆਨ ਤੇ ਤਰਕ ਨੂੰ ਨਿਕਾਰਨ ਵਿਚ ਨਹੀਂ ਸਗੋਂ ਇਨ੍ਹਾਂ ਨੂੰ ਅਪਣਾਉਣ ਵਿਚ ਆ। ਵਿਗਿਆਨ ਦਾ ਮੂਲ ਕੰਮ ਹੈ: ਕੁਦਰਤ ਦੇ ਭੇਤ ਖੋਜਣਾ ਜਾਂ ਉਧੇੜਣਾ। ਵਿਗਿਆਨ ਦੀ ਅੱਖ ਨਾਲ ਵੇਖਿਆਂ ਮੈਨੂੰ ਤਾਂ ਕੁਦਰਤ ਅਨਗਣਿਤ ਕਵਿਤਾਵਾਂ ਸੰਗ ਭਰਿਆਂ ਮਹਾਂ-ਕਾਵਿ ਹੀ ਲੱਗਦੀ ਆ:

**ਕਦ ਹਰ ਥਾਂ ਖਿੜੀ ਬਹਾਰ ਦਿਸੇ ਕਦ ਪੱਤਝੜ ਰੁੰਡ ਮਰੁੰਡ ਕਰੇ,**
**ਹੁਣੇ ਅੱਗ ਅਸਮਾਨੋਂ ਵਰ੍ਹਦੀ ਸੀ ਹੁਣ ਅੰਬਰੋਂ ਕੂਲੀ ਬਰਫ਼ ਝੜੇ।**
**ਚੜ੍ਹ ਬੱਦਲਾਂ ਦੀ ਕੰਧੇੜੀ 'ਤੇ ਕਦੀ ਵਿਹੜੇ ਸਾਗਰ ਆਣ ਵੜ੍ਹੇ,**
**ਤੇਰੀ ਕਾਰ ਤੋਂ ਇਕ ਹਜ਼ਾਰ ਗੁਣਾ ਦੀ ਤੇਜ਼ੀ ਦੇ ਨਾਲ ਨਾਚ ਕਰੇ,**
**ਨੱਚ ਜ਼ਮੀਂ ਦੁਆਲੇ ਸੂਰਜ ਦੇ ਰੁੱਤਾਂ ਦੀ ਚੱਕੀ ਫੇਰੀ ਹੈ,**
**ਹੁਣ ਇਹਤੋਂ ਵੱਡੀ ਦੱਸ ਕਵੀਆ ਕਵੀਆਂ ਦੀ ਕਵਿਤਾ ਕਿਹੜੀ ਹੈ?**
**'ਮੈਂ' ਦੇ ਰੀਬੂਟ ਤੋਂ ਹੁਣ ਤੱਕ**

**ਤੁਹਾਡਾ ਪਹਿਲਾ ਕਾਵਿ-ਸੰਗ੍ਰਹਿ 'ਟੱਕਰ' ਭਾਅ ਜੀ ਗੁਰਸ਼ਰਨ ਸਿੰਘ ਹੁਣਾਂ ਨੇ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਵਲੋਂ ਪ੍ਰਕਾਸ਼ਤ ਕੀਤਾ, 1980 ਵਿੱਚ। ਉਦੋਂ ਤੱਕ ਇਸ 'ਚੋਂ ਸੱਤਰਵਿਆਂ ਵਿਚ ਤੁਹਾਡਾ ਗੀਤ "ਸੁਣ ਦਿੱਲੀ ਦੀਏ ਸਰਕਾਰੇ, ਤੇਰੇ ਸਾਡੇ ਵੈਰ ਕਰਾਰੇ..." ਉਦਾਸੀ ਦੇ ਗੀਤਾਂ ਤੇ ਪਾਸ਼ ਦੀ ਕਵਿਤਾ ਵਾਂਗ ਹੀ ਪੰਜਾਬ ਵਿਚ ਮਕਬੂਲ ਹੋ ਚੁੱਕਿਆ ਸੀ। ਪਲਸ ਮੰਚ ਦੀਆਂ ਟੇਪਾਂ ਵਿਚ ਤੁਹਾਡੇ ਗੀਤ ਵੀ ਰਿਕਾਰਡ ਹੁੰਦੇ ਰਹੇ। ਅੱਸੀਵਿਆਂ ਦੇ ਮੰਦਭਾਗੇ ਫਿਰਕੂ ਮਹੌਲ ਦੌਰਾਨ ਮਕਬੂਲ ਹੋਇਆ ਗੀਤ "ਲਹੂ ਵਿਚ ਭਿੱਜਿਆ ਗੁਲਾਬ ਸਾਥੀਉ, ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ" ਵੀ ਤੁਹਾਡੀ ਕਲਮ 'ਚੋਂ ਨਿੱਕਲਿਆ। ਇਸ ਸਮੇਂ ਦੌਰਾਨ ਇਸੇ ਵਿਸ਼ੇ 'ਤੇ ਤੁਸੀਂ ਇੱਕ ਬੜਾ ਵਿਲੱਖਣ ਨਾਵਲ "ਢੱਠਾ ਖੂਹ" ਵੀ ਲਿਖਿਆ, ਜੋ ਪਲਸ ਮੰਚ ਵਲੋਂ ਪ੍ਰਕਾਸ਼ਤ ਹੋਇਆ। 1982 'ਚੇ ਤੁਹਾਡੇ ਵਲੋਂ ਲਿਖਿਆ, ਯੋਜੀਨ ਪੋਤੀਓ ਦੇ 'ਇੰਟਰਨੈਸ਼ਨਲ' ਗੀਤ ਦਾ ਪੰਜਾਬੀ ਰੂਪ "ਲਹਿਰਾਂ ਬਣ ਉੱਠੋ ਭੁੱਖਾਂ ਦਿਓ ਲਤਾੜਿਓ, ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ...", ਉਦੋਂ ਤੋਂ ਹੁਣ ਤੱਕ ਪੰਜਾਬ ਦੀ ਪ੍ਰਗਤੀਸ਼ੀਲ ਧਿਰ ਦੀਆਂ ਸਟੇਜਾਂ 'ਤੇ ਚੱਲਦਾ। 1997 ਵਿੱਚ ਤੁਹਾਡਾ ਕਾਵਿ-ਸੰਗ੍ਰਹਿ 'ਕਿੱਸਿਆਂ ਦੇ ਕੈਦੀ' ਗੁਰਸ਼ਰਨ ਸਿੰਘ ਹੁਣਾਂ ਦੀ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਵਲੋਂ ਪ੍ਰਕਾਸ਼ਤ ਕੀਤਾ ਗਿਆ। 2000 ਵਿੱਚ ਤੁਹਾਡਾ ਦੂਜਾ ਨਾਵਲ "ਇੱਕ 'ਦਹਿਸ਼ਤ ਪਸੰਦ' ਦੀ ਡਾਇਰੀ" ਸ਼ਹੀਦ ਪਬਲੀਕੇਸ਼ਨਜ਼ ਪ੍ਰਕਾਸ਼ਨ ਪੰਜਾਬ ਵਲੋਂ ਪ੍ਰਕਾਸ਼ਤ ਕੀਤਾ ਗਿਆਨ, 2004 ਵਿੱਚ ਚੇਤਨਾ ਪ੍ਰਕਾਸ਼ਨਾ ਨੇ ਤੁਹਾਡੇ ਕਾਵਿ-ਸੰਗ੍ਰਹਿ 'ਭੂਤ ਨਗਰੀ' ਦੀ ਪ੍ਰਕਾਸ਼ਨਾ ਕੀਤੀ, ਤੇ 2020 ਵਿੱਚ ਪੰਜਾਬ ਪੀਪਲਜ਼ ਫ਼ੋਰਮ ਨੇ, ਗ਼ਦ ਦੇ ਖ਼ੇਤਰ 'ਚੇ ਤੁਹਾਡੀ ਕਿਤਾਬ "ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)" ਪ੍ਰਕਾਸ਼ਤ ਕੀਤੀ, ਜੋ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰ ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ਨੂੰ ਪਛਾਣਦੀ ਤੇ ਪ੍ਰਭਾਸ਼ਤ ਕਰਦੀ ਹੋਈ ਇਹਦੀ ਤੁਲਨਾ ਯੂਰਪੀਅਨ ਰੇਨਾਸਾਂਸ ਲਹਿਰ ਨਾਲ ਕਰਦੀ ਹੈ। ਭਾਰਤੀ ਕਿਸਾਨ ਅੰਦੋਲਨ 2020-2021 ਦੌਰਾਨ ਤੁਹਾਡਾ ਗੀਤ "ਸੁਣ ਦਿੱਲੀ ਦੀਏ ਸਰਕਾਰੇ, ਤੇਰੇ ਸਾਡੇ ਵੈਰ ਕਰਾਰੇ" ਲੋਕ-ਗੀਤਾਂ ਵਾਂਗ ਗਾਇਆ ਜਾਂਦਾ ਰਿਹਾ; ਤੁਹਾਡਾ ਲਿਖਿਆ ਤੇ ਬਰਕਤ ਸਿੱਧੂ ਦਾ ਗਾਇਆ "ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ" ਗੀਤ ਦਾ ਸੰਸਕਰਨ ਵੀ ਵੱਜਦਾ ਰਿਹਾ। ਉਹਤੋਂ ਬਾਅਦ ਕਵਿਤਾਵਾਂ ਤੇ ਲੇਖ ਲਿਖਦੇ ਚਲੇ ਆਉਂਦੇ ਹੋ। ਫਿਰ ਵੀ ਪੰਜਾਬੀ ਸਾਹਿਤ ਦੇ ਖ਼ੇਤਰ ਵਿੱਚ ਤੁਹਾਡਾ ਬਣਦਾ ਨੋਟਿਸ ਨਹੀਂ ਲਿਆ ਗਿਆ। ਦੂਜੇ ਸ਼ਬਦਾਂ ਵਿਚ, ਪੰਜਾਬੀ ਆਲੋਚਨਾ ਜਾਂ ਆਲੋਚਕਾਂ ਤੋਂ ਕਿੰਨਾ ਕੁ ਖੁਸ਼ ਹੋ?**

ਮੈਂ ਸ਼ੁਰੂ ਵਿੱਚ ਹੀ ਅਨੁਭਵ ਲਿਆ ਸੀ ਕਿ ਪੰਜਾਬੀ ਸਾਹਿਤ ਦੀ ਸਥਾਪਤੀ ਦੀ ਨਜ਼ਰ ਚੜ੍ਹਨ ਲਈ ਕਈ ਤਰਾਂ ਦੇ ਪਾਪੜ ਵੇਲਣੇ ਪੈਣਗੇ। ਜ਼ਿੰਦਗੀ ਬਹੁਤ ਛੋਟੀ ਭਾਸਦੀ ਹੈ, ਇਸ ਲਈ ਮੈਂ ਆਪਣਾ ਵਕਤ ਬੜਾ ਸੋਚ ਸਮਝ ਕੇ ਵਰਤਦਾਂ। ਉਂਝ ਵੀ ਇਸ ਤਰ੍ਹਾਂ ਦੇ ਪਾਪੜ ਵੇਲਣ ਲਈ ਆਪਣੀ ਜ਼ਮੀਰ ਗਹਿਣੇ ਗਹਿਣੇ ਰੱਖਣੀ ਪੈਂਦੀ ਹੋਊ, ਜੋ ਮੈਨੂੰ ਮਨਜ਼ੂਰ ਨਹੀਂ। ਸੋ, ਮੈਂ ਇਹ ਖੇਡ ਖੇਡਣ ਤੋਂ ਕੰਨੀ ਕਤਰਾ ਗਿਆ। ਇਹ ਮੇਰੀ ਆਪਣੀ ਚੋਣ ਸੀ ਤੇ ਹੈ; ਨਤੀਜਾ ਖਿੜੇ ਮੱਥੇ ਭੁਗਤ ਰਿਹਾਂ। ਦੂਜੇ ਸ਼ਬਦਾਂ ਵਿਚ, ਪੰਜਾਬੀ ਸਾਹਿਤਕਾਰ ਵਜੋਂ ਮੈਂ ਆਮ ਤੌਰ 'ਤੇ ਪੰਜਾਬੀ ਅਲੋਚਨਾ ਤੋਂ ਸੰਤੁਸ਼ਟ ਨਹੀਂ ਆਂ ਤੇ ਪੰਜਾਬੀ ਆਲੋਚਕਾਂ ਉੱਪਰ ਨਿੱਜੀ ਤੌਰ 'ਤੇ ਗਿਲਾ ਵੀ ਕੋਈ ਨਹੀਂ। ਮੈਂ ਉਨ੍ਹਾਂ ਦੀਆਂ ਦੁਕਾਨਾਂ ਉੱਪਰੋਂ ਕਦੀ ਸੌਦਾ ਖਰੀਦਣ ਹੀ ਨਹੀਂ ਗਿਆ, ਤਾਂ ਓਨ੍ਹਾਂ ਦੀ ਨਜ਼ਰੀਂ ਹੀ ਨਹੀਂ ਪਿਆ, ਨਜ਼ਰ ਚੜ੍ਹਨਾ ਤਾਂ ਗੱਲ ਦੂਰ ਦੀ। ਸਾਹਿਤਕਾਰ ਵਜੋਂ ਗ਼ੈਰ-ਸੰਤੁਸ਼ਟੀ ਇਸ ਵਿੱਚ ਆ ਕਿ ਪੰਜਾਬੀ ਸਾਹਿੱਤ ਦੇ ਸਦੀਆਂ ਲੰਬੇ ਇਤਿਹਾਸ ਦੇ ਬਾਵਜੂਦ ਵੀ ਅਜੋਕੀ ਪੰਜਾਬੀ ਸਾਹਿਤ ਆਲੋਚਨਾ ਦਾ ਖੇਤਰ ਕਈ ਪੱਖਾਂ ਤੋਂ ਅਜੇ ਵੀ ਬੜੇ ਗੈਰ ਸੰਜੀਦਾ ਤੇ ਪਰਾਰੰਭਿਕ ਦੌਰ ਵਿਚ ਲੱਗਦਾ ਆ। ਪਹਿਲੀ ਗੱਲ ਤਾਂ ਇਹ ਕਿ ਅਲੋਚਕ ਪ੍ਰਕਾਸ਼ਤ ਹੋ ਰਹੇ ਸਾਹਿਤ ਦੇ ਇਕ ਬੜੇ ਛੋਟੇ ਜਿਹੇ ਹਿੱਸੇ ਵੱਲ ਵੀ ਧਿਆਨ ਦਿੰਦੇ ਆ। ਬਾਕੀ ਦੇ ਹਿੱਸੇ ਤੱਕ ਪਹੁੰਚਣ ਲਈ ਜਾਂ ਤਾਂ ਉਹ ਕੋਸ਼ਿਸ਼ ਨਹੀਂ ਕਰਦੇ ਜਾਂ ਉਹਨੂੰ ਅਣਗੌਲਿਆਂ ਕਰ ਦਿੰਦੇ ਆ। ਜਿਹੜਾ ਹਿੱਸਾ ਉਹਨਾਂ ਦੇ ਧਿਆਨ ਘੇਰੇ ਵਿਚ ਆਉਂਦਾ ਵੀ ਆ ਉਹਦੀ ਅਲੋਚਨਾ ਵੀ ਕਿਸੇ ਮਿਆਰੀ ਮਾਪ ਦੰਡਾਂ ਦੇ ਆਧਾਰ ਉੱਪਰ ਨਹੀਂ ਹੁੰਦੀ ਸਗੋਂ ਆਲੋਚਕ ਅਕਸਰ ਲਿਖਤ ਅਤੇ ਲੇਖਕ ਪ੍ਰਤੀ ਆਪਣੀਆਂ ਨਿੱਜੀ ਭਾਵਨਾਵਾਂ ਜਾਂ ਅਗਾਂਊ ਤਹਿ ਯੋਜਨਾ 'ਤੇ ਆਧਾਰਿਤ ਸ਼ਬਦ ਜਾਲ ਬੁਣਨ ਲੱਗ ਪੈਂਦਾ ਆ। ਲੇਖਕਾਂ ਨੂੰ ਉੱਪਰ ਚੁੱਕਣਾਂ, ਥੱਲੇ ਲਾਹੁਣਾ, ਜਾਂ ਅਣਗੌਲਿਆਂ ਕਰਨਾ ਅਲੋਚਕਾਂ ਦੇ ਨਿੱਜੀ ਦਾਇਰਿਆਂ, ਗੁੱਟਬੰਦੀਆਂ, ਯਾਰੀਆਂ, ਦੁਸ਼ਮਣੀਆਂ ਉੱਪਰ ਜ਼ਿਆਦਾ ਅਧਾਰਤ ਆ। ਅਲੋਚਕਾਂ ਉੱਪਰ ਗਿਲਾ ਇਸ ਲਈ ਨਹੀਂ ਕਿ ਮੈਂ ਜਗੀਰੂ ਕਦਰਾਂ ਕੀਮਤਾਂ ਵਾਲੇ ਸਮਾਜ ਵਿਚ ਰਹਿ ਰਹੇ, ਤੇ ਉਪਰੋਂ ਭੂਤਮੁੱਖੀ ਸੋਚ ਦੇ ਸ਼ਿਕਾਰ, ਅਲੋਚਕਾਂ ਕੋਲੋਂ ਇਹਤੋਂ ਵੱਧ ਆਸ ਵੀ ਕੋਈ ਨਹੀਂ ਰੱਖਦਾ। ਪੰਜਾਬੀ ਸਾਹਿਤਕ ਆਲੋਚਨਾ ਦੀ ਮੇਰੇ ਵਲੋਂ ਕੀਤੀ ਉੱਤਕ ਆਲੋਚਨਾ,ਬਦਕਿਸਮਤੀ ਨੂੰ, ਲੱਗਭੱਗ ਸਾਰੇ ਪੰਜਾਬੀ 'ਤੇ ਢੁੱਕਦੀ ਹੈ, ਪਰ ਖੁਸ਼ਕਿਸਮਤੀ ਨੂੰ 'ਵੀਂਹ ਵੀਂਹ ਕੋਹ 'ਤੇ ਦੀਵਾ' ਤਾਂ ਜਗਦਾ ਹੀ ਹੈ। ਭਾਵੇਂ 'ਆਟੇ ਵਿੱਚ ਲੂਣ ਬਰਾਬਰ' ਹੀ ਸਹੀ, ਪਰ ਕੁਝ ਅਸਲੀ, ਯਾਣਿ genuine, ਆਲੋਚਕ ਤੇ ਸਮੀਖਿਆ/ਮੁਲਾਂਕਣ ਕਾਰ ਪੰਜਾਬੀ ਸਾਹਿਤ ਵਿੱਚ ਵੀ ਮਿਲ ਜਾਂਦੇ ਨੇ; ਮਿਸਾਲ ਵਜੋਂ ਜਿਨ੍ਹਾਂ ਦੇ ਰਾਹਾਂ ਨਾਲ ਮੇਰੇ ਰਾਹ ਪਾਰ ਹੋਏ, ਉਹ ਨੇ ਭਾਅ ਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ), ਡਾ. ਉਮਿੰਦਰ ਜੌਹਲ, ਰਵਿੰਦਰ ਸਿੰਘ ਸੋਢੀ, ਆਦਿ।

**ਤੁਸੀਂ ਖੁੱਲ੍ਹੀ ਕਵਿਤਾ ਵੀ ਲਿਖੀ ਹੈ ਤੇ ਪ੍ਰਗੀਤਕ ਵੀ। ਇਹ ਫੈਸਲਾ ਕਿਵੇਂ ਕਰਦੇ ਉਂ ਕਿ ਕਦੋਂ ਖੁੱਲ੍ਹੀ ਕਵਿਤਾ ਲਿਖਣੀ ਆਂ ਤੇ ਕਦੋਂ ਗੀਤ ਦੇ ਰੂਪ ਵਿਚ ਜਾਂ ਪ੍ਰਗੀਤਕ?**

ਕਵਿਤਾ ਦਾ ਖੁੱਲ੍ਹੀ ਜਾਂ ਪ੍ਰਗੀਤਕ ਹੋਣਾ ਕਾਵਿ-ਰੂਪ ਦਾ ਮਸਲਾ ਹੈ, ਤੇ ਕਵਿਤਾ ਵਿਚਲਾ ਖਿਆਲ ਤੇ ਮਸਾਲਾ ਕਵਿਤਾ ਦਾ ਵਿਸ਼ਾ-ਵਸਤੂ ਹੁੰਦਾ ਆ। ਕੋਈ ਵਿਸ਼ਾ-ਵਸਤੂ ਖੁੱਲ੍ਹੀ ਕਵਿਤਾ ਵਿਚ ਜ਼ਿਆਦਾ ਅਸਰਦਾਇਕ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਤੇ ਕੋਈ ਹੋਰ ਵਿਸ਼ਾ-ਵਸਤੂ ਪ੍ਰਗੀਤਕ ਕਵਿਤਾ ਵਿਚ। ਸੋ, ਮੇਰੇ ਵਿਚਾਰ ਅਨੁਸਾਰ, ਕਾਵਿ ਰੂਪ ਆਮ ਤੌਰ 'ਤੇ ਵਿਸ਼ਾ-ਵਸਤੂ ਉੱਪਰ ਨਿਰਭਰ ਕਰਦਾ। ਬਾਕੀ, ਹਰੇਕ ਕਵੀ ਦਾ ਕਵਿਤਾ ਲਿਖਣ ਦਾ ਆਪਣਾ ਹੀ ਢੰਗ ਹੁੰਦਾ (ਜਾਂ ਹੋਣਾ ਚਾਹੀਦਾ) ਜਿਹਨੂੰ ਕਾਵਿ-ਵਿਧੀ ਕਹਿ ਸਕਦੇ ਆਂ; ਇਹ ਕਾਵਿ-ਵਿਧੀ ਅਕਸਰ ਤਜਰਬੇ, ਯਾਣਿ ਇਣਪਇਰਇਨਚਇ, 'ਚੋਂ ਉੱਸਰਦੀ ਆ। ਮੌਲਿਕਤਾ ਪੈਦਾ ਕਰਨ ਲਈ ਕਵੀ ਵਾਸਤੇ ਬੜਾ ਜ਼ਰੂਰੀ ਹੁੰਦਾ ਆ ਕਿ ਉਹ ਆਪਣੀ ਅਲੱਗ ਕਾਵਿ-ਵਿਧੀ ਵਿਕਸਿਤ ਕਰੇ। ਇਹ ਕਾਵਿ-ਵਿਧੀ ਵੀ ਇਸ ਫੈਸਲੇ ਵਿਚ ਰੋਲ ਅਦਾ ਕਰਦੀ ਆ ਕਿ ਕੋਈ ਵਿਸ਼ਾ-ਵਸਤੂ ਖੁੱਲ੍ਹੀ ਕਵਿਤਾ ਦੇ ਜ਼ਿਆਦਾ ਮੇਚ ਆਊ ਜਾਂ ਪ੍ਰਗੀਤਕ ਕਵਿਤਾ ਦੇ।

**ਕਵਿਤਾ ਦਾ ਖ਼ਿਆਲ ਆਉਣ ਤੋਂ ਲੈ ਕੇ ਕਵਿਤਾ ਪੂਰੀ ਤਰ੍ਹਾਂ ਲਿਖਣ ਤੱਕ ਦਾ ਸਫ਼ਰ ਕਿਸ ਤਰ੍ਹਾਂ ਦਾ ਹੈ ਤੁਹਾਡਾ?**

ਬੜਾ ਸੋਹਣਾ ਤੇ ਰੌਚਕ ਸੁਆਲ! ਤੁਸੀਂ ਠੀਕ ਬੁੱਝਿਆ; ਮੇਰੀ ਲਈ ਹਰ 'ਕਵਿਤਾ ਉਸਾਰੀ' ਇੱਕ ਸਫ਼ਰ ਹੈ, ਤੇ ਇਹ ਸਫ਼ਰ ਖ਼ਿਆਲ ਤੋਂ ਸ਼ੁਰੂ ਹੁੰਦਾ ਆ। ਖਿਆਲ ਆਉਣ ਲੱਗਾ ਥਾਂ ਤੇ ਸਮਾਂ ਨਹੀਂ ਵੇਖਦਾ, ਨਾ ਇਸ ਗੱਲ ਦੀ ਪ੍ਰਵਾਹ ਕਰਦਾ ਪਈ ਮੈਂ ਕਿਸ ਹਾਲਤ ਵਿੱਚ ਆ, ਕੀ ਕਰ ਰਿਹਾ, ਜਾਗਦਾ ਜਾਂ ਸੁੱਤਾ, ਇਤਿਆਦਿ। ਮੈਨੂੰ ਜਦ ਖਿਆਲ ਜਾਂ ਕਾਵਿ-ਖਿਆਲ ਆਉਂਦਾ ਤਾਂ ਮੈਂ ਫ਼ਟਾਫੱਟ ਲੈਪਟਾਪ ਚੁੱਕ ਕੇ ਕਵਿਤਾ ਲਿਖਣ ਨਹੀਂ ਲੱਗ ਪੈਂਦਾ। ਬਲਕਿ, ਮੈਂ ਖਿਆਲ ਨਾਲ ਘੁਲਦਾ ਰਹਿੰਦਾ ਹਾਂ ਉਹਦੇ ਵੱਖ ਵੱਖ ਪਹਿਲੂ ਟੋਹਣ ਲਈ, ਤੇ ਇਸ ਖ਼ਿਆਲ ਨੂੰ ਇਹਦੇ ਗੁਆਂਡੀ ਖ਼ਿਆਲਾਂ ਨਾਲ ਲੜਨ ਝਗੜਣ ਦਿੰਦਾ। ਫਿਰ ਕਵਿਤਾ ਸ਼ੁਰੂ ਹੋ ਜਾਂਦੀ ਆ, ਮਨ ਹੀ ਮਨ, ਕਵਿਤਾ ਘੁਲਦਾ ਆ, ਮਨ ਹੀ ਮਨ। ਆਖ਼ਰੀ ਕਦਮ ਆ, ਲੈਪਟਾਪ ਚੁੱਕ ਕੇ ਕਵਿਤਾ ਲਿਖਣੀ ਸ਼ੁਰੂ ਕਰਨਾ। ਖਿਆਲ ਦੀ ਆਮਦ ਤੋਂ ਕਵਿਤਾ ਲਿਖਣ ਦੇ ਸਫ਼ਰ ਦੌਰਾਨ, ਕਈ ਵਾਰ ਜੇ ਨਵ-ਆਏ ਖਿਆਲ ਉੱਪਰ ਬੈਠਾ ਹੀ ਰਹਾਂ, ਉਸ ਉੱਪਰ ਕੰਮ ਸ਼ੁਰੂ ਕਰਨ ਦੀ ਬਜਾਏ, ਤਾਂ ਖ਼ਿਆਲ ਓਡਾਰੀ ਮਾਰ ਜਾਂਦਾ ਆ। ਕਈ ਵਾਰ ਅਜੇਹਾ ਖ਼ਿਆਲ ਵਾਪਸ ਆ ਜਾਂਦਾ, ਕਈ ਵਾਰੀ ਨਹੀਂ:

ਪਤਾ ਨਹੀਂ ਕਿੱਧਰੋਂ ਆਇਆ ਤੇ ਕਿੱਧਰ ਚਲਾ ਗਿਆ ਹੈ
ਉਹ ਮੇਰੇ ਆਸਣ ਦੀਆਂ ਚੂਲ੍ਹਾਂ ਹਿਲਾ ਗਿਆ।
ਨਾ ਮਾਇਆ, ਨਾ ਸ਼ਹੁਰਤ ਮਹਿਜ ਇੱਕ ਖਿਆਲ ਸੀ,
ਚਿੱਕੜ 'ਚੋਂ ਚੁੱਕ ਮੈਨੂੰ 'ਪਰਖਿਆ' ਚੋਟੀ 'ਤੇ ਬਿਠਾ ਗਿਆ।

**ਕਵਿਤਾ ਵਿਚ ਸਿਆਸੀ ਦਖ਼ਲਅੰਦਾਜ਼ੀ ਬਾਰੇ ਤੁਹਾਡਾ ਕੀ ਵਿਚਾਰ ਆ। ਕਵਿਤਾ ਕਦੋਂ ਕਵਿਤਾ ਹੁੰਦੀ ਆ ਤੇ ਕਦੋਂ ਸਿਆਸੀ ਨਾਹਰੇਬਾਜ਼ੀ?**

ਜੇ ਸੋਚੀਏ ਤਾਂ, ਇਹ ਮੁੱਦਾ ਬੜਾ ਸਧਾਰਨ ਤੇ ਸੌਖਾ ਆ। ਸਿਆਸਤ ਕਈ ਵਿਸ਼ਿਆਂ ਵਿੱਚੋਂ ਇਕ ਵਿਸ਼ਾ ਤੇ ਬੜਾ ਮਹੱਤਵਪੂਰਨ ਵਿਸ਼ਾ। ਜੇ ਬਾਕੀ ਦੇ ਵਿਸ਼ੇ ਕਵਿਤਾ ਵਿਚ ਦਖ਼ਲ ਅੰਦਾਜ਼ੀ ਕਰ ਸਕਦੇ ਆ ਤਾਂ ਸਿਆਸਤ ਕਿਉਂ ਨਹੀਂ? ਜੇ ਕਵਿਤਾ ਬਾਕੀ ਵਿਸ਼ਿਆਂ, ਮਿਸਾਲ ਵਜੋਂ ਪਿਆਰ, ਵਿਯੋਗ, ਤੇ ਧਰਮ, ਨੂੰ ਛੋਂਹਦੀ ਹੋਈ ਵੀ ਕਵਿਤਾ ਰਹਿ ਸਕਦੀ ਆ ਤਾਂ ਉਹ ਸਿਆਸਤ ਨੂੰ ਛੋਂਹਦਿਆਂ ਅਚਾਨਕ ਅਕਵਿਤਾ ਕਿਉਂ ਹੋ ਜਾਊ? ਕੁਝ ਤੱਤ ਨੇ ਜੋ ਮਿਲਕੇ ਕਿਸੇ ਰਚਨਾ ਨੂੰ ਕਵਿਤਾ ਬਣਾਉਂਦੇ ਨੇ, ਜਿਵੇਂ ਤੁਕਬੰਦੀ, ਬਿੰਬ, ਅਲੰਕਾਰ, ਤੇ ਮੂਰਤੀਮਾਨਤਾ (ਇਮੇਜਰੀ), ਤੇ ਕਵਿਤਾਉਣ ਦੇ ਢੰਗ ਤੇ ਤਕਨੀਕਾਂ ਆਦਿ; -ਚਲਦਾ



ਕਿਸਿੱਆਂ ਦੇ ਕੈਦੀ ਰਿਲੀਜ਼ ਸਮਾਗਮ ਦੌਰਾਨ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਮੈਰੀਲੈਂਡ ਦੇ ਗਵਰਨਰ ਦੀ ਇੰਟਰਫੇਥ ਕੌਂਸਲ ਮੀਟਿੰਗ ਵਿੱਚ ਭਾਈ ਸਵਿੰਦਰ ਸਿੰਘ ਨੇ ਕੀਤੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ

**ਮੈਰੀਲੈਂਡ (ਸਮੀਪ ਸਿੰਘ ਗੁਮਟਾਲਾ):** ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਦੇ ਸੱਦੇ 'ਤੇ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਭਾਈ ਸਵਿੰਦਰ ਸਿੰਘ ਨੇ ਹਾਲ ਹੀ ਵਿੱਚ ਹੋਈ ਗਵਰਨਰ ਦੀ ਇੰਟਰਫੇਥ ਕੌਂਸਲ ਦੀ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਧਰਮਾਂ ਦੇ ਆਗੂ ਭਾਈਚਾਰੇ ਨੂੰ ਦਰਪੇਸ਼ ਸਾਂਝੀਆਂ ਚੁਣੌਤੀਆਂ ਸੰਬੰਧੀ ਵਿਚਾਰ ਵਟਾਂਦਰਾ ਅਤੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚਕਾਰ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ।

ਭਾਈ ਸਵਿੰਦਰ ਸਿੰਘ ਪਿਛਲੇ 25 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮੈਰੀਲੈਂਡ ਦੇ ਨਿਵਾਸੀ ਹਨ ਅਤੇ ਸੂਬੇ ਵਿੱਚ ਹੋਣ ਵਾਲੇ ਇੰਟਰਫੇਥ ਪ੍ਰੋਗਰਾਮਾਂ, ਸੰਵਾਦਾਂ ਅਤੇ ਸਮਾਜਿਕ ਉਪਰਾਲਿਆਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ। ਕੌਂਸਲ ਦੀ ਮੀਟਿੰਗ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਸਿੱਖ ਸਿਧਾਂਤਾ - ਸਮਾਨਤਾ, ਨਿਰਸਵਾਰਥ ਸੇਵਾ ਅਤੇ ਵਿਸ਼ਵਵਿਆਪੀ ਭਾਈਚਾਰੇ – ਦਾ ਪ੍ਰਚਾਰ ਕਰਦੀ ਹੈ, ਜੋ ਕਿ ਇੰਟਰਫੇਥ ਕੋਂਸਲ ਦੇ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਨ ਦੇ ਮਿਸ਼ਨ ਨਾਲ ਮੇਲ ਖਾਂਦੀ ਹੈ।




ਭਾਈ ਸਵਿੰਦਰ ਸਿੰਘ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਦੀ ਇੰਟਰਫੇਥ ਕੌਂਸਲ ਮੀਟਿੰਗ ਵਿੱਚ ਆਪਣੇ ਵਿਚਾਰ ਸਾਂਝੇ ਕਰਦੇ ਹੋਏ।

ਮੀਟਿੰਗ ਸੰਬੰਧੀ, ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਸਮਾਜਿਕ ਸਮੱਸਿਆਵਾਂ ਦਾ ਹੱਲ ਕਰਨ ਲਈ ਸਾਰੇ ਧਰਮਾਂ ਦੇ ਮੈਂਬਰਾਂ ਨੂੰ ਇਕੱਠੇ ਕਰਨਾ ਜ਼ਰੂਰੀ ਹੈ। ਸਾਡੀ ਇੰਟਰਫੇਥ ਕੌਂਸਲ ਇਹ ਵਿਸ਼ਵਾਸ ਰੱਖਦੀ ਹੈ ਕਿ ਅਸੀਂ ਆਪਸੀ ਸਹਿਯੋਗ ਅਤੇ ਭਾਈਵਾਲੀ ਰਾਹੀਂ ਹੀ ਅੱਗੇ ਵੱਧ ਸਕਦੇ ਹਾਂ। ਇਕੱਠੇ ਮਿਲ ਕੇ, ਅਸੀਂ ਸਕਾਰਾਤਮਕ ਤਬਦੀਲੀ ਨੂੰ ਯਕੀਨੀ ਬਣਾ ਸਕਦੇ ਹਾਂ!"

ਭਾਈ ਸਵਿੰਦਰ ਸਿੰਘ ਨੇ ਇਸ ਇੰਟਰਫੇਥ ਮੀਟਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆ ਕਿਹਾ ਕਿ ਅਜਿਹੀਆਂ ਬੈਠਕਾਂ ਆਪਸੀ ਸਮਝ ਨੂੰ ਵਿਕਸਤ ਕਰਦੀਆਂ ਹਨ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਸਾਂਝੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਦੀਆਂ ਹਨ। ਉਹਨਾਂ ਨੇ ਗਵਰਨਰ ਵੱਲੋਂ ਵੱਖ-ਵੱਖ ਧਰਮਾਂ ਦੇ ਆਗੂਆਂ ਨੂੰ ਵਿਚਾਰ-ਵਟਾਂਦਰੇ ਅਤੇ ਸਹਿਯੋਗ ਲਈ ਇਕੱਠੇ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਇੰਟਰਫੇਥ ਕੌਂਸਲ ਦੇ ਮੈਂਬਰ ਵਜੋਂ, ਭਾਈ ਸਵਿੰਦਰ ਸਿੰਘ ਨੇ 'ਫੂਡ (ਖੁਰਾਕ) ਸੁਰੱਖਿਆ' ਅਤੇ 'ਇੰਟਰਫੇਥ ਕੌਂਸਲ ਰਿਲੇਸ਼ਨ' ਕਮੇਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸੂਬੇ ਦੇ ਨਿਯਮਾਂ ਅਨੁਸਾਰ, ਉਹ ਸਿੱਖ ਅਤੇ ਹੋਰ ਭਾਈਚਾਰਿਆਂ ਨਾਲ ਮਿਲ ਕੇ ਸਰਕਾਰੀ ਸਰੋਤਾਂ ਦੀ ਵੰਡ ਨੂੰ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਨਗੇ।

ਗਵਰਨਰ ਦੀ ਇੰਟਰਫੇਥ ਕੌਂਸਲ, ਧਾਰਮਿਕ ਭਾਈਚਾਰਿਆਂ ਵਿੱਚਕਾਰ ਸਮਝ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਇੱਕ ਮੰਚ ਹੈ। ਭਾਈ ਸਵਿੰਦਰ ਸਿੰਘ ਵਾਂਗ ਧਾਰਮਿਕ ਆਗੂਆਂ ਦੀ ਸ਼ਮੂਲੀਅਤ, ਮੈਰੀਲੈਂਡ ਵਿੱਚ ਏਕਤਾ ਅਤੇ ਸੇਵਾ ਪ੍ਰਤੀ ਲਗਨ ਨੂੰ ਦਰਸਾਉਂਦੀ ਹੈ।

# ਕੈਨੇਡਾ ਤੋਂ 10 ਲੱਖ ਤੋਂ ਵੱਧ ਵਿਦਿਆਰਥੀ ਪੰਜਾਬ ਵਾਪਸ ਜਾਣ ਲਈ ਮਜ਼ਬੂਰ ਹੋਣਗੇ

**• ਵਿਦੇਸ਼ਾਂ ਵਿਚ ਪੜ੍ਹਨ ਵਾਲੇ ਪੰਜਾਬੀ ਵਿਦਿਆਰਥੀਆਂ 'ਤੇ ਮੰਡਰਾ ਰਿਹਾ ਏ ਭਾਰਤ ਭੇਜਣ ਦਾ ਖਤਰਾ, • ਕੈਨੇਡਾ 'ਚ ਵੀਜ਼ੇ ਦੀ ਮਿਆਦ ਖ਼ਤਮ ਹੋਣ ਕਾਰਣ ਪੰਜਾਬੀ ਵਿਦਿਆਰਥੀ ਚਿੰਤਤ,ਕਈ ਨਸ਼ਿਆਂ ਵਿਚ ਲਗੇ**

ਸੂਬੇ ਅੰਦਰ ਵਗ ਰਹੇ ਨਸ਼ਿਆਂ ਦੇ 6ਵੇਂ ਦਰਿਆ ਤੇ ਬੇਰੁਜ਼ਗਾਰੀ ਦੀ ਝੰਬੀ ਪੰਜਾਬ ਦੀ ਨੌਜਵਾਨੀ ਵਲੋਂ ਪਿਛਲੇ 2 ਦਹਾਕਿਆਂ ਤੋਂ ਆਪਣੀ ਜਨਮ ਭੂਮੀ ਛੱਡ ਕੇ ਕੈਨੇਡਾ ਅਤੇ ਅਮਰੀਕਾ ਵਿਚ ਵੱਖ-ਵੱਖ ਤਰ੍ਹਾਂ ਦੇ ਵੀਜ਼ੇ ਰਾਹੀਂ ਪਹੁੰਚਣ ਦੀ ਲੱਗੀ ਹੋੜ ਨਾਲ ਪੰਜਾਬ ਦੇ 25 ਲੱਖ ਤੋਂ ਵੱਧ ਨੌਜਵਾਨਾਂ ਵਜੋਂ ਸਟੱਡੀ ਵੀਜ਼ੇ, ਵਰਕ ਵੀਜ਼ੇ ਲਗਵਾ ਕੇ ਆਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਆਪਣੇ ਉੱਜਵਲ ਭਵਿੱਖ ਲਈ ਸਖ਼ਤ ਮਿਹਨਤਾਂ ਕਰਕੇ ਤਰਲੋਮੱਛੀ ਹੋ ਰਹੇ ਹਨ ।ਇਸ ਦੇ ਨਾਲ ਲੱਖ ਦੀ ਗਿਣਤੀ ਵਿਚ ਪੜ੍ਹਾਈ ਵਿਚ ਥੋੜੇ ਪੱਛੜਨ ਵਾਲੇ ਨੌਜਵਾਨਾਂ ਨੂੰ ਠੱਗਣ ਵਾਲੇ ਏਜੰਟਾਂ ਵਲੋਂ ਅਜਿਹੇ ਸੁਪਨੇ ਵਿਖਾ ਕੇ ਗੈਰ-ਕਾਨੂੰਨੀ ਤਰੀਕੇ ਨਾਲ ਡੌਂਕੀ ਲਗਵਾ ਕੇ ਵਿਦੇਸ਼ਾਂ ਵਿਚ ਭੇਜਿਆ ਗਿਆ, ਜਿਨ੍ਹਾਂ ਵਿਚ ਅਮਰੀਕਾ ਵਿਚ ਪਹੁੰਚਣ ਲਈ ਲੱਖਾਂ ਨੌਜਵਾਨਾਂ ਵਲੋਂ 30 ਲੱਖ ਤੋਂ 70 ਲੱਖ ਰੁਪਏ ਆਪਣੀਆਂ ਜ਼ਮੀਨਾਂ ਜਾਇਦਾਦਾਂ ਅਤੇ ਹੋਰ ਸੰਪਤੀ ਵੇਚ ਕੇ ਖ਼ਰਚ ਕੀਤੇ ਗਏ ।



ਅਮਰੀਕਾ ਵਿਚ ਸੱਤਾ ਪਲਟੀ ਤੇ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਵਿਚ ਗੈਰ-ਕਾਨੂੰਨੀ ਰਹਿ ਰਹੇ ਲੋਕਾਂ ਦੀਆਂ ਸੂਚੀਆਂ ਬਣਵਾਉਣੀਆਂ ਸ਼ੁਰੂ ਕਰ ਦਿੱਤੀਆਂ । ਮੀਡੀਆ ਰਿਪੋਰਟਾਂ ਦੀ ਜਾਣਕਾਰੀ ਅਨੁਸਾਰ ਅਮਰੀਕਾ ਵਿਚ 15 ਲੱਖ ਤੋਂ ਵੱਧ ਲੋਕ ਗੈਰ-ਕਾਨੂੰਨੀ ਰਹਿ ਰਹੇ ਹਨ, ਜਿਨ੍ਹਾਂ ਵਿਚੋਂ ਮੈਕਸੀਕੋ ਦੇ 2 ਲੱਖ 50 ਹਜ਼ਾਰ, ਬ੍ਰਾਜ਼ੀਲ ਦੇ 38677, ਚੀਨ ਦੇ 37908, ਭਾਰਤ ਦੇ 17940, ਪਾਕਿਸਤਾਨ ਦੇ 7760, ਈਰਾਨ ਦੇ 2618, ਬੰਗਲਾਦੇਸ਼ ਦੇ 4837 ਲੋਕਾਂ ਦੀਆਂ ਸੂਚੀਆਂ ਬਣ ਚੁੱਕੀਆਂ ਹਨ ।ਭਾਰਤ ਦੇ 17,940 ਲੋਕਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਦੱਸੀ ਜਾ ਰਹੀ ਹੈ ।ਅਮਰੀਕਾ ਸਰਕਾਰ ਦੀ ਸਖ਼ਤੀ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਆਪਣੇ ਦੇਸ਼ 'ਚ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ ਹੈ ਕ ਜਿਨ੍ਹਾਂ ਵਿਚ ਪਿਛਲੇ ਹਫ਼ਤੇ 104 ਭਾਰਤੀਆਂ ਨੂੰ ਅਮਰੀਕਾ ਦੇ ਫ਼ੌਜੀ ਜਹਾਜ਼ ਰਾਹੀਂ ਅੰਮ੍ਰਿਸਰ ਦੇ ਹਵਾਈ ਅੱਡੇ 'ਤੇ ਉਤਾਰਿਆ ਗਿਆ ਹੈ। ਇਨ੍ਹਾਂ ਵਿਚ 30 ਪੰਜਾਬੀ ਸਨ।ਅਮਰੀਕਾ ਨੇ ਹੁਣ 487 ਹੋਰ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਲਈ ਹੈ। ਇਸ ਵਿਚਕਾਰ ਭਾਰਤ ਨੇ ਗੈਰ-ਕਾਨੂੰਨੀ ਭਾਰਤੀਆਂ ਦੇ ਨਾਲ ਕਿਸੇ ਵੀ ਤਰ੍ਹਾਂ ਦੇ ਦੁਰਵਿਵਹਾਰ ਦੀ ਸੰਭਾਵਨਾ ਨੂੰ ਲੈ ਕੇ ਚਿੰਤਾ ਜਤਾਈ ਹੈ।

ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਤੋਂ ਬਾਅਦ ਗੰਭੀਰ ਚਿਤਾਵਨੀ ਜਾਰੀ ਕੀਤੀ ਗਈ ਹੈ। ਅਮਰੀਕਾ ਸਮੇਤ 20 ਦੇਸ਼ਾਂ 'ਚ ਇਨ੍ਹਾਂ ਪ੍ਰਵਾਸੀਆਂ ਨੂੰ ਹੁਣ ਵੈਧ ਦਸਤਾਵੇਜ਼ਾਂ 'ਤੇ ਵੀ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਨ੍ਹਾਂ ਸਾਰਿਆਂ ਦੇ ਬਾਇਓਮੈਟ੍ਰਿਕ ਸਕੈਨ ਲਏ ਗਏ ਹਨ ਅਤੇ ਭਵਿੱਖ ਵਿੱਚ ਜੇਕਰ ਇਹ ਵਿਅਕਤੀ ਕਿਸੇ ਵੀ ਦੇਸ਼ ਦਾ ਵੀਜ਼ਾ ਅਪਲਾਈ ਕਰਦੇ ਹਨ ਤਾਂ ਉਨ੍ਹਾਂ ਨੂੰ ਰੱਦ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਦੇਸ਼ ਅਮਰੀਕਾ ਦੀਆਂ ਵੀਜ਼ਾ ਨੀਤੀ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ, ਯੂ.ਕੇ ਅਤੇ ਹੋਰ ਦੇਸ਼ ਸ਼ਾਮਲ ਹਨ।

ਪੰਜਾਬ ਦੇ ਦੋ ਦਹਾਕਿਆ ਤੋਂ ਪੰਜਾਬ ਦੀ ਤੀਜੀ ਪੀੜ੍ਹੀ ਦੇ ਮਾਪਿਆਂ ਵਲੋਂ ਨਸ਼ਿਆਂ ਦੀ ਦਲ-ਦਲ ਵਿਚ ਫਸਣ ਤੋਂ ਬਚਾਉਣ ਲਈ ਆਪਣੀਆਂ ਜ਼ਮੀਨਾਂ, ਜਾਇਦਾਦਾਂ ਅਤੇ ਗਹਿਣੇ ਵਗ਼ੈਰਾ ਵੇਚ ਕੇ ਆਪਣੇ ਕੱਚੀ ਉਮਰ ਦੇ ਬੱਚਿਆਂ ਨੂੰ 12ਵੀਂ ਪਾਸ ਕਰਵਾ ਕੇ ਵਿਦੇਸ਼ਾਂ ਵਿਚ ਪੜ੍ਹਨ ਲਈ ਭੇਜਣ ਲਈ ਮਜਬੂਰ ਹੋਣ ਪਿਆ ਸੀ । ਕੈਨੇਡਾ ਦੀ ਟਰੂਡੋ ਸਰਕਾਰ ਵਲੋਂ ਆਪਣੀਆਂ ਇਮੀਗਰੇਸ਼ਨ ਨੀਤੀਆਂ ਵਿਚ ਇਕ ਦਮ ਅਜਿਹਾ ਬਦਲਾਅ ਲਿਆਂਦਾ ਜਿਸ ਨਾਲ ਵਿਦੇਸ਼ਾਂ ਵਿਚ ਪੜ੍ਹਾਈ ਪੂਰੀ ਕਰਕੇ ਪੱਕਾ ਹੋਣ ਦੇ ਸੁਪਨੇ ਸਮੋਈ ਬੈਠੇ ਪੰਜਾਬ ਦੇ 10 ਲੱਖ ਤੋਂ ਵੱਧ ਵਿਦਿਆਰਥੀਆਂ ਦੇ ਸੁਪਨੇ ਚੂਰ-ਚੂਰ ਹੋ ਗਏ ।ਇਮੀਗ੍ਰੇਸ਼ਨ, ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ) ਅਨੁਸਾਰ ਲਗਪਗ ਸਾਰੀ ਦੁਨੀਆ ਤੋਂ ਕਰੀਬ 50,000 ਹਜ਼ਾਰ ਤੇ 19,582 ਭਾਰਤੀ ਮੂਲ ਦੇ ਵਿਦਿਆਰਥੀ ਕੈਨੇਡਾ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਲਾਪਤਾ ਹੋ ਗਏ ਹਨ। ਇਹ ਵਿਦਿਆਰਥੀ ਕਾਫੀ ਸਮੇਂ ਤੋਂ ਕਾਲਜ ਜਾਂ ਯੂਨੀਵਰਸਿਟੀਆਂ 'ਚ ਨਜ਼ਰ ਨਹੀਂ ਆਏ। ਯਾਦ ਰਹੇ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਸਰਕਾਰ ਵੱਲੋਂ ਰੀਫਿਊਜੀ ਕਲੇਮ ਕਰਨ ਵਾਲਿਆਂ ਦੀਆਂ ਅਰਜ਼ੀਆਂ ਲੈਣੀਆਂ ਵੀ ਬੰਦ ਕਰ ਦਿੱਤੀਆਂ ਹਨ।

ਦੱਸਣਯੋਗ ਹੈ ਕਿ 2025 ਦੇ ਅਖੀਰ ਤੱਕ ਕੈਨੇਡਾ ਵਿਚ ਪੜ੍ਹਨ ਵਾਲੇ 10 ਲੱਖ ਤੋਂ ਵੱਧ ਵਿਦਿਆਰਥੀਆਂ ਦੇ ਵਰਕ ਵੀਜ਼ੇ ਖ਼ਤਮ ਹੋਣ ਜਾ ਰਹੇ ਹਨ, ਜਿਨ੍ਹਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ ਹੈ, ਜਿਸ ਨਾਲ ਵੱਡੀ ਗਿਣਤੀ ਵਿਦਿਆਰਥੀ ਡਿਪਰੈਸ਼ਨ ਵਿਚ ਚੱਲ ਰਹੇ ਵਿਦਿਆਰਥੀਆਂ ਦੀ ਅਜਿਹੀ ਸਥਿਤੀ ਨੇ ਕੈਨੇਡਾ ਵਿਚ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਦਾ ਸਹਾਰਾ ਲੈਣਾ ਪੈ ਰਿਹਾ । ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਦੀਆਂ ਸਖ਼ਤ ਨੀਤੀਆਂ ਨੇ ਅਜਿਹਾ ਡਰਾਉਣਾ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਕੈਨੇਡਾ ਵਿਚ ਵੱਡੀ ਗਿਣਤੀ ਵਿਚ ਤਣਾਅ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੀ ਦਿਲ ਦਾ ਦੌਰ ਪੈਣ ਨਾਲ ਮੌਤਾਂ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ ।

ਹਾਲ ਦੀ ਘੜੀ ਇਹ ਸਿਰਫ਼ ਅੰਦਾਜ਼ੇ ਹਨ ਕਿ ਉੱਥੋਂ ਦੀ ਸਰਕਾਰ ਕਿੰਨੇ ਵਿਦਿਆਰਥੀਆਂ ਨੂੰ ਡਿਪੋਰਟ ਕਰ ਸਕਦੀ ਹੈ। ਜਿਨ੍ਹਾਂ ਦਾ ਵਰਕ ਪਰਮਿਟ ਖ਼ਤਮ ਹੋ ਚੁੱਕਿਆ ਹੈ, ਅੱਗੇ ਵਰਕ ਪਰਮਿਟ ਮਿਲਣ ਦੀ ਕੋਈ ਉਮੀਦ ਨਹੀਂ ਹੈ। ਹਾਲ ਦੀ ਘੜੀ ਸਿਰਫ਼ ਬਾਰ੍ਹਵੀਂ ਕਲਾਸ ਵਾਲਿਆਂ ਦਾ ਸਟੱਡੀ ਵੀਜ਼ਾ ਬੰਦ ਕੀਤਾ ਗਿਆ ਹੈ। ਬੈਚਲਰਜ਼, ਮਾਸਟਰਜ਼ ਡਿਗਰੀਆਂ ਅਤੇ ਪੀਐੱਚ.ਡੀ. ਵਾਲਿਆਂ ਲਈ ਇਹ ਵੀਜ਼ੇ ਖੁੱਲੇ ਹਨ। ਪੀਐੱਚਡੀ ਅਤੇ ਮਾਸਟਰ ਡਿਗਰੀ ਵਾਲਿਆਂ ਨੂੰ ਵਰਕ ਪਰਮਿਟ ਵੀ ਮਿਲ ਰਹੇ ਹਨ। ਉਨ੍ਹਾਂ ਨੂੰ ਹਾਲ ਦੀ ਘੜੀ ਥੋੜ੍ਹੇ ਸਮੇਂ ਲਈ ਸ਼ਾਇਦ ਵੋਟਾਂ ਕਰਕੇ ਰੋਕ ਜ਼ਰੂਰ ਲਗਾਈ ਗਈ ਹੈ, ਪਰ ਉਨ੍ਹਾਂ ਲੋਕਾਂ ਨੂੰ ਵਰਕ ਪਰਮਿਟ ਮਿਲਣ ਦੀ ਉਮੀਦ ਜ਼ਰੂਰ ਹੈ। ਨਿਯਮਾਂ ਮੁਤਾਬਿਕ ਚੱਲਣ ਵਾਲੇ ਵਿਦਿਆਰਥੀਆਂ ਨੂੰ ਪੀਆਰ ਵੀ ਮਿਲ ਰਹੀ ਹੈ, ਪਰ ਕਲਾਸਾਂ ਨਾ ਲਾਉਣ ਵਾਲੇ ਵਿਦਿਆਰਥੀਆਂ ਲਈ ਖ਼ਤਰਾ ਹੈ ਜਾਂ ਵਰਕ ਪਰਮਿਟ ਖ਼ਤਮ ਹੋਣ ਦੀ ਸੂਰਤ ਵਿੱਚ ਦੁਬਾਰਾ ਵਰਕ ਪਰਮਿਟ ਮਿਲਣ ਦੀ ਉਮੀਦ ਨਹੀਂ ਹੈ। ਕਈ ਵਿਦਿਆਰਥੀਆਂ ਨੇ ਹੁਣ ਰਫਿਊਜੀ ਕੇਸ ਵੀ ਲਾਏ ਹਨ। ਇਹ ਸੋਚਣਾ ਗ਼ਲਤ ਹੈ ਕਿ ਅਗਲੇ ਸਾਲ ਕੈਨੇਡਾ ਦੀਆਂ ਫੈਡਰਲ ਚੋਣਾਂ ਮਗਰੋਂ ਇਮੀਗ੍ਰੇਸ਼ਨ ਨਿਯਮਾਂ ਵਿੱਚ ਢਿੱਲ ਆ ਜਾਵੇਗੀ। ਇਸ ਲਿਬਰਲ ਸਰਕਾਰ ਨੇ ਹੀ ਅਜਿਹੇ ਨਿਯਮ ਬਣਾ ਦੇਣੇ ਹਨ ਤੇ 2027 ਤੱਕ ਇਸ ਤਰ੍ਹਾਂ ਹੀ ਚੱਲ ਸਕਦਾ ਹੈ। ਜਿਨ੍ਹਾਂ ਲੋਕਾਂ ਕੋਲ ਹਾਲੇ 2027 ਤੱਕ ਦਾ ਵਰਕ ਪਰਮਿਟ ਜਾਂ ਕੋਈ ਖ਼ਾਸ ਹੁਨਰ ਹੈ ਤਾਂ ਉਨ੍ਹਾਂ ਲਈ ਕੋਈ ਖ਼ਤਰਾ ਨਹੀਂ ਹੈ।

2025 ਤੋਂ ਬਾਅਦ ਕੈਨੇਡਾ ਸਰਕਾਰ ਵੀ ਜੇਕਰ ਅਮਰੀਕਾ ਵਰਗਾ ਰੁਖ਼ ਅਪਣਾਉਂਦੀ ਹੈ ਤਾਂ ਪੰਜਾਬ ਦੇ ਕੈਨੇਡਾ ਵਿਚ ਪੜ੍ਹਨ ਵਾਲੇ 10 ਲੱਖ ਤੋਂ ਵੱਧ ਵਿਦਿਆਰਥੀ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਸੂਬੇ ਵਿਚ ਵਾਪਸ ਆਉਣ ਲਈ ਮਜਬੂਰ ਹੋ ਜਾਣਗੇ, ਜਿਸ ਨਾਲ ਸੂਬੇ ਦੀ ਇਸ ਤੀਜੀ ਸਭ ਤੋਂ ਹੋਣਹਾਰ ਪੀੜ੍ਹੀ ਦਾ ਭਵਿੱਖ ਤਬਾਹ ਹੋ ਸਕਦਾ ਹੈ, ਜਿਸ ਨਾਲ ਸੂਬੇ ਅੰਦਰ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਇੰਨੀ ਵੱਧ ਜਾਵੇਗੀ ਕਿ ਇਸ ਸਥਿਤੀ ਨੂੰ ਸੰਭਾਲਣਾ ਸੂਬਾ ਸਰਕਾਰ ਦੇ ਵੱਸ ਤੋਂ ਬਾਹਰ ਹੋਣ ਨਾਲ ਪੰਜਾਬ ਅੰਦਰ ਭਿਆਨਕ ਸਥਿਤੀ ਬਣ ਸਕਦੀ ਹੈ । ਅਜਿਹੀ ਸਥਿਤੀ ਬਣਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਸੰਸਦ ਮੈਂਬਰਾਂ ਵਲੋਂ ਵਿਦੇਸ਼ ਮੰਤਰਾਲੇ ਨਾਲ ਮੀਟਿੰਗ ਕਰਕੇ ਇਸ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਪ੍ਰਬੰਧਾਂ ਬਾਰੇ ਵਿਚਾਰ ਚਰਚਾ ਕਰਨ ਦੀ ਵੱਡੀ ਲੋੜ ਹੈ।

ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੇ ਹਾਲਾਤ ਬਹੁਤ ਮਾੜੇ ਹਨ ਤੇ ਇਹ ਹਾਲੇ ਦੋ ਕੁ ਸਾਲ ਏਦਾਂ ਹੀ ਚੱਲਣੇ ਹਨ। ਹੁਣ ਆਉਣ ਦੀ ਸੋਚਣ ਵਾਲੇ ਦੋ ਕੁ ਸਾਲ ਰੁਕ ਜਾਣ ਅਤੇ ਪੰਜਾਬ ਰਹਿ ਕੇ ਹੀ ਕੋਈ ਡਿਗਰੀ ਜਾਂ ਕਿੱਤਾਮੁਖੀ ਕੋਰਸ ਕਰ ਲੈਣ ਤਾਂ ਬਿਹਤਰ ਹੋਵੇਗਾ।

25-30 ਲੱਖ ਲਗਾ ਕੇ ਬਿਨਾਂ ਕਿਸੇ ਨਿਸ਼ਾਨੇ ਤੋਂ ਵਿਦਿਆਰਥੀ ਕੈਨੇਡਾ ਨਾ ਜਾਣ। ਸਿਸਟਮ ਏਆਈ ਦਾ ਆ ਰਿਹਾ ਹੈ ਅਤੇ ਅਨਪੜ੍ਹ/ਅੱਧਪੜ੍ਹ ਦਾ ਇੱਥੇ ਕੋਈ ਭਵਿੱਖ ਨਹੀਂ। ਹਾਂ, ਜੇ ਕੋਈ ਕੰਮ ਵਿੱਚ ਨਿਪੁੰਨ ਹੈ, ਤਜਰਬਾ ਹੈ ਤੇ ਅੰਗਰੇਜ਼ੀ ਵਿੱਚ ਮੁਹਾਰਤ ਹੈ ਜਾਂ ਚੰਗੇ ਪੈਸੇ ਪਿੱਛੋਂ ਨਾਲ ਲਿਆ ਸਕਦਾ ਹੈ ਤਾਂ ਫਿਰ ਕੋਈ ਦਿੱਕਤ ਨਹੀਂ।

# GURDWARA AMRITPARKASH


# ਸ਼ਹੀਦੀ ਸਾਕਾ ਨਗਰ ਕੀਰਤਨ

## SUNDAY 23RD FEBRUARY 2025, 9:30AM

## SHAHIDI SAKA NAGAR KIRTAN



## NAGAR KIRTAN ROUTE 2025




**GURDWARA AMRITPARKASH**

**AMRIT SANCHAR**

**SATURDAY**

**22ND FEBRUARY, 2025**

**6:00AM**

FOR MORE INFORMATION CONTACT:

**JOGA SINGH**
**604-328-6672**
**PARMJIT SINGH**
**778-240-9784**


WINNIPEG LOCATION
NOW OPEN 9am to 9pm
#3- 1375 McPhillips St.
SABZI MANDI SUPERMARKET
Serving our Community since 2003
Ramadan Mubarak!
HOT PRICE JUMBO CAULIFLOWER ਗੋਭੀ 2.49 ea
HOT PRICE FRESH CILANTRO ਧਨੀਆਂ Bunch 2 for 99¢
HOT PRICE ROMA TOMATOES ਰੋਮਾ ਟਮੇਟਰ 69¢ /lb
HOT PRICE FRESH SPINACH ਪਾਲਕ Bunch 1.29 ea
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 6.99 ea
UNBEATABLE DEAL
TATA AGNI TEA ਟਾਟਾ ਅਤਗਨੀ ਚਾਹ 1kg 8.99 ea
FRESH BROCCOLI ਬਰੋਕੋਲੀ 1.29 /lb
PITTED DATES ਖੰਜੂਰਾਂ 680g 5.99 ea
GREEN PEPPERS ਹਰੀਆਂ ਸ਼ਿਮਲਾ ਮਿਰਚਾਂ 99¢ /lb
SHAN ROASTED VERMICELLI ਸ਼ਾਨ ਸੇਵੀਆਂ 150g 2 for 99¢
CASE LOT SALE
ROMA TOMATOES ਰੋਮਾ ਟਮੇਟਰ 25lb CASE $16 ea
FRESH GINGER ਅੰਦਰਕ 30lb $44 ea
LONG ENGLISH CUCUMBERS ਖੀਰੇ $24 ea
AMBROSIA APPLES ਐਮਬਰੋਜ਼ਾ ਸੇਬ 88¢ /lb
SHAN GINGER/GARLIC PASTE ਸ਼ਾਨ ਅੰਦਰਕ/ਲਸਣ ਪੇਸਟ 700g 4.99 ea
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 700g 5.99 ea
AASHIRVAAD ATTA ਆਸ਼ਿਰਵਾਦ ਆਟਾ 20lb 16.99 ea
ALMOND OIL ਬਦਾਮ ਤੇਲ 1L 11.99 ea
FRESH GINGER ਅੰਦਰਕ 1.59 /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
LARGE SEEDLESS ORANGES ਸੰਗਤਰੇ 99¢ /lb
LONG ENGLISH CUCUMBERS ਖੀਰੇ 2 for 1.49
RUSSET POTATOES ਆਲੂ 10lb 3.99 ea
EXTRA FANCY RED ONIONS ਲਾਲ ਗੰਢੇ 25lb 16.99 ea
FRESH ZUCCHINI ਤੋਰੀ 69¢ /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. February 21, 2025 - Wed. February 26, 2025
MasterCard VISA American Express Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.